@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Tuesday, 6 February 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 6 ਫਰਵਰੀ 2024, 21 ਮਾਘ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 67, qpatrika@gmail.com ਫੋਨ : 9971359517 www.qaumipatrika.org


## ਨਵੀਂ ਕੈਬਨਿਟ ‘ਚ ਹੋਈ ਵਿਭਾਗਾਂ ਦੀ ਵੰਡ, ਨਿਤੀਸ਼ ਕੁਮਾਰ ਨੇ ਆਪਣੇ ਕੋਲ ਰੱਖਿਆ ਗ੍ਰਹਿ ਵਿਭਾਗ

ਪਟਨਾ 5 ਫਰਵਰੀ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਸ਼ਨੀਵਾਰ ਨੂੰ ਨਵੀਂ ਕੈਬਨਿਟ ‘ਚ ਵਿਭਾਗਾਂ ਦੀ ਵੰਡ ਕਰਦੇ ਹੋਏ ਗ੍ਰਹਿ ਵਿਭਾਗ ਆਪਣੇ ਕੋਲ ਰੱਖਿਆ, ਜਦੋਂ ਕਿ ਵਿੱਤ ਵਿਭਾਗ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਦਿੱਤਾ ਹੈ। ਇਕ



ਨੋਟੀਫਿਕੇਸ਼ਨ ਅਨੁਸਾਰ, ਉੱਪ ਮੁੱਖ ਮੰਤਰੀ ਸਮਰਾਟ ਚੌਧਰੀ ਨੂੰ ਵਿੱਤ ਵਿਭਾਗ ਦਾ ਚਾਰਜ ਸੌਂਪਿਆ ਗਿਆ ਹੈ। ਭਾਜਪਾ ਨੇ ਜਦੋਂ ਵੀ ਜਨਤਾ ਦਲ (ਯੂਨਾਈਟੇਡ) ਦੇ ਪ੍ਰਧਾਨ ਨਿਤੀਸ਼ ਕੁਮਾਰ ਨਾਲ ਸੱਤਾ ਸਾਂਝੀ ਕੀਤੀ ਹੈ ਤਾਂ ਉਸ ਨੂੰ ਹਮੇਸ਼ਾ ਵਿੱਤ ਵਿਭਾਗ ਮਿਲਿਆ ਹੈ। ਇਸ ‘ਚ ਕਿਹਾ ਗਿਆ ਹੈ ਕਿ ਉੱਪ ਮੁੱਖ ਮੰਤਰੀ ਵਿਜੇ ਕੁਮਾਰ ਸਿਨਹਾ ਨੂੰ ਖੇਤੀਬਾੜੀ ਅਤੇ ਸੜਕ ਨਿਰਮਾਣ ਦਾ ਅਹਿਮ ਚਾਰਜ ਸੌਂਪਿਆ ਗਿਆ ਹੈ।

## ‘ਸਬਕਾ ਸਾਥ, ਸਬਕਾ ਵਿਕਾਸ’ ਨਾਅਰਾ ਲਾਉਣ ਵਾਲੀ ਭਾਜਪਾ ਨੇ ਕਰ ‘ਤਾ ਸਾਰਿਆਂ ਦਾ ਸਤਿਆਨਾਸ਼: ਖੜਗੇ

ਨੈਸ਼ਨਲ ਡੈਸਕ 5 ਫਰਵਰੀ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ‘ਤੇ ਨੌਜਵਾਨਾਂ, ਮਹਿਲਾਵਾਂ, ਕਿਸਾਨਾਂ ਅਤੇ ਗਰੀਬਾਂ ਨੂੰ ਧੋਖਾ ਦੇਣ ਦਾ ਦੋਸ਼ ਲਾਇਆ ਅਤੇ ਦਾਅਵਾ ਕੀਤਾ ਕਿ ਭਾਵੇਂ ‘ਸਬਕਾ ਸਾਥ, ਸਬਕਾ ਵਿਕਾਸ’ ਦਾ ਨਾਅਰਾ ਦਿੱਤਾ ਹੋਵੇ ਪਰ ‘ਸਾਰਿਆਂ ਦਾ ਸਤਿਆਨਾਸ਼’ ਕੀਤਾ ਗਿਆ ਹੈ। ਉਨ੍ਹਾਂ ਇਥੇ ‘ਨਿਆਂ ਸੰਕਲਪ ਸੰਮੇਲਨ’ ਵਿੱਚ ਕਾਂਗਰਸ ਵਰਕਰਾਂ ਨੂੰ ਸੱਦਾ ਦਿੱਤਾ ਕਿ ਉਹ ਨਿਆਂ ਲਈ ਲੜਾਈ ਵਿੱਚ ਰਾਹੁਲ ਗਾਂਧੀ ਦਾ ਸਾਥ ਦੇਣ। ਖੜਗੇ ਨੇ ਇਹ ਵੀ ਦਾਅਵਾ ਕੀਤਾ ਕਿ ਝਾਰਖੰਡ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਝਾਰਖੰਡ ਮੁਕਤੀ ਮੋਰਚਾ ਅਤੇ ਕਾਂਗਰਸ ਦੇ ਵਿਧਾਇਕਾਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਪਰ ਇਹ ਸਫਲ ਨਹੀਂ ਹੋ ਸਕੀ ਕਿਉਂਕਿ ਸਾਰੇ ਵਿਧਾਇਕ ਡਟੇ ਰਹੇ। ਉਨ੍ਹਾਂ ਦੋਸ ਲਾਇਆ, “ਇਹ ਲੋਕ (ਭਾਜਪਾ) ਕਹਿੰਦੇ ਹਨ ਕਿ ਭਾਜਪਾ ਸਿਧਾਂਤਾਂ ਦੀ ਪਾਰਟੀ ਹੈ। ਇਹ ਕਿਸ ਤਰ੍ਹਾਂ ਦਾ ਸਿਧਾਂਤ ਹੈ? ਜਦੋਂ ਇਹ ਲੋਕ ਜਿਸ ਨੂੰ ਪਹਿਲਾਂ ਭ੍ਰਿਸਟ ਕਹਿੰਦੇ ਹਨ ਅਤੇ ਜੇਲ੍ਹ ਵਿੱਚ ਡੱਕਦੇ ਹਨ, ਉਹ ਭਾਜਪਾ ਵਿੱਚ ਸਾਮਲ ਹੋ ਜਾਂਦਾ ਹੈ, ਉਹ ਸਾਫ ਹੋ ਜਾਂਦਾ ਹੈ। ਅਜਿਹਾ ਇਸ ਲਈ ਹੁੰਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸਾਹ ਕੋਲ ਬਹੁਤ ਵੱਡੀ ਵਾਸ਼ਿੰਗ ਮਸੀਨ ਹੈ।

# ਐੱਨ. ਆਰ. ਆਈਜ. ਮਿਲਣੀ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਆਖੀਆਂ ਵੱਡੀਆਂ ਗੱਲਾਂ

ਸਿੰਮੀ ਕੌਰ ਬੱਬਰ

ਚਮਰੋੜ ਪੱਤਣ/ਪਠਾਨਕੋਟ 5 ਫਰਵਰੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਵਿਸਵ ਭਰ ’ਚ ਵਸਦੇ ਐੱਨ. ਆਰ. ਆਈ. ਭਾਈਚਾਰੇ ਨੂੰ ਪੰਜਾਬ ਦੇ ਅਰਥਚਾਰੇ ਨੂੰ ਦੁਨੀਆ ਦੇ ਮੋਹਰੀ ਸੂਬੇ ਵਜੋਂ ਉਭਾਰਨ ਲਈ ਉਨ੍ਹਾਂ ਨੂੰ ਖੁੱਲ੍ਹੇ ਦਿਲ ਨਾਲ ਸਹਿਯੋਗ ਦੇਣ ਦਾ ਸੱਦਾ ਦਿੱਤਾ। ਇੱਥੇ ‘ਐੱਨ. ਆਰ. ਆਈ. ਮਿਲਣੀ’ ਦੌਰਾਨ ਪਰਵਾਸੀ ਪੰਜਾਬੀ ਭਾਈਚਾਰੇ ਦੇ ਵਿਸਾਲ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਐੱਨ. ਆਰ. ਆਈ. ਨੂੰ ਅਫਸਰਸ਼ਾਹੀ ਦੇ ਹੱਥੋਂ ਜ਼ਲਾਲਤ ਸਹਿਣੀ ਪੈਂਦੀ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਦੋਂ ਤੋਂ ਉਨ੍ਹਾਂ ਨੇ ਅਹੁਦਾ ਸੰਭਾਲਿਆ ਹੈ, ਪਰਵਾਸੀ ਭਾਰਤੀਆਂ ਦੀ ਭਲਾਈ ਲਈ ਬਹੁਤ ਸਾਰੀਆਂ ਪਹਿਲਕਦਮੀਆਂ ਕੀਤੀਆਂ ਗਈਆਂ ਹਨ ਅਤੇ ਸੂਬੇ ’ਚ ਨਵਾਂ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਤਾਂ ਅਜੇ ਸਿਰਫ ਸੁਰੂਆਤ ਹੈ ਕਿਉਂਕਿ ਪਰਵਾਸੀ ਭਾਰਤੀਆਂ ਦਾ ਮਾਣ ਬਹਾਲ ਕਰਨ ਲਈ ਬਹੁਤ ਸਾਰੇ ਹੋਰ ਲੀਹੋਂ ਹਟਵੇਂ ਕਦਮ ਚੁੱਕੇ ਜਾ ਰਹੇ ਹਨ। ਮੁੱਖ ਮੰਤਰੀ ਨੇ ਕਿਹਾ,“ਮੈਂ ਇਕ ਸਧਾਰਨ ਪਰਿਵਾਰ ’ਚ ਜੰਮਿਆ-ਪਲਿਆ ਹਾਂ ਜਿਸ ਕਰਕੇ ਜਮੀਨੀ ਪੱਧਰ ’ਤੇ ਚੰਗੀ ਤਰ੍ਹਾਂ ਜੁੜਿਆ ਹੋਇਆ ਹਾਂ, ਇਸ ਲਈ ਮੈਂ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਦਰਪੇਸ ਸਮੱਸਿਆਵਾਂ ਤੋਂ ਭਲੀ-ਭਾਂਤ ਜਾਣੂੰ ਹਾਂ। ਮੈਂ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਹਰ ਸਮੱਸਿਆ ਦਾ ਹੱਲ ਕੀਤਾ ਜਾਵੇਗਾ ਅਤੇ ਸੂਬਾ ਸਰਕਾਰ ਹੁਣ ਹਰੇਕ ਨਾਗਰਿਕ ਦੀ ਜਾਇਜ਼ ਸਮੱਸਿਆ ਦੇ ਹੱਲ ਲਈ ਉਨ੍ਹਾਂ ਦੀ ਸੇਵਾ ’ਚ ਹਾਜ਼ਰ ਹੈ। ਅਸੀਂ ਸੂਬੇ ਦੀ ਤਰੱਕੀ ਅਤੇ ਖੁਸਹਾਲੀ ਲਈ ਵਚਨਬੱਧ ਹਾਂ।” ਮੁੱਖ ਮੰਤਰੀ ਨੇ ਕਿਹਾ ਕਿ ਉਹ ਸੂਬੇ ’ਚ ਵਿਦੇਸੀ ਨਿਵੇਸ ਨੂੰ ਵਧਾਉਣ ਲਈ ਕਈ ਰਾਜਦੂਤਾਂ ਅਤੇ ਕੂਟਨੀਤਿਕਾਂ ਨੂੰ ਮਿਲੇ ਹਨ। ਉਨ੍ਹਾਂ ਕਿਹਾ ਕਿ ਇਸ ਦਾ ਇੱਕੋ ਇੱਕ ਮਕਸਦ ਸੂਬੇ ਦੇ ਵਿਕਾਸ ਨੂੰ ਹੁਲਾਰਾ ਦੇਣਾ ਹੈ ਤਾਂ ਜੋ ਲੋਕਾਂ ਨੂੰ ਇਸ ਦਾ ਭਰਪੂਰ ਲਾਭ ਮਿਲ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਉਣ ਵਾਲੇ ਸਮੇਂ ’ਚ ਪੰਜਾਬ ਸੈਰ ਸਪਾਟਾ ਉਦਯੋਗ ਦੇ ਧੁਰੇ ਵਜੋਂ ਉਭਰੇਗਾ ਕਿਉਂਕਿ ਅਜਿਹੇ ਯਤਨਾਂ ਨੂੰ ਫਲ ਜਰੂਰ ਮਿਲੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀ ਸਰਕਾਰ ਦੌਰਾਨ ਕਰਵਾਏ ਗਏ ਐੱਨ. ਆਰ. ਆਈ. ਸੰਮੇਲਨ ਮਹਿਜ ਧੋਖਾ ਸਨ ਕਿਉਂਕਿ ਇਸ ’ਚੋਂ ਕੁਝ ਵੀ ਸਾਰਥਿਕ ਢੰਗ ਨਾਲ ਸਾਹਮਣੇ ਨਹੀਂ ਆਇਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸੂਬੇ ਦਾ ਅਮੀਰ ਸੱਭਿਆਚਾਰਕ ਵਿਰਸਾ ਲੋਕਾਂ ਨੂੰ ਦਿਖਾਉਣ ਲਈ ਰਮਣੀਕ ਅਤੇ ਕੁਦਰਤੀ ਸੁੰਦਰਤਾ ਨਾਲ ਲਬਰੇਜ਼ ਇਸ ਸਥਾਨ ’ਤੇ ਇਹ ਸਮਾਗਮ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਪਰਵਾਸੀ ਭਾਰਤੀਆਂ ਨੂੰ ਇਸ ਦੀ ਤਰੱਕੀ ਅਤੇ ਖੁਸਹਾਲੀ ਲਈ ਖੁੱਲ੍ਹੇ ਦਿਲ ਨਾਲ ਯੋਗਦਾਨ ਪਾਉਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕਿਹਾ,“ਪੰਜਾਬ ਬਰਕਤ



ਵਾਲੀ ਧਰਤੀ ਹੈ, ਜਿੱਥੇ ਕਣਕ ਅਤੇ ਝੋਨੇ ਦੀ ਏਨੀ ਜ਼ਿਆਦਾ ਪੈਦਾਵਾਰ ਹੁੰਦੀ ਹੈ ਕਿ ਦੇਸ ਨੂੰ ਅਨਾਜ ਉਤਪਾਦਨ ’ਚ ਆਤਮ ਨਿਰਭਰ ਬਣਾਇਆ ਜਾ ਸਕਿਆ। ਇਹ ਬੜੇ ਦੁੱਖ ਦੀ ਗੱਲ ਹੈ ਕਿ ਪਹਿਲਾਂ ਵਾਲੇ ਆਗੂਆਂ ਨੇ ਸੂਬੇ ਦਾ ਸਰਮਾਇਆ ਲੁੱਟਿਆ ਜਿਸ ਕਾਰਨ ਸੂਬਾ ਤਰੱਕੀ ਅਤੇ ਖੁਸਹਾਲੀ ’ਚ ਪਛੜ ਗਿਆ ਹੈ। ਹੁਣ ਪੰਜਾਬ ਨੂੰ ਹਰ ਖੇਤਰ ’ਚ ਦੇਸ ਦਾ ਮੋਹਰੀ ਸੂਬਾ ਬਣਾਉਣ ਲਈ ਸਿਰਤੋੜ ਯਤਨ ਕੀਤੇ ਜਾ ਰਹੇ ਹਨ।” ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਕਿਸੇ ਵੀ ਵਿਅਕਤੀ ਖਾਸ ਕਰਕੇ ਕੇਂਦਰ ’ਚ ਸੱਤਾਧਾਰੀ ਲੋਕਾਂ ਤੋਂ ਦੇਸ ਭਗਤੀ ਦਾ ਐੱਨ. ਓ. ਸੀ. ਦੀ ਲੋੜ ਨਹੀਂ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਗਣਤੰਤਰ ਦਿਵਸ ਦੀ ਪਰੇਡ ਦੌਰਾਨ ਸੂਬੇ ਦੀਆਂ ਝਾਕੀਆਂ ਨੂੰ ਰੱਦ ਕਰ ਦਿੱਤਾ ਸੀ, ਭਾਵੇਂ ਕਿ ਆਜਾਦੀ ਦੇ ਸੰਘਰਸ ਲਈ 90 ਫੀਸਦੀ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਨਾਲ ਮਤਰੇਈ ਮਾਂ ਵਾਲਾ ਸਲੂਕ ਅਸਹਿਣਯੋਗ ਹੈ ਕਿਉਂਕਿ ਉਨ੍ਹਾਂ ਨੂੰ ਸੂਬੇ ’ਚ ਦੇਸ ਭਗਤੀ ਅਤੇ ਰਾਸਟਰਵਾਦ ਨੂੰ ਦਰਸਾਉਂਦੀਆਂ ਝਾਕੀਆਂ ਨੂੰ ਰੱਦ ਕਰਨ ਦਾ ਕੋਈ ਹੱਕ ਨਹੀਂ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀਆਂ ਨੇ ਜਾਤ, ਰੰਗ, ਨਸਲ ਅਤੇ ਭੂਗੋਲਿਕ ਪੱਧਰ ਤੋਂ ਉਪਰ ਉਠ ਕੇ ਪਰਮਾਤਮਾ ਦੀ ਬਖਸ਼ਿਸ ਸਦਕਾ ਜੀਵਨ ਦੇ ਹਰੇਕ ਖੇਤਰ ’ਚ ਆਪਣੀ ਕਾਬਲੀਅਤ ਦਾ ਸਬੂਤ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੁਨੀਆਂ ਭਰ ’ਚ ਸਾਇਦ ਪੰਜਾਬੀ ਹੀ ਅਜਿਹਾ ਭਾਈਚਾਰਾ ਹੈ ਜੋ ਆਪਣੀ ਮਿਹਨਤ, ਇਮਾਨਦਾਰੀ ਅਤੇ ਵਚਨਬੱਧਤਾ ਦੇ ਬਲਬੂਤੇ ਕੋਈ ਵੀ ਔਖਾ ਤੋਂ ਔਖਾ ਕੰਮ ਕਰ ਸਕਦਾ ਹੈ।

## ਉੱਤਰਾਖੰਡ ਕੈਬਨਿਟ ਨੇ ਯੂ. ਸੀ. ਸੀ. ਨੂੰ ਦਿੱਤੀ ਮਨਜੂਰੀ

ਨੈਸਨਲ ਡੈਸਕ 5 ਫਰਵਰੀ। ਉੱਤਰਾਖੰਡ ਸਰਕਾਰ ਦੀ ਐਤਵਾਰ ਨੂੰ ਹੋਈ ਕੈਬਨਿਟ ਮੀਟਿੰਗ ਵਿੱਚ ਯੂਨੀਫਾਰਮ ਸਿਵਲ ਕੋਡ (ਯੂ. ਸੀ. ਸੀ.) ਨੂੰ ਮਨਜੂਰੀ ਦੇ ਦਿੱਤੀ ਗਈ ਹੈ। ਮੀਟਿੰਗ ਵਿੱਚ ਮੁੱਖ ਮੰਤਰੀ ਪੁਸਕਰ ਸਿੰਘ ਧਾਮੀ ਅਤੇ ਹੋਰ ਮੰਤਰੀਆਂ ਨੇ ਯੂ.ਸੀ.ਸੀ. ਸਨੀਵਾਰ ਨੂੰ ਧਾਮੀ ਨੇ ਯੂ.ਸੀ.ਸੀ. ‘ਤੇ ਚਰਚਾ ਕਰਨ ਲਈ ਕੈਬਨਿਟ ਦੀ ਬੈਠਕ ਬੁਲਾਈ ਸੀ, ਪਰ ਇਸ ‘ਤੇ ਚਰਚਾ ਨਹੀਂ ਹੋ ਸਕੀ। ਮੁੱਖ ਮੰਤਰੀ ਨਿਵਾਸ ‘ਤੇ ਸਾਮ 6 ਵਜੇ ਮੰਤਰੀ ਮੰਡਲ ਦੀ ਮੀਟਿੰਗ ਬੁਲਾਈ ਗਈ, ਜਿਸ ਵਿੱਚ ਯੂ.ਸੀ.ਸੀ. ਦਾ ਡਰਾਫਟ ਪੇਸ ਕੀਤਾ ਗਿਆ। ਮੁੱਖ ਮੰਤਰੀ ਪੁਸਕਰ ਸਿੰਘ ਧਾਮੀ ਨੇ ਕੈਬਨਿਟ ਦੇ ਮੰਤਰੀਆਂ ਨਾਲ ਬਿੱਲ ‘ਤੇ ਚਰਚਾ ਕੀਤੀ। ਯੂ.ਸੀ.ਸੀ. ਬਿੱਲ ਨੂੰ 6 ਫਰਵਰੀ ਨੂੰ ਵਿਧਾਨ ਸਭਾ ਸੈਸਨ ਵਿੱਚ ਪੇਸ ਕੀਤਾ ਜਾਵੇਗਾ। ਪਾਸ ਹੋਣ ਤੋਂ ਬਾਅਦ ਇਸ ਨੂੰ ਉੱਤਰਾਖੰਡ ਵਿੱਚ ਲਾਗੂ ਕੀਤਾ ਜਾਵੇਗਾ। 2 ਫਰਵਰੀ ਨੂੰ ਉੱਤਰਾਖੰਡ ਯੂ.ਸੀ.ਸੀ. ਦਾ ਡਰਾਫਟ ਸੀ.ਐੱਮ. ਪੁਸਕਰ ਸਿੰਘ ਧਾਮੀ ਨੂੰ ਸੌਂਪਿਆ ਗਿਆ ਸੀ। ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਰੰਜਨਾ ਪ੍ਰਕਾਸ ਦੇਸਾਈ ਦੀ ਅਗਵਾਈ ਵਾਲੀ ਯੂਸੀਸੀ ਡਰਾਫਟ ਕਮੇਟੀ ਨੇ ਸੁੱਕਰਵਾਰ ਨੂੰ ਮੁੱਖ ਮੰਤਰੀ ਧਾਮੀ ਨੂੰ ਖਰੜਾ ਸੌਂਪਿਆ ਸੀ। ਸੂਬੇ ਦੇ ਸਾਰੇ ਭਾਈਚਾਰਿਆਂ ਲਈ ਇਕਸਾਰ ਸਿਵਲ ਕਾਨੂੰਨ ਦਾ ਪ੍ਰਸਤਾਵ ਕਰਦਾ ਹੈ। ਉੱਤਰਾਖੰਡ ਦੇ ਮੁੱਖ ਮੰਤਰੀ ਪੁਸਕਰ ਸਿੰਘ ਧਾਮੀ ਨੇ ਸੁੱਕਰਵਾਰ ਨੂੰ ਕਿਹਾ ਸੀ ਕਿ ਯੂਨੀਫਾਰਮ ਸਿਵਲ ਕੋਡ (ਯੂ.ਸੀ.ਸੀ.) ਦੇ ਡਰਾਫਟ ‘ਤੇ ਚਰਚਾ ਕਰਨ ਲਈ ਵਿਧਾਨ ਸਭਾ ਦਾ ਵਿਸੇਸ ਸੈਸਨ ਬੁਲਾਇਆ ਗਿਆ ਹੈ। ਕਮੇਟੀ ਨੇ ਚਾਰ ਬਲਾਕ ਵਿੱਚ ਡਰਾਫਟ ਯੂ.ਸੀ.ਸੀ. ਦੇ ਨਾਲ ਲਗਭਗ 749 ਪੰਨਿਆਂ ਦੀ ਰਿਪੋਰਟ ਪੇਸ ਕੀਤੀ। ਇਸ ਨੂੰ 6 ਫਰਵਰੀ ਨੂੰ ਵਿਧਾਨ ਸਭਾ ਵਿੱਚ ਚਰਚਾ ਲਈ ਪੇਸ ਕੀਤਾ ਜਾਵੇਗਾ।

## ਉੱਤਰ ਪ੍ਰਦੇਸ਼ ਸਰਕਾਰ ਨੇ ਪੇਸ਼ ਕੀਤਾ ਬਜਟ

ਲਖਨਊ 5 ਫਰਵਰੀ। ਉੱਤਰ ਪ੍ਰਦੇਸ਼ ਸਰਕਾਰ ਨੇ ਵਿੱਤ ਸਾਲ 2024-25 ਲਈ ਰਾਜ ਦੇ ਬਜਟ ਦਾ ਆਕਾਰ ਵਧਾ ਕੇ 7,36,437 ਕਰੋੜ ਰੁਪਏ ਕਰ ਦਿੱਤਾ ਹੈ। ਇਸ ‘ਚ 24,863.57 ਕਰੋੜ ਰੁਪਏ ਦੀਆਂ ਨਵੀਆਂ ਯੋਜਨਾਵਾਂ ਸ਼ਾਮਲ ਹਨ। ਰਾਜ ਦੇ ਵਿੱਤ ਮੰਤਰੀ ਸੁਰੇਸ਼ ਕੁਮਾਰ ਖੰਨਾ ਨੇ ਸੋਮਵਾਰ ਨੂੰ ਵਿਧਾਨ ਸਭਾ ‘ਚ ਬਜਟ ਪੇਸ਼ ਕੀਤਾ। ਇਹ ਰਾਜ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਬਜਟ ਹੈ। ਵਿੱਤ ਸਾਲ 2023-24 ਲਈ ਰਾਜ ਦੇ ਬਜਟ ਦਾ ਆਕਾਰ 6.90 ਲੱਖ ਕਰੋੜ ਰੁਪਏ ਸੀ, ਜਿਸ ‘ਚ 32,721 ਕਰੋੜ ਰੁਪਏ ਦੀਆਂ ਨਵੀਆਂ ਯੋਜਨਾਵਾਂ ਸ਼ਾਮਲ ਸਨ। ਵਿੱਤ ਸਾਲ 2024-25 ਬਜਟ ‘ਚ ਕੁੱਲ ਪ੍ਰਾਪਤੀਆਂ 7,21,233.82 ਕਰੋੜ ਰੁਪਏ ਰਹਿਣ ਦਾ ਅਨੁਮਾਨ ਲਗਾਇਆ ਗਿਆ ਹੈ। ਇਸ ‘ਚ ਕੁੱਲ 6,06,802.40 ਕਰੋੜ ਰੁਪਏ ਦੀਆਂ ਮਾਲੀਆ ਪ੍ਰਾਪਤੀਆਂ ਅਤੇ 1,14,531.42 ਕਰੋੜ ਰੁਪਏ ਦੀਆਂ ਪੂੰਜੀਗਤ ਪ੍ਰਾਪਤੀਆਂ ਸ਼ਾਮਲ ਹਨ। ਮਾਲੀਆ ਪ੍ਰਾਪਤੀਆਂ ‘ਚ ਟੈਕਸ ਇਕੱਠ ਦਾ ਹਿੱਸਾ 4,88,902.84 ਕਰੋੜ ਰੁਪਏ ਅਨੁਮਾਨਤ ਹੈ, ਜਿਸ ‘ਚ ਰਾਜ ਦਾ ਆਪਣਾ ਟੈਕਸ ਮਾਲੀਆ 2,70,086 ਕਰੋੜ ਰੁਪਏ ਅਤੇ ਕੇਂਦਰੀ ਟੈਕਸ ‘ਚ ਇਸ ਦਾ ਹਿੱਸਾ 2,18,816.84 ਕਰੋੜ ਰੁਪਏ ਸ਼ਾਮਲ ਹੈ। ਕੁੱਲ ਖਰਚ 7,36,437.71 ਕਰੋੜ ਰੁਪਏ ਅਨੁਮਾਨਤ ਹੈ। ਕੁੱਲ ਖਰਚ ‘ਚੋਂ 5,32,655.33 ਕਰੋੜ ਰੁਪਏ ਮਾਲੀਆ ਖਾਤੇ ਲਈ ਅਤੇ 2,03,782.38 ਕਰੋੜ ਰੁਪਏ ਪੂੰਜੀ ਖਾਤੇ ਲਈ ਅਲਾਟ ਕੀਤੇ ਗਏ ਹਨ। ਸਮੇਕਿਤ ਫੰਡ ਦੀਆਂ ਪ੍ਰਾਪਤੀਆਂ ਤੋਂ ਕੁੱਲ ਖਰਚ ਘਟਾਉਣ ਤੋਂ ਬਾਅਦ ਬਜਟ ‘ਚ 15,103.89 ਕਰੋੜ ਰੁਪਏ ਦੇ ਘਾਟੇ ਦਾ ਅਨੁਮਾਨ ਹੈ। ਬਜਟ ‘ਚ ਵਿੱਤੀ ਘਾਟਾ 86,530.51 ਕਰੋੜ ਰੁਪਏ ਅਨੁਮਾਨਤ ਹੈ, ਜੋ ਸਾਲ ਲਈ ਅਨੁਮਾਨਤ ਸਕਲ ਰਾਜ ਘਰੇਲੂ ਉਤਪਾਦ ਦਾ 3.46 ਫੀਸਦੀ ਹੈ। ਖੰਨਾ ਨੇ ਕਿਹਾ ਕਿ ਬੇਸਹਾਰਾ ਮਹਿਲਾ ਪੈਨਸ਼ਨ ਯੋਜਨਾ ਦੇ ਅਧੀਨ ਯੋਗ ਲਾਭਪਾਤਰੀਆਂ ਨੂੰ ਦੇਣ ਯੋਗ ਧਨਰਾਸ਼ੀ 500 ਰੁਪਏ ਹਰ ਮਹੀਨੇ ਤੋਂ ਵਧਾ ਕੇ 1,000 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ।




# ਇਲੈਕਟ੍ਰਿਕ ਵਾਹਨ ਪ੍ਰਣਾਲੀ ਦਾ ਪਸਾਰ ਕਰੇਗੀ ਸਰਕਾਰ, ਨੌਕਰਸਾਹਾਂ ਦੀ ਸਿਖਲਾਈ ਲਈ 312 ਕਰੋੜ

ਨਵੀਂ ਦਿੱਲੀ 5 ਫਰਵਰੀ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਵੀਰਵਾਰ ਨੂੰ ਸੰਸਦ 'ਚ ਅੰਤਰਿਮ ਬਜਟ ਪੇਸ਼ ਕਰਦੇ ਹੋਏ ਕਿਹਾ ਕਿ ਸਰਕਾਰ ਚਾਰਜਿੰਗ ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਣ ਲਈ ਇਲੈਕਟ੍ਰਿਕ ਵਾਹਨ (ਈ. ਵੀ.) ਸਿਸਟਮ ਦਾ ਪਸਾਰ ਕਰੇਗੀ ਅਤੇ ਜਨਤਕ ਟਰਾਂਸਪੋਰਟ ਨੈੱਟਵਰਕ ਲਈ ਈ-ਬੱਸਾਂ ਨੂੰ ਉਤਸਾਹਿਤ ਕੀਤਾ ਜਾਵੇਗਾ। ਸੀਤਾਰਾਮਨ ਨੇ ਕਿਹਾ ਕਿ ਕੰਪਰੈੱਸਡ ਬਾਇਓ-ਗੈਸ ਦੀ ਆਵਾਜਾਈ ਲਈ ਸੀ. ਐੱਨ. ਜੀ. ਅਤੇ ਪਾਈਪ ਵਾਲੀ ਕੁਦਰਤੀ ਗੈਸ 'ਚ ਮਿਲਾਉਣਾ ਲਾਜਮੀ ਹੋਵੇਗਾ। ਉਨ੍ਹਾਂ ਕਿਹਾ ਕਿ ਭਾਰਤ ਦੀ ਆਰਥਿਕ ਤਾਕਤ ਨੇ ਦੇਸ ਨੂੰ ਵਪਾਰ ਅਤੇ ਸੈਰ-ਸਪਾਟੇ ਲਈ ਇੱਕ ਦਿਲਖਿਚਵੀਂ ਥਾਂ ਬਣਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੈਰ-ਸਪਾਟੇ ਦੇ ਖੇਤਰ ਵਿੱਚ ਅਥਾਹ ਮੌਕੇ ਹਨ। ਉਨ੍ਹਾਂ ਵਾਅਦਾ ਕੀਤਾ ਕਿ ਸਰਕਾਰ ਵਿਦੇਸੀ ਸੈਲਾਨੀਆਂ ਨੂੰ ਖਿਚਿਣ ਲਈ ਪ੍ਰਸਿੱਧ ਸੈਲਾਨੀ ਕੇਂਦਰ ਵਿਕਸਤ ਕਰੇਗੀ। ਨੌਕਰਸਾਹਾਂ ਦੀ ਸਿਖਲਾਈ ਲਈ 312 ਕਰੋੜ : ਭਾਰਤ ਅਤੇ ਵਿਦੇਸਾਂ ਵਿੱਚ ਸਰਕਾਰੀ ਮੁਲਾਜਮਾਂ ਤੇ ਨੌਕਰਸਾਹਾਂ ਦੀ ਜਰੂਰੀ ਸਿਖਲਾਈ ਦੇ ਬੁਨਿਆਦੀ ਢਾਂਚੇ ਨੂੰ ਵਧਾਉਣ ਲਈ ਅਮਲਾ ਮੰਤਰਾਲੇ ਨੂੰ 312 ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਸਾਲ 2024-25 ਲਈ ਕੁੱਲ 312 ਕਰੋੜ ਰੁਪਏ ਦੇ ਖਰਚੇ ਵਿੱਚੋਂ 105.31 ਕਰੋੜ ਰੁਪਏ ਟ੍ਰੇਨਿੰਗ ਡਿਵੀਜਨ, ਇੰਸਟੀਚਿਊਟ ਆਫ ਸਕੱਤਰੇਤ ਟਰੇਨਿੰਗ ਐਂਡ ਮੈਨੇਜਮੈਂਟ ਅਤੇ ਲਾਲ ਬਹਾਦਰ ਸਾਸਤਰੀ ਨੈਸਨਲ ਅਕੈਡਮੀ ਆਫ ਐਡਮਿਨਿਸਟ੍ਰੇਸਨ ਲਈ ਸਥਾਪਨਾ ਸਬੰਧੀ ਖਰਚਿਆਂ ਨੂੰ ਪੂਰਾ ਕਰਨ ਲਈ 120.56 ਕਰੋੜ ਰੁਪਏ ਸਿਖਲਾਈ ਯੋਜਨਾ ਲਈ ਅਤੇ 86.13 ਕਰੋੜ ਰੁਪਏ 'ਰਾਸਟਰੀ ਸਿਵਲ ਸੇਵਾ ਸਮਰੱਥਾ ਨਿਰਮਾਣ ਪ੍ਰੋਗਰਾਮ' ਜਾਂ 'ਮਿਸਨ ਕਰਮਯੋਗੀ' ਲਈ ਹਨ। ਪ੍ਰਸਾਸਨਿਕ ਸੁਧਾਰਾਂ ਲਈ 10 ਕਰੋੜ ਰੁਪਏ ਰੱਖੇ ਗਏ ਹਨ। ਮਿਸਨ ਕਰਮਯੋਗੀ ਨੂੰ ਸਭ ਤੋਂ ਵੱਡੀ ਨੌਕਰਸਾਹੀ ਸੁਧਾਰ ਪਹਿਲਕਦਮੀ ਕਿਹਾ ਜਾ ਰਿਹਾ ਹੈ, ਜਿਸ ਦਾ ਮੰਤਵ ਸਰਕਾਰੀ ਕਰਮਚਾਰੀਆਂ ਨੂੰ ਹੋਰ ਉਸਾਰੂ, ਸਰਗਰਮ, ਪੇਸੇਵਰ ਅਤੇ ਟੈਕਨਾਲੋਜੀ ਦੇ ਸਮਰੱਥ ਬਣਾਉਣਾ ਹੈ। ਸੀਤਾਰਾਮਨ ਨੇ ਐਲਾਨ ਕੀਤਾ ਕਿ ਉੱਭਰ ਰਹੇ ਖੇਤਰਾਂ ਵਿੱਚ ਨਿੱਜੀ ਖੇਤਰ ਦੀ ਖੋਜ ਕਰਨ ਅਤੇ ਨਵੀਨਤਾ ਵਾਲੇ ਯਤਨਾਂ ਨੂੰ ਉਤਸਾਹਿਤ ਕਰਨ ਲਈ ਇੱਕ ਲੱਖ ਕਰੋੜ ਰੁਪਏ ਦਾ ਫੰਡ ਬਣਾਇਆ ਜਾਵੇਗਾ। ਇਸ ਵਿੱਚ 50 ਸਾਲਾਂ ਦਾ ਵਿਆਜ ਮੁਕਤ



ਕਰਜਾ ਦਿੱਤਾ ਜਾਵੇਗਾ। ਇਹ ਨਿੱਜੀ ਖੇਤਰ ਨੂੰ ਖੋਜ ਅਤੇ ਨਵੀਨਤਾ ਵਾਲੀਆਂ ਪਹਿਲਕਦਮੀਆਂ ਲਈ ਉਤਸਾਹਿਤ ਕਰੇਗਾ, ਖਾਸ ਕਰ ਕੇ ਉੱਭਰ ਰਹੇ ਖੇਤਰਾਂ ਵਿੱਚ। ਸਾਨੂੰ ਅਜਿਹੇ ਪ੍ਰੋਗਰਾਮਾਂ ਦੀ ਲੋੜ ਹੈ ਜੋ ਸਾਡੇ ਨੌਜਵਾਨਾਂ ਦੀ ਸਕਤੀ ਨੂੰ ਤਕਨਾਲੋਜੀ ਨਾਲ ਜੋੜਦੇ ਹਨ। ਸਰਕਾਰ ਨੇ ਅੰਤਰਿਮ ਬਜਟ ਵਿੱਚ 50,000 ਕਰੋੜ ਰੁਪਏ ਦੇ ਵਿਨਿਵੇਸ ਦਾ ਟੀਚਾ ਰੱਖਿਆ ਹੈ। ਇਸ ਦੇ ਨਾਲ ਹੀ ਸੋਧੇ ਹੋਏ ਅਨੁਮਾਨਾਂ ਮੁਤਾਬਕ ਚਾਲੂ ਵਿੱਤੀ ਸਾਲ 'ਚ ਵਿਨਿਵੇਸ ਤੋਂ 30,000 ਕਰੋੜ ਰੁਪਏ ਮਿਲਣ ਦੀ ਉਮੀਦ ਹੈ। ਪਿਛਲੇ ਸਾਲ ਦਾ ਬਜਟ ਪੇਸ ਕਰਨ ਸਮੇਂ 2023-24 ਵਿੱਚ ਵਿਨਿਵੇਸ ਤੋਂ 51,000 ਕਰੋੜ ਰੁਪਏ ਜੁਟਾਉਣ ਦਾ ਟੀਚਾ ਰੱਖਿਆ ਗਿਆ ਸੀ। ਸਰਕਾਰ ਨੂੰ ਚਾਲੂ ਵਿੱਤੀ ਸਾਲ (2023-24) ਵਿੱਚ ਜਨਤਕ ਜਾਇਦਾਦ ਦੇ ਮੁਦਰੀਕਰਨ ਤੋਂ ਕੋਈ ਰਕਮ ਮਿਲਣ ਦੀ ਉਮੀਦ ਨਹੀਂ। ਵਿੱਤੀ ਸਾਲ 2023-24 ਦੇ ਬਜਟ ਅਨੁਮਾਨਾਂ ਅਨੁਸਾਰ ਇਸ ਮਦ ਅਧੀਨ 10,000 ਕਰੋੜ ਰੁਪਏ ਹਾਸਲ ਕਰਨ ਦੀ ਯੋਜਨਾ ਸੀ। ਚਾਲੂ ਵਿੱਤੀ ਸਾਲ 'ਚ ਹੁਣ ਤੱਕ ਸਰਕਾਰ ਨੇ ਕੋਲ ਇੰਡੀਆ, ਐੱਨ. ਐੱਚ. ਪੀ. ਸੀ. , ਆਰ. ਵੀ. ਐੱਨ. ਆੱਲ. ਤੇ ਆਈ. ਆਰ. ਈ. ਡੀ. ਏ. ਸਮੇਤ 7 ਸਰਕਾਰੀ ਅਦਾਰਿਆਂ ਵਿੱਚ ਘੱਟ ਗਿਣਤੀ ਦੀ ਹਿੱਸੇਦਾਰੀ ਵੇਚ ਕੇ 12,504 ਕਰੋੜ ਰੁਪਏ ਇਕੱਠੇ ਕੀਤੇ। ਸਰਕਾਰ ਨੂੰ ਮਾਰਚ ਤੱਕ ਵਿਨਿਵੇਸ ਤੋਂ ਕੁੱਲ 30,000 ਕਰੋੜ ਰੁਪਏ ਮਿਲਣ ਦੀ ਉਮੀਦ ਹੈ।

## ਪੰਜਾਬ ਸਿਵਲ ਸਕੱਤਰੇਤ 'ਚ ਮਹਿਲਾ ਲਾਅ ਅਫਸਰ ਦੇ ਬੈਗ 'ਚੋਂ ਨਿਕਲੀ ਗੋਲੀਆਂ ਨਾਲ ਭਰੀ ਮੈਗਜੀਨ

ਚੰਡੀਗੜ੍ਹ 5 ਫਰਵਰੀ। ਪੰਜਾਬ ਸਿਵਲ ਸਕੱਤਰੇਤ 'ਚ ਜਾਂਚ ਦੌਰਾਨ ਇਕ ਔਰਤ ਤੋਂ ਗੋਲੀਆਂ ਨਾਲ ਭਰੀ ਮੈਗਜੀਨ ਬਰਾਮਦ ਹੋਈ ਹੈ। ਜਾਂਚ ਕਰਨ 'ਤੇ ਸਾਹਮਣੇ ਆਇਆ ਕਿ ਮੈਗਜੀਨ 'ਚ 7 ਗੋਲੀਆਂ ਭਰੀਆਂ ਹੋਈਆਂ ਸਨ। ਔਰਤ ਦੀ ਪਛਾਣ ਪੰਜਾਬ ਸਿਵਲ ਸਕੱਤਰੇਤ ਦੇ ਵਿੱਤ ਵਿਭਾਗ 'ਚ ਬਤੌਰ ਲਾਅ ਅਫਸਰ ਦੇ ਅਹੁਦੇ 'ਤੇ ਕੰਮ ਕਰਨ ਵਾਲੀ ਰੂਪਕੰਵਲ ਕੌਰ ਦੇ ਤੌਰ 'ਤੇ ਕੀਤੀ ਗਈ ਹੈ, ਜੋ ਕਿ ਮੋਹਾਲੀ ਦੀ ਰਹਿਣ ਵਾਲੀ ਹੈ। ਜਦੋਂ ਔਰਤ ਨੇ ਬੈਗ ਦੀ ਸਕਰੀਨਿੰਗ ਲਈ ਗੇਟ 'ਤੇ ਸਥਿਤ ਐਕਸ ਬੀ. ਆਈ. ਐੱਮ. 'ਚ ਰੱਖਿਆ ਤਾਂ ਇਸ ਦੌਰਾਨ ਉਸ ਦੇ ਬੈਗ 'ਚੋਂ 32 ਐੱਮ. ਐੱਮ. 7 ਜ਼ਿੰਦਾ ਕਾਰਤੂਸ ਨਾਲ ਭਰੀ ਹੋਈ ਇਕ ਮੈਗਜੀਨ ਬਰਾਮਦ ਹੋਈ। ਪੁੱਛਗਿੱਛ ਦੌਰਾਨ ਇਹ ਸਾਹਮਣੇ ਆਇਆ ਕਿ ਉਕਤ



ਹਥਿਆਰ ਉਸ ਦੇ ਚਚੇਰੇ ਭਰਾ ਹਰਨੀਤ ਬੋਪਾਰਾਏ ਦੇ ਹਨ। ਲਾਅ ਅਫਸਰ ਦਾ ਕਹਿਣਾ ਹੈ ਕਿ ਇਹ ਗਲਤੀ ਨਾਲ ਉਸ ਦੇ ਬੈਗ 'ਚ ਰਹਿ ਗਏ। ਦੱਸ ਦੇਈਏ ਕਿ ਹਥਿਆਰਾਂ ਨੂੰ ਪੰਜਾਬ ਅਤੇ ਹਰਿਆਣਾ ਸਿਵਲ ਸਕੱਤਰੇਤ 'ਚ ਲਿਜਾਣਾ ਮਨ੍ਹਾਂ ਹੈ, ਇਸ ਕਾਰਨ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ। ਫਿਲਹਾਲ ਰੂਪਕੰਵਲ ਕੌਰ ਖ਼ਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਪੁਲਸ ਵਲੋਂ ਇਸ ਦੀ ਜਾਂਚ ਕੀਤੀ ਜਾ ਰਹੀ ਹੈ।

## ਜਲੰਧਰ ਸਿਵਲ ਹਸਪਤਾਲ ਨੂੰ ਮਿਲੇ 4 ਮਾਹਿਰ ਨਵੇਂ ਡਾਕਟਰ, ਹੁਣ ਲੋਕਾਂ ਨੂੰ ਨਹੀਂ ਹੋਵੇਗੀ ਪ੍ਰੇਸਾਨੀ

ਜਲੰਧਰ 5 ਫਰਵਰੀ। ਹਮੇਸਾ ਹੀ ਲੋਕਾਂ ਦੇ ਹਿੱਤਾਂ ਅਤੇ ਉਨ੍ਹਾਂ ਨੂੰ ਦਰਪੇਸ ਸਮੱਸਿਆਵਾਂ ਨੂੰ ਲੈ ਕੇ ਪਹਿਲਕਦਮੀ ਕੀਤੀ ਹੈ ਅਤੇ ਇਸ ਪਹਿਲਕਦਮੀ ਤੋਂ ਬਾਅਦ ਅਖਬਾਰ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਹਰ ਸੰਭਵ ਯਤਨ ਕਰਦੀ ਹੈ। ਇਸੇ ਲੜੀ ਅਧੀਨ 'ਜਗ ਬਾਣੀ' ਵੱਲੋਂ ਗੰਭੀਰਤਾ ਨਾਲ ਪ੍ਰਕਾਸ਼ਿਤ ਕੀਤੀ ਗਈ ਖਬਰ ਤੋਂ ਬਾਅਦ ਸਿਵਲ ਹਸਪਤਾਲ 'ਚ ਡਾਕਟਰਾਂ ਦੀ ਕਮੀ ਦਾ ਹੱਲ ਲੱਭਿਆ ਗਿਆ। ਜਾਣਕਾਰੀ ਅਨੁਸਾਰ ਸਿਵਲ ਹਸਪਤਾਲ 'ਚ ਐੱਮ. ਡੀ. ਮੈਡੀਸਨ ਤੇ ਗਾਇਨੀਕੋਲੋਜਿਸਟ ਡਾਕਟਰਾਂ ਦੀ ਘਾਟ ਕਾਰਨ ਮਰੀਜਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। 'ਜਗ ਬਾਣੀ' ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਕੱਲ 30 ਤਾਰੀਖ ਨੂੰ ਪ੍ਰਕਾਸ਼ਿਤ ਕੀਤਾ ਸੀ




ਤਾਂ ਜੋ ਲੋਕਾਂ ਨੂੰ ਦਰਪੇਸ ਮੁਸਕਿਲਾਂ ਨੂੰ ਚੰਡੀਗੜ੍ਹ ਦੇ ਉੱਚ ਅਧਿਕਾਰੀਆਂ ਤੱਕ ਪਹੁੰਚਾਇਆ ਜਾ ਸਕੇ। ਗੌਰਤਲਬ ਹੈ ਕਿ ਐੱਮ. ਡੀ. ਮੈਡੀਸਨ ਡਾ. ਈਸੂ ਸਿੰਘ ਜਿੰਨਾ ਚਿਰ ਸਿਵਲ ਹਸਪਤਾਲ 'ਚ ਮਰੀਜਾਂ ਦਾ ਇਲਾਜ ਕਰਦੇ ਰਹੇ, ਉਸ ਦੇ ਇਕੱਲੇ ਹੋਣ ਕਾਰਨ ਉਨ੍ਹਾਂ 'ਤੇ ਕੰਮ ਦਾ ਬੋਝ ਬਹੁਤ ਵੱਧ ਗਿਆ ਸੀ। ਹਸਪਤਾਲ ਦੇ ਸੂਤਰਾਂ ਦੀ ਮੰਨੀਏ ਤਾਂ ਡਾ. ਈਸੂ ਸਿੰਘ ਨੇ ਪਹਿਲਾਂ ਵੀ ਕਈ ਵਾਰ ਨੌਕਰੀ ਛੱਡਣ ਦਾ ਲਿਖਤੀ ਨੋਟਿਸ ਦਿੱਤਾ ਸੀ ਪਰ ਸੀਨੀਅਰ ਡਾਕਟਰਾਂ ਦੇ ਮਨਾਉਣ ਤੋਂ ਬਾਅਦ ਉਨ੍ਹਾਂ ਨੌਕਰੀ ਛੱਡਣ ਦਾ ਪ੍ਰਸਤਾਵ ਰੱਦ ਕਰ ਦਿੱਤਾ। ਇਸ ਤੋਂ ਬਾਅਦ ਵੀ ਕੋਈ ਐੱਮ. ਡੀ. ਮੈਡੀਸਨ ਨਾ ਆਉਣ ਕਾਰਨ ਉਨ੍ਹਾਂ ਨੌਕਰੀ ਛੱਡ ਦਿੱਤੀ। ਪਤਾ ਲੱਗਾ ਹੈ ਕਿ ਅਧਿਕਾਰੀਆਂ ਵੱਲੋਂ ਜਾਰੀ ਹੁਕਮਾਂ ਤੋਂ ਬਾਅਦ ਹੁਣ ਇਕ ਪਤਰ ਜਾਰੀ ਕੀਤਾ ਗਿਆ ਹੈ, ਜਿਸ 'ਚ ਗਾਇਨੀਕੋਲੋਜਿਸਟ ਡਾ. ਕਿਰਨ ਕੌਸਲ, ਜੋਕਿ ਸੀ. ਐੱਚ. ਸੀ. (ਕਮਿਊਨਿਟੀ ਹੈਲਥ ਸੈਂਟਰ)

## ਮਰੀਜਾਂ ਨੂੰ ਹਸਪਤਾਲ 'ਚ ਮੌਜੂਦ ਦਵਾਈ ਲਿਖ ਕੇ ਦੇਣਗੇ ਡਾਕਟਰ, ਬਾਹਰੋਂ ਲਿਆਉਣ 'ਤੇ ਹਸਪਤਾਲ ਖੁਦ ਕਰੇਗਾ ਭੁਗਤਾਨ

ਗੁਰਦਾਸਪੁਰ 5 ਫਰਵਰੀ। ਪੰਜਾਬ ਸਰਕਾਰ ਨੇ ਸਰਕਾਰੀ ਹਸਪਤਾਲਾਂ ਵਿਚ ਇਲਾਜ ਕਰਵਾਉਣ ਵਾਲੇ ਮਰੀਜਾਂ ਦੀ ਸਹੂਲਤ ਲਈ ਇਕ ਨਵੀਂ ਸਕੀਮ ਤਿਆਰ ਕੀਤੀ ਹੈ। ਜਾਣਕਾਰੀ ਅਨੁਸਾਰ ਸਰਕਾਰੀ ਹਸਪਤਾਲਾਂ 'ਚ ਦਾਖਲ ਮਰੀਜਾਂ ਨੂੰ ਜ਼ਿਆਦਾਤਰ ਦਵਾਈਆਂ ਹਸਪਤਾਲ 'ਚੋਂ ਜਾਂ ਸਰਕਾਰੀ ਹਸਪਤਾਲਾਂ 'ਚ ਚੱਲ ਰਹੀਆਂ ਹਨ, ਔਸਧੀ ਕੇਂਦਰਾਂ ਤੋਂ ਸਸਤੇ ਭਾਅ 'ਤੇ ਉਪਲਬਧ ਕਰਵਾਈਆਂ ਜਾਂਦੀਆਂ ਹਨ ਪਰ ਇਸ ਦੇ ਬਾਵਜੂਦ ਕੁਝ ਦਵਾਈਆਂ ਅਜਿਹੀਆਂ ਹਨ ਜੋ ਹਸਪਤਾਲ ਵਿਚ ਉਪਲਬਧ ਨਹੀਂ ਹਨ ਅਤੇ ਬਾਜਾਰ 'ਚੋਂ ਮਹਿੰਗੇ ਭਾਅ ਖਰੀਦਣੀਆਂ ਪੈਂਦੀਆਂ ਹਨ ਪਰ ਸਰਕਾਰ ਨੇ ਇਸ ਸਬੰਧੀ ਮਰੀਜਾਂ ਨੂੰ ਰਾਹਤ ਦੇਣ ਲਈ ਨਵੀਂ ਸਕੀਮ ਤਿਆਰ ਕੀਤੀ ਹੈ। ਹੁਣ ਸਰਕਾਰੀ ਹਸਪਤਾਲ 'ਚ ਤਾਇਨਾਤ ਡਾਕਟਰਾਂ ਨੂੰ ਹਸਪਤਾਲ ਵਿਚ ਉਪਲਬਧ ਹੋਣ 'ਤੇ ਉਹੀ ਦਵਾਈ ਦਾਖਲ ਮਰੀਜ ਨੂੰ ਲਿਖਣੀ ਪਵੇਗੀ। ਉਥੇ ਹੀ ਜੇਕਰ ਹਸਪਤਾਲ 'ਚ ਕੋਈ ਦਵਾਈ ਖਤਮ ਹੋ ਗਈ ਹੈ, ਤਾਂ ਹਸਪਤਾਲ ਖੁਦ ਉਸ ਦਵਾਈ ਨੂੰ ਬਾਜਾਰ ਤੋਂ ਖਰੀਦ ਕੇ ਮਰੀਜ ਨੂੰ ਦੇਵੇਗਾ ਅਤੇ ਕੈਮਿਸਟ ਨੂੰ ਸਰਕਾਰੀ ਹਸਪਤਾਲ ਨੂੰ ਭੁਗਤਾਣ ਕਰਨਾ ਪਵੇਗਾ। ਇਸੇ ਤਰ੍ਹਾਂ ਜੇਕਰ ਕਿਸੇ ਸਰਕਾਰੀ ਹਸਪਤਾਲ 'ਚ ਚੱਲ ਰਹੀ ਐਕਸਰੇ ਮਸੀਨ ਖਰਾਬ ਹੋ ਜਾਂਦੀ ਹੈ ਤਾਂ ਮਰੀਜ ਸਿਵਲ ਹਸਪਤਾਲ ਵੱਲੋਂ ਬਾਜਾਰ 'ਚੋਂ ਐਕਸ-ਰੇ ਕਰਵਾਇਆ ਜਾਵੇਗਾ ਅਤੇ ਉਸ ਦੀ ਅਦਾਇਗੀ ਵੀ ਹਸਪਤਾਲ ਵੱਲੋਂ ਕੀਤੀ ਜਾਵੇਗੀ। ਇਸ ਸਕੀਮ ਸਬੰਧੀ ਸਿਵਲ ਸਰਜਨ ਡਾ. ਹਰਭਜਨ ਰਾਮ ਮੰਡੀ ਨੇ ਦੱਸਿਆ ਕਿ ਸਾਨੂੰ ਇਕ-ਦੋ ਦਿਨ ਪਹਿਲਾਂ ਹੀ ਇਸ ਸਕੀਮ ਸਬੰਧੀ ਪੱਤਰ ਮਿਲ ਚੁੱਕਾ ਹੈ। ਇਸ ਸਕੀਮ ਨੂੰ ਲਾਗੂ ਕਰਨ ਲਈ ਸਿਹਤ ਵਿਭਾਗ ਨੇ ਤਿਆਰੀਆਂ ਸੂਰੂ ਕਰ ਦਿੱਤੀਆਂ ਹਨ। ਪ੍ਰਾਈਵੇਟ ਕੈਮਿਸਟਾਂ ਦਾ ਇਕ ਪੈਨਲ ਬਣਾਇਆ ਜਾਵੇਗਾ ਅਤੇ ਉਨ੍ਹਾਂ ਨੂੰ ਰਜਿਸਟਰਡ ਕੀਤਾ ਜਾਵੇਗਾ। ਉਨ੍ਹਾਂ ਦੇ ਰੇਟ ਤੈਅ ਕਰਨ ਤੋਂ ਬਾਅਦ ਹੀ ਉਨ੍ਹਾਂ ਤੋਂ ਦਵਾਈਆਂ ਖਰੀਦੀਆਂ ਜਾਣਗੀਆਂ। ਇਸੇ ਤਰ੍ਹਾਂ ਐਕਸ-ਰੇ ਮਸੀਨ ਮਾਲਕਾਂ ਦਾ ਇਕ ਪੈਨਲ ਵੀ ਬਣਾਇਆ ਜਾਵੇਗਾ, ਜਿਸ ਰਾਹੀਂ ਸਸਤੇ ਰੇਟਾਂ 'ਤੇ ਮਰੀਜਾਂ ਦੇ ਐਮਰਜੈਂਸੀ ਦੀ ਸੂਰਤ 'ਚ ਐਕਸਰੇ ਕੀਤੇ ਜਾਣਗੇ। ਇਸ ਪ੍ਰਕਿਰਿਆ ਨੂੰ ਪੂਰਾ ਹੋਣ ਵਿਚ ਇਕ ਹਫਤਾ ਲੱਗੇਗਾ। ਕੈਮਿਸਟਾਂ ਅਤੇ ਐਕਸਰੇ ਲੋਕਾਂ ਨੂੰ ਖਜਾਨਾ ਵਿਭਾਗ ਰਾਹੀਂ ਭੁਗਤਾਨ ਕੀਤਾ ਜਾਵੇਗਾ। ਸਿਵਲ ਹਸਪਤਾਲ ਗੁਰਦਾਸਪੁਰ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਸਾਨੂੰ ਵੇਰਕਾ ਸਟੋਰ ਤੋਂ ਲਗਭਗ 272 ਕਿਸਮ ਦੀਆਂ ਦਵਾਈਆਂ ਅਲਾਟ ਕੀਤੀਆਂ ਜਾ ਸਕਦੀਆਂ ਹਨ ਪਰ ਇਸ ਵੇਲੇ ਸਾਨੂੰ ਵੇਰਕਾ ਸਟੋਰ ਤੋਂ ਸਿਰਫ 220 ਕਿਸਮ ਦੀਆਂ ਦਵਾਈਆਂ ਮਿਲ ਰਹੀਆਂ ਹਨ ਜੋ ਕਿ ਸਾਨੂੰ ਮਰੀਜਾਂ ਨੂੰ ਮੁਫਤ ਦੇਣੀਆਂ ਪੈਂਦੀਆਂ ਹਨ। ਹੋਰ ਕਿਸਮ ਦੀਆਂ ਦਵਾਈਆਂ ਜਾਂ ਤਾਂ ਵੇਰਕਾ ਸਟੋਰ ਤੋਂ ਉਪਲੱਬਧ ਹੋਣਗੀਆਂ ਜਾਂ ਬਾਜਾਰ ਤੋਂ ਖਰੀਦ ਕੇ ਮਰੀਜਾਂ ਨੂੰ ਦਿੱਤੀਆਂ ਜਾਣਗੀਆਂ। ਇਸ ਨਵੀਂ ਸਕੀਮ ਬਾਰੇ ਜਦੋਂ ਪੰਜਾਬ ਹੈਲਥ ਸਿਸਟਮ ਕਾਰਪੋਰੇਸਨ ਦੇ ਚੇਅਰਮੈਨ ਰਮਨ ਬਹਿਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪੂਰੇ ਦੇਸ ਵਿਚ ਪੰਜਾਬ ਹੀ ਅਜਿਹਾ ਸੂਬਾ ਹੋਵੇਗਾ, ਜਿਸ 'ਚ ਇਹ ਸਹੂਲਤ ਸੂਰੂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਮਰੀਜਾਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਦਵਾਈਆਂ ਨੂੰ ਲੈ ਕੇ ਡਾਕਟਰਾਂ ਦੀ ਮਨਮਾਨੀ ਵੀ ਖਤਮ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਮੈਂ ਲੰਬੇ ਸਮੇਂ ਦੀ ਮਿਹਨਤ ਤੋਂ ਬਾਅਦ ਇਹ ਸਕੀਮ ਤਿਆਰ ਕਰਕੇ ਪੂਰੇ ਪੰਜਾਬ 'ਚ ਲਾਗੂ ਕਰਵਾ ਦਿੱਤੀ ਹੈ ਅਤੇ ਜਲਦੀ ਹੀ ਇਸ ਸਕੀਮ ਨੂੰ ਅਮਲੀ ਰੂਪ 'ਚ ਸੁਰੂ ਕਰਕੇ ਮਰੀਜਾਂ ਨੂੰ ਕਾਫੀ ਲਾਭ ਮਿਲੇਗਾ।

## ਸ਼ੇਅਰ ਬਾਜਾਰਾਂ 'ਚ ਤੇਜੀ, ਸੈਂਸੈਕਸ 846.64 ਅੰਕ ਚੜ੍ਹਿਆ ਤੇ ਨਿਫਟੀ ਵੀ ਵਾਧੇ ਨਾਲ ਕਰ ਰਿਹੈ ਕਾਰੋਬਾਰ

ਮੁੰਬਈ 5 ਫਰਵਰੀ। ਘਰੇਲੂ ਬਾਜਾਰਾਂ ਨੇ ਸੁੱਕਰਵਾਰ ਦੇ ਸੁਰੂਆਤੀ ਕਾਰੋਬਾਰ ਵਿਚ ਤੇਜੀ ਨਾਲ ਵਾਪਸੀ ਕੀਤੀ। ਸੈਂਸੈਕਸ 800 ਤੋਂ ਵੱਧ ਅੰਕ ਚੜ੍ਹਿਆ। ਬੀਐਸਈ ਦਾ 30 ਸੇਅਰਾਂ ਵਾਲਾ ਸੂਚਕ ਅੰਕ ਸੁਰੂਆਤੀ ਕਾਰੋਬਾਰ ਵਿੱਚ 846.64 ਅੰਕਾਂ ਦੀ ਛਾਲ ਮਾਰ ਕੇ 72,491.94 ਅੰਕਾਂ 'ਤੇ ਪਹੁੰਚ ਗਿਆ। ਨਿਫਟੀ 256.55 ਅੰਕ ਵਧ ਕੇ 21,954 ਅੰਕ 'ਤੇ ਪਹੁੰਚ ਗਿਆ। ਹੋਰ ਏਸੀਆਈ ਬਾਜਾਰਾਂ 'ਚ ਦੱਖਣੀ ਕੋਰੀਆ ਦਾ ਕੋਸਪੀ, ਹਾਂਗਕਾਂਗ ਦਾ ਹੈਂਗ ਸੇਂਗ ਅਤੇ ਜਾਪਾਨ ਦਾ ਨਿੱਕੇਈ ਲਾਭ 'ਚ ਰਹੇ ਜਦਕਿ ਚੀਨ ਦਾ ਸੰਘਾਈ ਕੰਪੋਜ਼ਿਟ ਘਾਟੇ 'ਚ ਰਿਹਾ। ਵੀਰਵਾਰ ਨੂੰ ਅਮਰੀਕੀ ਬਾਜਾਰ ਸਕਾਰਾਤਮਕ ਨੋਟ 'ਤੇ ਬੰਦ ਹੋਏ। ਗਲੋਬਲ ਆਇਲ ਬੈਂਚਮਾਰਕ ਬ੍ਰੈਂਟ ਕਰੂਡ 0.71 ਫੀਸਦੀ ਵਧ ਕੇ 79.26 ਡਾਲਰ ਪ੍ਰਤੀ ਬੈਰਲ 'ਤੇ ਕਾਰੋਬਾਰ ਕਰ ਰਿਹਾ ਸੀ। ਸੇਅਰ ਬਾਜਾਰ ਦੇ ਅੰਕੜਿਆਂ ਮੁਤਾਬਕ ਵਿਦੇਸੀ ਸੰਸਥਾਗਤ ਨਿਵੇਸਕਾਂ (ਐੱਫ.ਆਈ.ਆਈ.) ਨੇ ਵੀਰਵਾਰ ਨੂੰ 1,879.58 ਕਰੋੜ ਰੁਪਏ ਦੇ ਸੇਅਰ ਵੇਚੇ।

## ਪੰਜਾਬ ਵਾਸੀ ਦੇਣ ਧਿਆਨ, ਭਲਕੇ ਨਹੀਂ ਚੱਲਣਗੀਆਂ ਸਰਕਾਰੀ ਬੱਸਾਂ

ਚੰਡੀਗੜ੍ਹ 5 ਫਰਵਰੀ। ਪੰਜਾਬ 'ਚ ਸਰਕਾਰੀ ਬੱਸਾਂ ਦਾ ਸਫਰ ਕਰਨ ਵਾਲਿਆਂ ਨੂੰ ਭਲਕੇ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਪੀ. ਆਰ. ਟੀ. ਸੀ. ਚੰਡੀਗੜ੍ਹ ਡਿਪੂ ਦੇ ਕੱਚੇ ਮੁਲਾਜਮਾਂ ਵਲੋਂ ਹੜਤਾਲ ਦਾ ਐਲਾਨ ਕਰ ਦਿੱਤਾ ਗਿਆ ਹੈ ਅਤੇ ਪੀ. ਆਰ. ਟੀ. ਸੀ. ਦਾ ਚੰਡੀਗੜ੍ਹ ਡਿੱਪੂ ਬੰਦ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਸਵੇਰ ਤੋਂ ਬੱਸਾਂ ਬੰਦ ਹਨ। ਕੱਚੇ ਮੁਲਾਜਮਾਂ ਦਾ ਕਹਿਣਾ ਹੈ ਕਿ ਅਸੀਂ 15 ਦਿਨਾਂ



ਪਹਿਲਾਂ ਮੈਨਜਮੈਂਟ ਨੂੰ ਨੋਟਿਸ ਦੇ ਕੇ ਆਪਣੀਆਂ ਮੰਗਾਂ ਦੱਸ ਚੁੱਕੇ ਹਾਂ ਪਰ ਅਜੇ ਤੱਕ ਮੈਨਜਮੈਂਟ ਵਲੋਂ ਸਾਡੇ ਨਾਲ ਕੋਈ ਵੀ ਗੱਲਬਾਤ ਨਹੀਂ ਕੀਤੀ ਗਈ। ਕੱਚੇ ਮੁਲਾਜਮਾਂ ਦਾ ਕਹਿਣਾ ਹੈ ਕਿ ਚੰਡੀਗੜ੍ਹ ਡਿਪੂ ਦੇ ਜਨਰਲ ਮੈਨੇਜਰ ਵਲੋਂ ਭ੍ਰਿਸ਼ਟ ਅਧਿਕਾਰੀਆਂ ਖ਼ਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਪੀ. ਆਰ. ਟੀ. ਸੀ., ਪਨਬੱਸ ਦੇ ਮੁਲਾਜਮ ਆਗੂ ਸਹਿਜਪਾਲ ਸਿੰਘ ਵਲੋਂ ਐਲਾਨ ਕੀਤਾ ਗਿਆ ਹੈ ਕਿ ਜੇਕਰ ਮੈਨਜਮੈਂਟ ਵਲੋਂ ਸਾਡੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਫਿਰ ਅਸੀਂ ਪਟਿਆਲਾ ਦੇ ਨਾਲ-ਨਾਲ ਪੰਜਾਬ ਦੇ ਹੋਰ ਡਿਪੂਆਂ 'ਤੇ ਵੀ ਭਲਕੇ ਬੱਸਾਂ ਦਾ ਚੱਕਾ ਜਾਮ ਕਰਾਂਗੇ। ਮੁਲਾਜਮਾਂ ਦਾ ਕਹਿਣਾ ਹੈ ਕਿ ਕਿਲੋਮੀਟਰ ਵਾਲੀਆਂ ਬੱਸਾਂ ਦੇ ਡਰਾਈਵਰਾਂ ਵਲੋਂ ਕੰਡਕਟਰਾਂ ਨੂੰ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ

## ਪੰਜਾਬ 'ਚ ਬਦਲਿਆ ਮੌਸਮ ਨੇ ਮਿਜਾਜ, ਮੋਹਾਲੀ 'ਚ ਮੀਂਹ ਨਾਲ ਭਾਰੀ ਗੜ੍ਹੇਮਾਰੀ, ਤਸਵੀਰਾਂ 'ਚ ਦੇਖੋ ਕੀ ਬਣੇ ਹਾਲਾਤ

ਜਲੰਧਰ/ਮੋਹਾਲੀ 5 ਫਰਵਰੀ। ਪੰਜਾਬ ਵਿਚ ਮੌਸਮ ਨੇ ਆਪਣਾ ਮਿਜਾਜ ਬਦਲ ਲਿਆ ਹੈ। ਬੀਤੇ ਦਿਨ ਤੋਂ ਪੰਜਾਬ ਦੇ ਕਈ ਇਲਾਕਿਆਂ ਵਿਚ ਭਾਰੀ ਮੀਂਹ ਦਾ ਦੌਰ ਸ਼ੁਰੂ ਹੋ ਗਿਆ ਹੈ। ਅੱਜ ਜਿੱਥੇ ਮੋਹਾਲੀ, ਸਮਰਾਲਾ, ਕੁਪੂਰਥਲਾ ਵਿਚ ਭਾਰੀ ਗੜ੍ਹੇਮਾਰੀ ਹੋਈ, ਉਥੇ ਹੀ ਚੰਡੀਗੜ੍ਹ ਸਮੇਤ ਪੰਜਾਬ ਦੇ ਕਈ ਇਲਾਕਿਆਂ ਵਿਚ ਭਾਰੀ ਮੀਂਹ ਪੈ ਰਿਹਾ ਹੈ। ਉਥੇ ਹੀ ਭਾਰੀ ਬਾਰਿਸ਼ ਕਾਰਨ ਆਮ ਜਨਜੀਵਨ ਵੀ ਪ੍ਰਭਾਵਿਤ ਹੋਇਆ ਹੈ ਅਤੇ ਲੋਕਾਂ ਨੂੰ ਪਰੇਸ਼ਾਨੀ ਦਾ ਵੀ ਸਾਹਮਣਾ ਕਰਨਾ ਪਿਆ। ਪੰਜਾਬ ਵਿਚ ਬਦਲੇ ਮੌਸਮ ਦੇ ਮਿਜਾਜ ਨੇ ਠੰਡ ਵਿਚ ਵੀ ਵਾਧਾ ਕਰ ਦਿੱਤਾ ਹੈ। ਭਾਰੀ ਗੜ੍ਹੇਮਾਰੀ ਹੋਣ ਕਾਰਨ ਕਿਸਾਨਾਂ ਦੇ ਵੀ ਸਾਹ ਸੂਤੇ ਗਏ ਹਨ। ਗੜ੍ਹੇਮਾਰੀ ਨਾਲ ਫਸਲਾਂ ਅਤੇ ਹਰੇ ਚਾਰੇ ਦਾ ਕਾਫੀ ਨੁਕਸਾਨ ਹੋਇਆ ਹੈ। ਜਾਣਕਾਰੀ ਦਿੰਦਿਆਂ ਰਾਜੇਵਾਲ ਜਥੇਬੰਦੀ ਦੇ ਬਲਾਕ ਪ੍ਰਧਾਨ ਕੁਲਵਿੰਦਰ ਸਿੰਘ ਪੂਰਬਾ ਨੇ ਦੱਸਿਆ ਕਿ ਭਾਰੀ ਗੜ੍ਹੇਮਾਰੀ ਕਾਰਨ ਸਮਰਾਲਾ ਬਲਾਕ ਦੇ ਕਈ ਪਿੰਡਾਂ ਉਟਾਲਾਂ, ਰਾਜੇਵਾਲ, ਕੁਲੇਵਾਲ, ਘਰਖਣਾ,ਬਗਲੀ, ਪੂਰਬਾ, ਨੌਲੜੀ, ਮੁਤਿਓ, ਭਗਵਾਨਪੁਰਾ ਅਤੇ ਹੋਰ ਵੀ ਕਾਫੀ ਪਿੰਡਾਂ ਵਿੱਚ ਇਸ ਗੜ੍ਹੇਮਾਰੀ ਕਾਰਨ ਕਣਕ, ਹਰੇ ਚਾਰੇ, ਆਲੂ ਦੀ ਫਸਲ ਦਾ ਕਾਫੀ ਨੁਕਸਾਨ ਹੋਇਆ ਹੈ। ਸਰਕਾਰ ਨੂੰ ਤੁਰੰਤ ਕਿਸਾਨਾ ਦੇ ਹੋਏ ਨੁਕਸਾਨ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਬਣਦਾ ਮੁਆਵਜਾ ਜਾਰੀ ਕਰਨਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨ ਹਿਮਾਚਲ ਪ੍ਰਦੇਸ, ਜੰਮੂ-



ਕਸਮੀਰ ਅਤੇ ਉਤਰਾਖੰਡ ਵਿਚ ਇਸ ਸਾਲ ਦੀ ਪਹਿਲੀ ਭਾਰੀ ਬਰਫਬਾਰੀ ਹੋਈ ਹੈ ਜਦਕਿ ਵੱਖ-ਵੱਖ ਥਾਵਾਂ ਖਾਸ ਕਰਕੇ ਮੈਦਾਨੀ ਇਲਾਕਿਆਂ ਵਿਚ ਬਾਰਿਸ ਹੋਈ। ਉਥੇ ਹੀ ਦਿੱਲੀ ਹਵਾਈ ਅੱਡੇ 'ਤੇ ਖਰਾਬ ਮੌਸਮ ਕਾਰਨ ਬੁੱਧਵਾਰ ਨੂੰ ਲਗਭਗ 100 ਉਡਾਣਾਂ 'ਚ ਦੇਰੀ ਹੋਈ ਅਤੇ ਘੱਟੋ-ਘੱਟ 5 ਉਡਾਣਾਂ ਦਾ ਰੂਟ ਡਾਇਵਰਟ ਕੀਤਾ ਗਿਆ ਸੀ। ਹਿਮਾਚਲ ਪ੍ਰਦੇਸ ਦੇ ਕੁਫਰੀ, ਨਾਰਕੰਡਾ ਅਤੇ ਮਨਾਲੀ ਵਰਗੇ ਸੈਰ-ਸਪਾਟਾ ਸਥਾਨਾਂ 'ਤੇ ਸਰਦੀਆਂ ਦੇ ਮੌਸਮ 'ਚ 4 ਮਹੀਨਿਆਂ ਦੇ ਸੋਕੇ ਤੋਂ ਬਾਅਦ ਬਰਫਬਾਰੀ ਹੋ ਰਹੀ ਹੈ। ਮਨਾਲੀ ਵਿਚ ਤਾਜਾ ਬਰਫਬਾਰੀ ਕਾਰਨ ਅਟਲ ਸੁਰੰਗ ਰੋਹਤਾਂਗ ਲਈ ਆਵਾਜਾਈ ਬੰਦ ਕਰ ਦਿੱਤੀ ਗਈ, ਏ. ਟੀ. ਆਰ. ਦੇ ਦੱਖਣੀ ਅਤੇ ਉੱਤਰੀ ਪੋਰਟਲ 'ਤੇ ਕਾਫੀ ਬਰਫਬਾਰੀ ਦਰਜ ਕੀਤੀ ਗਈ। ਮੰਗਲਵਾਰ ਰਾਤ ਨੂੰ ਹਲਕੀ ਬਾਰਿਸ ਤੋਂ ਬਾਅਦ ਪੰਜਾਬ 'ਚ ਮੌਸਮ ਠੰਡਾ ਬਣਿਆ ਹੋਇਆ ਹੈ। ਕਸਮੀਰ ਵਾਦੀ ਦੇ ਉਪਰਲੇ ਇਲਾਕਿਆਂ 'ਚ ਕਾਫੀ ਬਰਫਬਾਰੀ ਹੋਈ, ਜਿਸ ਨਾਲ ਇਲਾਕੇ 'ਚ ਬਰਫ ਦੀ ਚਿੱਟੀ ਚਾਦਰ ਵਿਛ ਗਈ, ਜਦਕਿ ਸ੍ਰੀਨਗਰ ਸਮੇਤ ਮੈਦਾਨੀ ਇਲਾਕਿਆਂ 'ਚ ਬਾਰਿਸ ਹੋਈ। ਉੱਤਰੀ ਕਸਮੀਰ ਦੇ ਬਾਰਾਮੂਲਾ ਜ਼ਿਲ੍ਹੇ ਦੇ ਗੁਲਮਰਗ ਦੇ ਸਕੀ ਰਿਜੋਰਟ ਸਮੇਤ ਵਾਦੀ ਦੇ ਉੱਚੇ ਇਲਾਕਿਆਂ 'ਚ ਬਰਫਬਾਰੀ ਹੋਈ। ਕਸਮੀਰ ਦੇ ਕੁਪਵਾੜਾ, ਗੰਦਰਬਲ, ਅਨੰਤਨਾਗ, ਸੋਪੀਆਂ ਅਤੇ ਕੁਲਗਾਮ ਜ਼ਿਲ੍ਹਿਆਂ ਦੇ ਉਪਰਲੇ ਇਲਾਕਿਆਂ ਵਿਚ ਵੀ ਬਰਫਬਾਰੀ ਹੋਈ।

## ਚੰਡੀਗੜ੍ਹ ਤੋਂ ਬੁਲੇਟ ਚੋਰੀ ਕਰ ਕੇ ਦੂਜੇ ਸ਼ਹਿਰਾਂ 'ਚ ਵੇਚਣ ਵਾਲਾ ਮੁਲਜਮ ਪੁਲਸ ਨੇ ਕੀਤਾ ਕਾਬੂ

ਚੰਡੀਗੜ੍ਹ 5 ਫਰਵਰੀ। ਚੰਡੀਗੜ੍ਹ ਤੋਂ ਬੁਲੇਟ ਮੋਟਰਸਾਈਕਲ ਚੋਰੀ ਕਰ ਕੇ ਫਾਜ਼ਿਲਕਾ ਅਤੇ ਫਿਰੋਜ਼ਪੁਰ ਜਾ ਕੇ ਵੇਚਣ ਵਾਲੇ ਨੌਜਵਾਨ ਨੂੰ ਕ੍ਰਾਈਮ ਬ੍ਰਾਂਚ ਨੇ ਮਲੋਆ ਤੋਂ ਕਾਬੂ ਕੀਤਾ ਹੈ। ਮੁਲਜ਼ਮ ਦੀ ਪਛਾਣ ਪੰਜਾਬ ਦੇ ਫਾਜ਼ਿਲਕਾ ਨਿਵਾਸੀ ਰੋਹਿਤ ਕੰਬੋਜ ਵਜੋਂ ਹੋਈ ਹੈ। ਪੁਲਸ ਨੇ ਮੁਲਜ਼ਮ ਦੀ ਨਿਸ਼ਾਨਦੇਹੀ 'ਤੇ ਚੋਰੀ ਦੇ ਤਿੰਨ ਬੁਲੇਟ ਮੋਟਰਸਾਈਕਲ ਬਰਾਮਦ ਕੀਤੇ। ਕ੍ਰਾਈਮ ਬ੍ਰਾਂਚ ਨੇ ਮੁਲਜ਼ਮ ਨੂੰ ਜ਼ਿਲ੍ਹਾ ਅਦਾਲਤ ਵਿਚ ਪੇਸ਼ ਕੀਤਾ, ਜਿੱਥੋਂ ਉਸ ਨੂੰ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਗਿਆ। ਕ੍ਰਾਈਮ ਬ੍ਰਾਂਚ ਰੋਹਿਤ ਕੰਬੋਜ ਦੇ ਦੋਸਤ ਦੀ ਭਾਲ ਵਿਚ ਲੱਗੀ ਹੋਈ ਹੈ। ਕ੍ਰਾਈਮ ਬ੍ਰਾਂਚ ਇੰਚਾਰਜ ਅਸ਼ੋਕ ਕੁਮਾਰ ਨੂੰ ਸੂਚਨਾ ਮਿਲੀ ਸੀ ਕਿ 22 ਦਸੰਬਰ ਦੀ ਰਾਤ ਨੂੰ ਸੈਕਟਰ-15 ਦੇ ਰਹਿਣ ਵਾਲੇ ਵਿਸ਼ਾਲ ਨੇ ਮਲੋਆ ਵਿਚ ਬੁਲੇਟ ਚੋਰੀ ਕਰਨ ਵਾਲੇ ਨੌਜਵਾਨ ਨੂੰ ਘੁੰਮਦੇ ਦੇਖਿਆ। ਸੂਚਨਾ ਮਿਲਦਿਆਂ ਹੀ ਪੁਲਸ ਟੀਮ



ਨੇ ਮਲੋਆ ਸਤਿਸੰਗ ਭਵਨ ਨੇੜੇ ਬੁਲੇਟ ਸਵਾਰ ਨੌਜਵਾਨ ਨੂੰ ਰੋਕ ਕੇ ਦਸਤਾਵੇਜ਼ ਮੰਗੇ ਤਾਂ ਉਹ ਬਹਾਨੇ ਬਣਾਉਣ ਲੱਗਾ। ਜਦੋਂ ਕ੍ਰਾਈਮ ਬ੍ਰਾਂਚ ਨੇ ਮੋਟਰਸਾਈਕਲ 'ਤੇ ਲੱਗੇ ਨੰਬਰ ਦੀ ਜਾਂਚ ਕੀਤੀ ਤਾਂ ਇਹ ਚੋਰੀ ਦਾ ਨਿਕਲਿਆ। ਪੁਲਸ ਨੇ ਫਾਜ਼ਿਲਕਾ ਵਾਸੀ ਰੋਹਿਤ ਕੰਬੋਜ ਨੂੰ ਕਾਬੂ ਕਰ ਕੇ ਚੋਰੀ ਕੀਤਾ ਬੁਲੇਟ ਬਰਾਮਦ ਕੀਤਾ। ਕ੍ਰਾਈਮ ਬ੍ਰਾਂਚ ਨੇ ਰੋਹਿਤ ਨੂੰ ਜ਼ਿਲ੍ਹਾ ਅਦਾਲਤ ਵਿਚ ਪੇਸ਼ ਕੀਤਾ। ਅਦਾਲਤ ਨੇ ਉਸ ਨੂੰ ਚਾਰ ਦਿਨ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ। ਰਿਮਾਂਡ ਦੌਰਾਨ ਪੁਲਸ ਨੇ ਸੈਕਟਰ-11 ਥਾਣਾ ਖੇਤਰ ਤੋਂ ਚੋਰੀ ਕੀਤੇ ਦੋ ਹੋਰ ਬੁਲੇਟ ਬਰਾਮਦ ਕੀਤੇ। ਕ੍ਰਾਈਮ ਬ੍ਰਾਂਚ ਨੇ ਦੱਸਿਆ ਕਿ ਮੁਲਜ਼ਮ ਰੋਹਿਤ ਕੰਬੋਜ ਦਿਨ ਵੇਲੇ ਆਪਣੇ ਦੋਸਤ ਨਾਲ ਕਾਰ ਵਿਚ ਰੇਕੀ ਕਰਦਾ ਸੀ। ਉਹ ਦੋਵੇਂ ਕੋਠੀਆਂ ਅਤੇ ਘਰਾਂ ਦੇ ਬਾਹਰ ਖੜ੍ਹੇ ਮੋਟਰਸਾਈਕਲਾਂ 'ਤੇ ਨਜ਼ਰ ਰੱਖਦੇ ਸਨ। ਰਾਤ ਸਮੇਂ ਮੁਲਜ਼ਮ ਡੁਪਲੀਕੇਟ ਚਾਬੀ ਨਾਲ ਮੋਟਰਸਾਈਕਲ ਚੋਰੀ ਕਰ ਕੇ ਆਪਣੇ ਜੱਦੀ ਪਿੰਡ ਲੈ ਜਾਂਦੇ ਸਨ। ਮੁਲਜ਼ਮ ਬੁਲੇਟ ਫਾਜ਼ਿਲਕਾ ਅਤੇ ਫ਼ਿਰੋਜ਼ਪੁਰ ਵਿਚ ਵੇਚਦਾ ਸੀ। ਪੁਲਸ ਨੇ ਦੱਸਿਆ ਕਿ ਮੁਲਜਮ ਸਸਤੇ ਭਾਅ 'ਤੇ ਮੋਟਰਸਾਈਕਲ ਵੇਚਣ ਤੋਂ ਬਾਅਦ ਦਸਤਾਵੇਜ਼ ਟਰਾਂਸਫਰ ਕਰਵਾਉਣ ਲਈ ਬਹਾਨੇ ਬਣਾਉਂਦਾ ਰਹਿੰਦਾ ਸੀ।

### ਵਿਆਹ ਦੇ ਡੇਢ ਸਾਲ ਬਾਅਦ ਦਾਜ ਦੀ ਬਲੀ ਚੜ੍ਹੀ 22 ਸਾਲਾ ਕੁੜੀ, ਸਹੁਰਿਆਂ ਨੇ ਕੀਤੀ ਘਟੀਆ ਕਰਤੂਤ

ਕਰਨਾਲ 5 ਫਰਵਰੀ। ਹਰਿਆਣਾ ਦੇ ਕਰਨਾਲ ਜ਼ਿਲ੍ਹੇ ਵਿਚ ਇਕ ਹੋਰ ਧੀ ਦਾਜ ਦੇ ਲਾਲਚੀਆਂ ਦੀ ਭੇਟ ਚੜ੍ਹ ਗਈ। ਮਾਮਲਾ ਪਿੰਡ ਬਿਆਨਾ ਤੋਂ ਸਾਹਮਣੇ ਆਇਆ ਹੈ, ਜਿੱਥੇ 22 ਸਾਲ ਕਾਲਜ ਦੀ ਸ਼ੱਕੀ ਹਲਾਤਾਂ ਵਿਚ ਮੌਤ ਹੋ ਗਈ। ਦੋਸ਼ ਹੈ ਕਿ ਸਹੁਰੇ ਪੱਖ ਨੇ ਦਾਜ ਲਈ ਆਪਣੀ ਨੂੰਹ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਪੁਲਸ ਨੇ ਮ੍ਰਿਤਕ ਦੇ ਪਿਤਾ ਦੀ ਸ਼ਿਕਾਇਤ ਦੇ ਆਧਾਰ 'ਤੇ ਸਹੁਰੇ ਪੱਖ ਦੇ 5 ਲੋਕਾਂ ਨੂੰ ਹਿਰਾਸਤ ਵਿਚ ਲਿਆ ਹੈ। ਜਾਣਕਾਰੀ ਮੁਤਾਬਕ ਦਾਜ ਦੀ ਬਲੀ ਚੜ੍ਹੀ ਰੌਦਾਰ ਵਾਸੀ ਕਾਲਜ ਦੀ ਡੇਢ ਸਾਲ ਪਹਿਲਾਂ ਵਿਆਹ ਹੋਇਆ ਸੀ। ਉਸ ਦੀ 3 ਮਹੀਨੇ ਦੀ ਧੀ ਵੀ ਹੈ। ਸਹੁਰੇ ਵਾਲੇ ਉਸ ਨੂੰ ਦਾਜ ਨੂੰ ਲੈ ਕੇ ਕੁੱਟਮਾਰ ਅਤੇ ਤੰਗ-ਪਰੇਸ਼ਾਨ ਕਰਦੇ ਸਨ। ਕੁੜੀ ਵਾਲੇ ਦੇ ਪਰਿਵਾਰ ਦਾ ਦੋਸ਼



ਹੈ ਕਿ ਉਸ ਦਾ ਪਤੀ ਨਸ਼ੇ ਦਾ ਆਦੀ ਸੀ, ਜੋ ਕਿ ਅਕਸਰ ਉਸ ਨਾਲ ਕੁੱਟਮਾਰ ਕਰਦਾ ਸੀ। ਉੱਥੇ ਹੀ ਉਸ ਦੇ ਸੱਸ-ਸਹੁਰੇ ਅਤੇ ਜੇਠ ਵੀ ਦਾਜ ਲਈ ਤੰਗ-ਪਰੇਸ਼ਾਨ ਕਰਦੇ ਸਨ। ਦੋਸ਼ ਹੈ ਕਿ ਸਹੁਰੇ ਪੱਖ ਨੇ ਪਹਿਲਾਂ ਕੁੜੀ ਦੀ ਕੁੱਟਮਾਰ ਕੀਤੀ ਅਤੇ ਫਿਰ ਗਲਾ ਘੁੱਟ ਕੇ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਬਾਅਦ ਵਿਚ ਲਾਸ਼ ਨੂੰ ਫਾਹੇ ਨਾਲ ਲਟਕਾ ਦਿੱਤਾ। ਪੇਕੇ ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਗੁਆਂਢੀਆਂ ਤੋਂ ਮਾਮਲੇ ਦੀ ਸੂਚਨਾ ਮਿਲੀ। ਓਧਰ ਪੁਲਸ ਨੇ ਦਾਜ ਹੱਤਿਆ ਦਾ ਮਾਮਲਾ ਦਰਜ ਕਰ ਲਿਆ ਹੈ ਅਤੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ। ਪੁਲਸ ਨੇ ਲਾਸ਼ ਨੂੰ ਕਬਜੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

## ਬੀ. ਐੱਸ. ਐੱਫ. ਵਲੋਂ ਗ੍ਰਿਫਤਾਰ ਕੀਤੇ ਗਏ ਚਾਰ ਭਾਰਤੀ ਸਮੱਗਲਰਾਂ ਦੇ ਕੇਸ 'ਚ ਵੱਡਾ ਖੁਲਾਸਾ

ਅੰਮ੍ਰਿਤਸਰ 5 ਫਰਵਰੀ। ਇਕ ਸਰਹੱਦੀ ਪਿੰਡ ਵਿਚ ਹੈਰੋਇਨ ਦੀ ਖੇਪ ਨਾਲ ਬੀ. ਐੱਸ. ਐੱਫ. ਵਲੋਂ ਗ੍ਰਿਫਤਾਰ ਕੀਤੇ ਗਏ ਚਾਰ ਭਾਰਤੀ ਸਮੱਗਲਰਾਂ ਦੇ ਕੇਸ ਵਿਚ ਖੁਲਾਸਾ ਹੋਇਆ ਹੈ ਕਿ ਗ੍ਰਿਫਤਾਰ ਕੀਤੇ ਗਏ ਸਮੱਗਲਰ ਅਤੇ ਉਨ੍ਹਾਂ ਦੇ ਆਕਾ ਖਤਰਨਾਕ ਪਾਕਿਸਤਾਨ ਸਮੱਗਲਰ ਰਾਣਾ, ਉਸ ਦੇ ਭਰਾ ਅਤੇ ਸਾਹਾ ਦੇ ਸੰਪਰਕ ਵਿਚ ਸਨ। ਪਾਕਿਸਤਾਨੀ ਸਮੱਗਲਰ ਭਾਰਤੀ ਸਮੱਗਲਰਾਂ ਨੂੰ ਮੋਬਾਇਲ ਨੰਬਰਾਂ +92318-8137803 ਅਤੇ +66618728034 ਰਾਹੀਂ ਫੋਨ ਕਰਦੇ ਸਨ। ਕੇਵਲ ਰਾਣਾ ਅਤੇ ਸਾਹਾ ਹੀ ਭਾਰਤੀ ਸਮੱਗਲਰਾਂ ਨੂੰ ਵੀਡੀਓ ਕਾਲ ਕਰਦੇ ਸਨ ਅਤੇ ਦੱਸਦੇ ਸਨ ਕਿ ਪਾਕਿਸਤਾਨ ਤੋਂ ਡਰੋਨ ਕਦੋਂ ਅਤੇ ਕਿਸ ਸਮੇਂ ਆ ਰਿਹਾ ਹੈ ਅਤੇ ਡਰੋਨ ਕਿਸ ਸਥਾਨ 'ਤੇ ਹੋਵੇਗਾ। ਹੈਰੋਇਨ ਜਾਂ ਹਥਿਆਰਾਂ ਦੀ ਖੇਪ ਇਸ ਰਸਤੇ ਰਾਹੀਂ ਸੁੱਟੀ ਜਾਣੀ ਹੈ। ਇੰਨਾ ਹੀ ਨਹੀਂ ਰਾਣਾ ਅਤੇ ਸਾਹਾ ਉਨ੍ਹਾਂ ਨੂੰ ਲੈਣ ਆਏ ਸਮੱਗਲਰਾਂ ਨੂੰ ਡਰੱਗ ਮਨੀ ਦੀ ਡਿਲੀਵਰੀ ਸਬੰਧੀ ਜਾਣਕਾਰੀ ਦਿੰਦੇ ਸਨ। ਜਾਣਕਾਰੀ ਅਨੁਸਾਰ ਬੀ. ਐੱਸ. ਐੱਫ. ਨੇ ਇਸ ਮਾਮਲੇ ਵਿਚ ਐੱਨ. ਸੀ. ਬੀ. ਦੀ ਮਦਦ ਨਾਲ ਇੰਟਰਪੋਲ ਨੂੰ ਇਸ ਕੇਸ ਦੀ ਸਿਫਾਰਿਸ਼ ਕਰਨ ਜਾ ਰਹੀ ਹੈ ਤਾ ਕਿ ਪਾਕਿਸਤਾਨ ਵਿਚ ਬੈਠੇ ਸਮੱਗਲਰਾਂ 'ਤੇ ਵੀ ਕਾਰਵਾਈ ਕੀਤੀ ਜਾ ਸਕੇ। ਬੀ. ਐੱਸ. ਐੱਫ. ਵਲੋਂ ਕਾਫੀ ਲੰਮੇ ਸਮੇਂ ਤੋਂ ਬਾਅਦ ਇਸ ਤਰ੍ਹਾਂ ਦੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਅੰਮ੍ਰਿਤਸਰ ਸੈਕਟਰ ਵਿਚ



ਚਾਰ ਭਾਰਤੀ ਸਮੱਗਲਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜ਼ਿਲ੍ਹਾ ਪ੍ਰਸਾਸਨ ਵੱਲੋਂ ਡਿਫੈਂਸ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਅਤੇ ਵਿਸ਼ੇਸ ਤੌਰ ਨਾਲ ਇਸ ਬਾਬਤ ਰਾਜਪਾਲ ਪੰਜਾਬ ਵਲੋਂ ਦਿਸ਼ਾਂ-ਨਿਰਦੇਸ਼ ਜਾਰੀ ਕੀਤੇ ਗਏ ਹਨ। ਕਮੇਟੀਆਂ ਦੇ ਗਠਨ ਤੋਂ ਬਾਅਦ ਬੀ. ਐੱਸ. ਐੱਫ. ਅਤੇ ਪੁਲਸ ਨੂੰ ਕੁਝ ਸਫਲਤਾ ਵੀ ਮਿਲੀ ਹੈ ਪਰ ਜਿਸ ਤਰ੍ਹਾਂ ਨਾਲ ਸਰਹੱਦ 'ਤੇ ਹੈਰੋਇਨ ਦੀ ਆਮਦ ਜਾਰੀ ਹੈ ਅਤੇ ਚਾਰ ਸਮੱਗਲਰ 6 ਕਿਲੋ ਹੈਰੋਇਨ ਨਾਲ ਫੜੇ ਜਾ ਰਹੇ ਹਲ। ਉਥੇ ਕਿੱਤੇ ਨਾ ਕਿੱਤੇ ਸਵਾਲੀਆਂ ਨਿਸ਼ਾਨ ਖੜ੍ਹਾ ਕਰਦਾ ਹੈ। ਹਾਲਾਂਕਿ ਪ੍ਰਸਾਸ਼ਨ ਵਲੋਂ ਹੋਰ ਪਿੰਡਾਂ ਵਿਚ ਵੀ ਵਿਲੇਜ ਡਿਫੈਂਸ ਕਮੇਟੀਆਂ ਦਾ ਗਠਨ ਕੀਤਾ ਜਾ ਰਿਹਾ ਹੈ। ਪਿਛਲੇ ਇਕ ਮਹੀਨੇ ਦੌਰਾਨ ਬੀ. ਐੱਸ. ਐੱਫ. ਅਤੇ ਪੁਲਸ ਵੱਲੋਂ ਦੋ ਵੱਡੇ ਮਾਮਲਿਆਂ ਵਿਚ ਛੇ ਭਾਰਤੀ ਸਮੱਗਲਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਇਹ ਕੇਸ ਐੱਨ. ਸੀ. ਬੀ. ਨੂੰ ਸੌਂਪ ਦਿੱਤੇ ਗਏ ਹਨ। ਪਤਾ ਲੱਗਾ ਹੈ ਕਿ ਐੱਨ. ਸੀ. ਬੀ. ਨੂੰ ਇਨ੍ਹਾਂ ਮਾਮਲਿਆਂ ਵਿੱਚ ਬਹੁਤ ਅਹਿਮ ਜਾਣਕਾਰੀ ਮਿਲੀ ਹੈ ਜਿਸ ਤੋਂ ਆਉਣ ਵਾਲੇ ਦਿਨਾਂ ਵਿੱਚ ਵੱਡੇ ਖੁਲਾਸੇ ਹੋਣ ਦੀ ਸੰਭਾਵਨਾ ਹੈ। ਹੈਰੋਇਨ ਸਮੱਗਲਿੰਗ ਦੇ ਮਾਮਲੇ ਵਿਚ ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਜੇਲ੍ਹਾਂ ਵਿਚ ਬੰਦ ਪੁਰਾਣੇ ਸਮੱਗਲਰ ਆਪਣੇ ਸਾਥੀਆਂ ਨੂੰ ਮੋਬਾਇਲ ਫੋਨਾਂ ਰਾਹੀਂ ਹਦਾਇਤਾਂ ਜਾਰੀ ਕਰਦੇ ਰਹਿੰਦੇ ਹਨ। ਹਰ ਰੋਜ ਹੀ ਜੇਲ੍ਹਾਂ ਦੇ ਅੰਦਰੋਂ ਮੋਬਾਇਲ ਫੋਨ ਵੀ ਬਰਾਮਦ ਕੀਤੇ ਜਾ ਰਹੇ ਹਨ। ਸੁਰੱਖਿਆ ਏਜੰਸੀਆਂ ਦੀਆਂ ਰਿਪੋਰਟਾਂ ਮੁਤਾਬਕ ਅੰਦਰ ਸਮੱਗਲਿੰਗ ਦਾ ਨੈੱਟਵਰਕ ਚੱਲ ਰਿਹਾ ਹੈ ਪਰ ਇਹ ਨੈੱਟਵਰਕ ਟੁੱਟਣ ਦਾ ਨਾਮ ਨਹੀਂ ਲੈ ਰਿਹਾ, ਪਿਛਲੇ ਹਫਤੇ ਹੀ ਇਕ ਜੇਲ੍ਹ ਅੰਦਰੋਂ 15 ਮੋਬਾਇਲ ਫੋਨ ਬਰਾਮਦ ਹੋਏ ਹਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਮੁਫਤ ਬਰਗਰ ਨਾ ਖਿਲਾਉਣ 'ਤੇ ਨੌਜਵਾਨਾਂ 'ਤੇ ਕੀਤਾ ਤੇਜਧਾਰ ਹਥਿਆਰਾਂ ਨਾਲ ਹਮਲਾ

ਲੁਧਿਆਣਾ 5 ਫਰਵਰੀ। ਨਿਊ ਸ਼ਕਤੀ ਨਗਰ ਇਲਾਕੇ ਤੋਂ ਇਕ ਹੈਰਾਨ ਕਰਨ ਵਾਲੀ ਖਬਰ ਸਾਹਮਣੇ ਆਈ ਹੈ, ਜਿੱਥੇ ਮੁਫਤ ਦਾ ਬਰਗਰ ਨਾ ਖਿਲਾਉਣ 'ਤੇ ਬਦਮਾਸ਼ਾਂ ਨੇ ਨੌਜਵਾਨਾਂ 'ਤੇ ਹਮਲਾ ਕਰ ਦਿੱਤਾ। ਤੇਜ਼ਧਾਰ ਹਥਿਆਰ ਨਾਲ ਉਨ੍ਹਾਂ ਨੂੰ ਜ਼ਖਮੀ ਕਰ ਦਿੱਤਾ ਅਤੇ ਉਨ੍ਹਾਂ ਦੀ ਜੇਬ 'ਚੋਂ ਕੈਸ਼ ਅਤੇ ਸੋਨੇ ਦੀ ਚੇਨ ਲੁੱਟ ਲਈ। ਇਸ ਮਾਮਲੇ 'ਚ ਥਾਣਾ ਟਿੱਬਾ ਦੀ ਪੁਲਸ ਨੇ ਰਾਹੁਲ ਕੁਮਾਰ ਦੀ ਸ਼ਿਕਾਇਤ 'ਤੇ ਨਾਸਿਰ, ਨਦੀਮ, ਸਮੀਰ, ਸ਼ੋਇਬ, ਕਮਲ ਅਤੇ 4 ਅਣਪਛਾਤੇ ਨੌਜਵਾਨਾਂ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ। ਮਨਜੀਤ ਨਗਰ ਦੇ ਰਹਿਣ ਵਾਲੇ ਰਾਹੁਲ ਨੇ ਪੁਲਸ ਨੂੰ ਦੱਸਿਆ ਕਿ ਉਹ ਨਿਊ ਸ਼ਕਤੀ ਨਗਰ ਇਲਾਕੇ 'ਚ ਆਪਣੇ ਦੋਸਤ ਜਤਿੰਦਰ ਸਿੰਘ ਦੇ ਘਰ ਗਿਆ ਸੀ। ਉਸ ਦੇ ਘਰ ਨੇੜੇ ਬਰਗਰ ਦੀ ਰੇਹੜੀ ਸੀ, ਜਿੱਥੇ ਉਹ ਬਰਗਰ ਖਾ ਰਹੇ ਸਨ। ਇਸ ਦੌਰਾਨ ਉਕਤ ਮੁਲਜ਼ਮ ਨੌਜਵਾਨ ਉੱਥੇ ਆ ਗਏ

## ਕਿਰਾਏਦਾਰ ਨੇ ਮਕਾਨ ਮਾਲਕ ਦੀ ਨਾਬਾਲਗ ਧੀ ਦੀ ਲੁੱਟੀ ਇੱਜਤ

ਲੁਧਿਆਣਾ 5 ਫਰਵਰੀ। ਸਾਹਨੇਵਾਲ ਇਲਾਕੇ 'ਚ ਸਥਿਤ ਮਹਾਦੇਵ ਨਗਰ 'ਚ ਕਿਰਾਏਦਾਰ ਨੇ ਘਟੀਆ ਕਰਤੂਤ ਕਰਦੇ ਹੋਏ ਮਕਾਨ ਮਾਲਕ ਦੀ ਨਾਬਾਲਗ ਧੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਲਿਆ। ਜਦੋਂ ਨਾਬਾਲਗ ਕੁੜੀ ਦੀ ਮਾਂ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਕਿਰਾਏਦਾਰ ਉੱਥੋਂ ਫਰਾਰ ਹੋ ਗਿਆ। ਪੀੜਤਾ ਦੀ ਮਾਂ ਨੇ ਥਾਣਾ ਸਾਹਨੇਵਾਲ ਦੀ ਪੁਲਸ ਨੂੰ ਸੂਚਿਤ ਕੀਤਾ ਤਾਂ ਪੁਲਸ ਨੇ ਜਾਂਚ ਤੋਂ ਬਾਅਦ ਕਿਰਾਏਦਾਰ ਦੇ ਖ਼ਿਲਾਫ ਮਾਮਲਾ ਦਰਜ ਕਰ ਲਿਆ। ਉਸ ਦੀ ਪਛਾਣ ਯੂ. ਪੀ. ਦੇ ਰਹਿਣ ਵਾਲੇ ਨਨੰਕੂ ਵਜੋਂ ਹੋਈ ਹੈ। ਜਾਂਚ ਅਫਸਰ ਨੇ ਦੱਸਿਆ ਕਿ ਪੋਕਸੋ ਐਕਟ ਅਤੇ ਜਬਰ-ਜ਼ਿਨਾਹ ਕਰਨ ਦੇ ਦੋਸ਼ 'ਚ ਮਾਮਲਾ ਦਰਜ ਕੀਤਾ ਗਿਆ ਹੈ। ਫਿਲਹਾਲ ਨਾਬਾਲਗ ਕੁੜੀ ਦਾ ਮੈਡੀਕਲ ਕਰਵਾਇਆ ਗਿਆ ਹੈ ਅਤੇ ਉਸ ਦੇ ਅਦਾਲਤ 'ਚ ਬਿਆਨ ਦਰਜ ਕਰਵਾਏ ਜਾ ਰਹੇ ਹਨ। ਪੁਲਸ ਵਲੋਂ ਦੋਸ਼ੀ ਦੀ ਭਾਲ ਕੀਤੀ ਜਾ ਰਹੀ ਹੈ।

# ਪੱਕੇ ਤੌਰ 'ਤੇ ਕੈਨੇਡਾ ਭੇਜਣ ਦੇ ਨਾਂ 'ਤੇ ਮਾਰੀ 70 ਲੱਖ ਦੀ ਠੱਗੀ, ਫਰਜੀ ਏਜੰਟ ਖਿਲਾਫ ਮਾਮਲਾ ਦਰਜ

ਈਸੜੂ 5 ਫਰਵਰੀ। ਅਜੋਕੇ ਸਮੇਂ 'ਚ ਫਰਜੀ ਟ੍ਰੈਵਲ ਏਜੰਟ ਨੌਜਵਾਨ ਪੀੜ੍ਹੀ ਨੂੰ ਵਿਦੇਸ਼ ਭੇਜਣ ਦੇ ਸੁਪਨੇ ਦਿਖਾ ਕੇ ਵੱਖੋ-ਵੱਖ ਤਰੀਕਿਆਂ ਨਾਲ ਲੱਖਾਂ ਰੁਪਏ ਦੀ ਠੱਗੀ ਮਾਰਦੇ ਹਨ। ਅਜਿਹਾ ਹੀ 70 ਲੱਖ ਤੋਂ ਵੱਧ ਠੱਗੀ ਮਾਰ ਕੇ ਧੋਖਾਧੜੀ ਕਰਨ ਦਾ ਮਾਮਲਾ ਪਾਇਲ ਪੁਲਸ ਵਲੋਂ ਦਰਜ ਕੀਤਾ ਗਿਆ ਹੈ। ਪਾਇਲ ਪੁਲਸ ਨੂੰ ਦਿੱਤੇ ਬਿਆਨਾਂ ਅਨੁਸਾਰ ਠੱਗੀ ਦਾ ਸ਼ਿਕਾਰ ਹੋਈ ਜਸਮੀਨ ਕੌਰ ਅਤੇ ਠਾਕੁਰ ਸਿੰਘ ਮੰਡੇਰ (ਦੋਵੇਂ ਭੈਣ ਭਰਾ) ਵਾਸੀ ਪਿੰਡ ਜਰਗ ਨੇ ਦੱਸਿਆ ਕਿ ਫਰਜੀ ਏਜੰਟ ਸੁਖਦੀਪ ਸਿੰਘ ਪਿੰਡ ਢਢੋਗਲ, ਜ਼ਿਲ੍ਹਾ ਸੰਗਰੂਰ ਤੇ ਉਸਦੀ ਪਤਨੀ ਰਮਨਦੀਪ ਕੌਰ ਨੇ ਉਹਨਾਂ ਨੂੰ 10 ਸਾਲ ਦੇ ਮਲਟੀਪਲ ਵੀਜ਼ੇ ਰਾਹੀਂ ਕੈਨੇਡਾ ਭੇਜਣ ਦੇ ਨਾਂ 'ਤੇ 70 ਲੱਖ ਰੁਪਏ ਤੋਂ ਵੱਧ ਰਾਸ਼ੀ ਦੀ ਠੱਗੀ ਮਾਰੀ ਹੈ। ਉਨ੍ਹਾਂ ਕਿਹਾ ਕਿ ਸੁਖਦੀਪ ਸਿੰਘ ਨੇ ਵਿਸ਼ਵਾਸ ਦਿਵਾਇਆ ਸੀ ਕਿ ਮੇਰੀ ਭੈਣ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਵਿਚ ਵਕੀਲ ਹੈ। ਉਸਨੇ ਸਾਡੇ ਨਾਲ ਪੀ.ਆਰ. ਕਰਵਾਉਣ ਦਾ ਅਸ਼ਟਾਮ 'ਤੇ ਲਿਖਤੀ ਰੂਪ 'ਚ ਇਕਰਾਰਨਾਮਾ ਵੀ ਕੀਤਾ ਸੀ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਵੀਜਾ ਆਉਣ ਉਪਰੰਤ ਬੈਂਕ ਰਾਹੀਂ ਸੁਖਦੀਪ ਸਿੰਘ ਤੇ ਰਮਨਦੀਪ ਕੌਰ ਦੇ ਖਾਤੇ ਵਿੱਚ 24 ਲੱਖ ਰੁਪਏ ਦੀ ਰਾਸ਼ੀ ਟਰਾਂਸਫਰ ਕਰਵਾਈ ਸੀ ਅਤੇ



ਬਾਕੀ ਰਾਸ਼ੀ ਨਕਦ ਦਿੱਤੀ ਸੀ। ਉਸ ਤੋਂ ਬਾਅਦ ਉਸ ਵਲੋਂ ਲਿਖਤੀ ਰੂਪ ਵਿੱਚ ਦਸਤਖਤ ਕਰਕੇ ਰਾਸ਼ੀ ਵਸੂਲਣ ਦਾ ਪਰਨੋਟ ਵੀ ਦਿੱਤਾ ਸੀ। ਜਸਮੀਨ ਕੌਰ ਨੇ ਅੱਗੇ ਦੱਸਿਆ ਕਿ ਉਹ ਦੋ ਵਾਰੀ ਦਿੱਲੀ ਏਅਰਪੋਰਟ ਤੋਂ ਵਾਪਿਸ ਆ ਚੁੱਕੀ ਹਾਂ ਕਿਉਂਕਿ ਇਮੀਗ੍ਰੇਸ਼ਨ ਦੇ ਅਧਿਕਾਰੀਆਂ ਨੇ ਕਿਹਾ ਸੀ ਕਿ ਤੁਸੀ ਇਸ ਵੀਜੇ 'ਤੇ ਕੈਨੇਡਾ ਨਹੀਂ ਜਾ ਸਕਦੇ। ਠਾਕੁਰ ਸਿੰਘ ਮੰਡੇਰ ਨੇ ਅੱਗੇ ਦੱਸਿਆ ਕਿ ਇਸ ਤੋਂ ਬਾਅਦ ਉਹ ਵਾਰ-ਵਾਰ ਆਪਣੇ ਵਲੋਂ ਦਿੱਤੀ ਰਾਸ਼ੀ, ਮੇਰੀ ਮਾਤਾ ਦਾ ਦਸਤਖਤ ਕੀਤਾ ਖਾਲੀ ਚੈੱਕ, ਪਾਸਪੋਰਟ, ਪੈਨ ਕਾਰਡ, ਆਧਾਰ ਕਾਰਡ ਮੰਗਦਾ ਰਿਹਾ ਪਰ ਏਜੰਟ ਸੁਖਦੀਪ ਸਿੰਘ ਲਾਰੇ ਹੀ ਲਾਉਂਦਾ ਰਿਹਾ। ਫਿਰ ਉਹ ਆਪਣੀ ਮਾਤਾ, ਭੈਣ ਤੇ ਜੋਗਿੰਦਰ ਸਿੰਘ ਆਜ਼ਾਦ ਤੇ ਹੋਰ ਮੈਂਬਰ ਕਈ ਦਿਨ ਉਸਦੇ ਪਿੰਡ ਢਢੋਗਲ ਜਾਂਦੇ ਰਹੇ ਤਾਂ ਉਹ ਇਕ ਘੰਟੇ ਵਿੱਚ ਆਇਆ ਦਾ ਬਹਾਨਾ ਲਾ ਕੇ ਫਰਾਰ ਹੁੰਦਾ ਰਿਹਾ। ਦੂਜੇ ਪਾਸੇ ਮਨੁੱਖੀ ਅਧਿਕਾਰ ਮੰਚ (ਰਜਿ.) ਪੰਜਾਬ, ਬਲਾਕ ਦੋਰਾਹਾ ਦੇ ਪ੍ਰਧਾਨ ਜੋਗਿੰਦਰ ਸਿੰਘ ਆਜ਼ਾਦ ਵਾਸੀ ਪਿੰਡ ਜਰਗ ਨੇ ਪੁਲਸ ਨੂੰ ਦਿੱਤੇ ਬਿਆਨ ਵਿੱਚ ਕਿਹਾ ਕਿ ਟਰੈਵਲ ਏਜੰਟ ਸੁਖਦੀਪ ਸਿੰਘ ਨੇ ਉਸਦੀ ਬੇਟੀ ਨੂੰ ਸਟੱਡੀ ਲੋਨ ਰਾਹੀਂ ਕੈਨੇਡਾ ਭੇਜਣ ਦੇ ਨਾਂ 'ਤੇ 3.50 ਲੱਖ ਦੀ ਰਾਸ਼ੀ ਲਈ ਸੀ। ਮੇਰੇ ਵਾਰ-ਵਾਰ ਕਹਿਣ 'ਤੇ ਸਿਰਫ਼ 95,000 ਦੀ ਰਾਸ਼ੀ ਹੀ ਵਾਪਿਸ ਕੀਤੀ। ਜੋ ਉਸਨੇ 2 ਲੱਖ ਰੁਪਏ ਦਾ ਚੈੱਕ ਦਿੱਤਾ ਉਹ ਬੈਂਕ ਆਫ ਇੰਡੀਆ ਵਿੱਚ ਬਾਊਂਸ ਹੋ ਗਿਆ। ਉਸਨੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਲਈ ਮੈਨੂੰ ਤੇ ਮੇਰੀ ਬੇਟੀ ਨੂੰ ਲੀਗਲ ਨੋਟਿਸ ਭੇਜਿਆ ਕਿ ਮੈਂ ਪਾਸਪੋਰਟ ਦਫਤਰ ਵਿੱਚ ਕੰਮ ਕਰਦਾ ਹਾਂ। ਇਸ ਤੋਂ ਬਾਅਦ ਉਸ ਵੱਲੋਂ ਜਸਮੀਨ ਕੌਰ, ਠਾਕੁਰ ਸਿੰਘ ਮੰਡੇਰ ਤੇ ਉਸਦੇ ਵਿਰੁੱਧ ਝੂਠੀ ਰਿਪੋਰਟ ਦਰਜ ਕਰਵਾਈ, ਜੋ ਨਿਰਾ ਝੂਠ ਦਾ ਪੁਲੰਦਾ ਸਾਬਿਤ ਹੋਇਆ ਕਿਉਂਕਿ ਮਾਮਲੇ ਦੀ ਜਾਂਚ ਪੜਤਾਲ ਨਿਖਿਲ ਗਰਗ ਡੀ. ਐੱਸ. ਪੀ. ਪਾਇਲ ਪਹਿਲਾਂ ਹੀ ਕਰ ਰਹੇ ਸਨ। ਅੰਤ ਵਿਚ ਜੋਗਿੰਦਰ ਸਿੰਘ ਆਜਾਦ ਨੇ ਪੁਲਸ ਪ੍ਰਸ਼ਾਸਨ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਮੈਂ ਅਕਸਰ ਹੀ ਵੱਖੋ-ਵੱਖ ਸਮਾਗਮਾਂ 'ਤੇ ਜਾਂਦਾ ਹਾਂ ਮੇਰੀ ਜਾਨ ਨੂੰ ਸੁਖਦੀਪ ਸਿੰਘ ਤੇ ਉਸਦੇ ਪਰਿਵਾਰ ਤੋਂ ਖਤਰਾ ਹੈ। ਲੱਖਾਂ ਦੀ ਠੱਗੀ ਮਾਰਨ ਵਾਲਾ ਕਿਸੇ ਵੇਲੇ ਸਾਡੇ ਸਾਰਿਆਂ 'ਤੇ ਜਾਨਲੇਵਾ ਹਮਲਾ ਕਰਵਾ ਸਕਦਾ ਹੈ। ਇਸ ਨੂੰ ਜਲਦੀ ਗ੍ਰਿਫਤਾਰ ਕਰ ਕੇ ਸਾਨੂੰ ਇਨਸਾਫ ਦਿਵਾਇਆ ਜਾਵੇ। ਪੀੜਤ ਪਰਿਵਾਰਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਵੀ ਪੁਰਜ਼ੋਰ ਮੰਗ ਕੀਤੀ ਹੈ ਕਿ ਫਰਜੀ ਏਜੰਟਾਂ ਵਿਰੁੱਧ ਕਾਨੂੰਨੀ ਸ਼ਿਕੰਜਾ ਸਖਤੀ ਨਾਲ ਲਾਗੂ ਕੀਤਾ ਜਾਵੇ।

# ਟਾਂਡਾ ਵਿਖੇ ਪੇਟੀ 'ਚੋਂ ਮਿਲੀ ਵਿਆਹੁਤਾ ਦੀ ਲਾਸ਼ ਦੇ ਮਾਮਲੇ 'ਚ ਨਵਾਂ ਮੋੜ, ਗੈਂਗਰੇਪ ਮਗਰੋਂ ਕੀਤਾ ਗਿਆ ਸੀ ਕਤਲ

ਹੁਸ਼ਿਆਰਪੁਰ/ਟਾਂਡਾ ਉੜਮੁੜ 5 ਫਰਵਰੀ। ਜਿਲ੍ਹਾ ਹੁਸ਼ਿਆਰਪੁਰ ਦੇ ਬਲਾਕ ਉੜਮੁੜ ਟਾਂਡਾ ਅਧੀਨ ਪੈਂਦੇ ਇਕ ਪਿੰਡ ਦੀ 28 ਸਾਲਾ ਵਿਆਹੁਤਾ ਨੂੰ ਗੁਆਂਢ ਵਿੱਚ ਰਹਿੰਦੇ ਵਿਅਕਤੀ ਵੱਲੋਂ ਕਤਲ ਕਰਕੇ ਲੋਹੇ ਦੀ ਪੇਟੀ ਵਿੱਚ ਬੰਦ ਕਰ ਦਿੱਤਾ ਗਿਆ ਸੀ। ਮੌਕੇ ਉਤੇ ਪਹੁੰਚੀ ਪੁਲਸ ਨੇ ਵਿਆਹੁਤਾ ਦੀ ਲਾਸ਼ ਨੂੰ ਕਬਜੇ ਵਿਚ ਲਿਆ ਅਤੇ ਅਗਲੇਰੀ ਜਾਂਚ ਸ਼ੁਰੂ ਕੀਤੀ। ਪੁਲਸ ਵੱਲੋਂ ਕੀਤੀ ਗਈ ਜਾਂਚ ਵਿਚ ਇਸ ਮਾਮਲੇ ਨੇ ਨਵਾਂ ਮੋੜ ਲੈ ਲਿਆ ਹੈ। ਦਰਅਸਲ ਇਹ ਮਾਮਲਾ ਗੈਂਗਰੇਪ ਦਾ ਨਿਕਲਿਆ। ਜਿਸ ਦੀ ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਕੁਲਵੰਤ ਸਿੰਘ ਟਾਂਡਾ ਉੜਮੁੜ ਨੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਦੇ ਬਿਆਨਾਂ ਦੇ ਆਧਾਰ 'ਤੇ ਤਿੰਨ ਦੋਸੀਆਂ ਖ਼ਿਲਾਫ 376, 302, 34, 201 ਅਧੀਨ ਗੈਂਗਰੇਪ ਅਤੇ ਕਤਲ ਦਾ ਮਾਮਲਾ ਦਰਜ ਕਰਕੇ ਦੋਸੀਆਂ ਦੀ ਭਾਲ ਵਿਚ ਛਾਪੇਮਾਰੀ ਕੀਤੀ ਜਾ ਰਹੀ ਹੈ। ਕਤਲ ਕੀਤੀ ਗਈ ਵਿਆਹੁਤਾ ਦੋ ਬੱਚਿਆਂ ਦੀ ਮਾਂ ਸੀ। ਪੁੱਛਗਿੱਛ ਦੌਰਾਨ ਮ੍ਰਿਤਕ ਕੁੜੀ ਦੀ ਭੈਣ ਦੀ ਕੋਲੋਂ ਪਤਾ ਲੱਗਾ ਹੈ ਕਿ ਕਾਤਲ ਉਸ ਦਾ ਭਰਾ ਲੱਗਦਾ ਸੀ ਅਤੇ ਕਤਲ ਕੀਤੀ ਗਈ ਵਿਆਹੁਤਾ ਉਸ ਨੂੰ ਰੱਖੜੀ ਬੰਨ੍ਹਦੀ ਸੀ ਪਰ ਪਤਾ ਨਹੀਂ ਸੀ ਕਿ ਰਿਸ਼ਤੇ ਵਿਚ ਲੱਗਦੇ ਉਸੇ ਭਰਾ ਨੇ ਹੀ ਭੈਣ ਨਾਲ ਇਹ ਕਹਿਰ ਕਮਾਉਣਾ ਹੈ। ਪਰਿਵਾਰ ਵੱਲੋਂ ਦੋਸ਼ੀਆਂ ਨੂੰ ਫਾਂਸੀ ਦੇਣ ਦੀ ਮੰਗ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਟਾਂਡਾ ਉੜਮੁੜ ਦੇ ਇਕ ਪਿੰਡ ਵਿਚ ਬੀਤੀ ਦੁਪਹਿਰ ਉਸ ਵੇਲੇ ਸਨਸਨੀ ਫੈਲ ਗਈ ਜਦੋਂ ਕਤਲ ਕੀਤੀ ਗਈ ਇਕ ਔਰਤ ਦੀ ਲਾਸ਼ ਉਸ ਦੇ ਹੀ



ਗੁਆਂਢ ਦੇ ਘਰ ਪੇਟੀ ਵਿਚੋਂ ਮਿਲੀ। ਕਤਲ ਕੀਤੀ ਗਈ ਔਰਤ ਆਪਣੇ ਪੇਕੇ ਘਰ ਆਈ ਹੋਈ ਸੀ। ਉਸ ਦੀ ਲਾਸ਼ ਉਸ ਦੇ ਗੁਆਂਢ ਸ਼ਰੀਕੇ ਵਿਚੋਂ ਭਰਾ ਦੇ ਘਰ ਕਪੜਿਆਂ ਵਾਲੀ ਪੇਟੀ ਵਿੱਚੋਂ ਮਿਲੀ ਹੈ, ਜਿਸ ਵਿਚ ਉਸ ਨੂੰ ਲੁਕੋ ਕੇ ਰੱਖਿਆ ਗਿਆ ਸੀ। ਕਤਲ ਕੀਤੀ ਗਈ ਔਰਤ ਦੇ ਪਿਤਾ ਕਿਸ਼ਨ ਪੁੱਤਰ ਕੁੰਦਨ ਲਾਲ ਨੇ ਦੱਸਿਆ ਕਿ ਉਸ ਦੇ ਭਾਣਜੇ ਕਰਨ ਪੁੱਤਰ ਰਾਜ ਕੁਮਾਰ ਨੇ ਦੁਪਹਿਰ 1 ਵਜੇ ਦੇ ਕਰੀਬ ਉਸ ਨੂੰ ਦੱਸਿਆ ਕਿ ਉਸ ਦਾ ਵੱਡਾ ਭਰਾ ਰਜਿੰਦਰ ਕੁਮਾਰ ਬੰਟੂ ਉਸ ਦਾ ਕਤਲ ਕਰਕੇ ਕਿਸੇ ਵਿਅਕਤੀ ਨਾਲ ਮੋਟਰਸਾਈਕਲ 'ਤੇ ਫਰਾਰ ਹੋ ਗਿਆ ਹੈ, ਜਦੋਂ ਉਨ੍ਹਾਂ ਉਸ ਦੇ ਘਰ ਆ ਕੇ ਵਿਆਹੁਤਾ ਦੀ ਭਾਲ ਕੀਤੀ ਤਾਂ ਉਸ ਦੀ ਲਾਸ਼ ਪੇਟੀ ਵਿਚ ਕੱਪੜਿਆਂ ਥੱਲਿਓਂ ਮਿਲੀ . ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੀ ਟਾਂਡਾ ਪੁਲਸ ਦੀ ਟੀਮ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਜਾਂਚ ਸ਼ੁਰੂ ਕੀਤੀ। ਥਾਣਾ ਮੁਖੀ ਟਾਂਡਾ ਐੱਸ. ਆਈ. ਮਲਕੀਅਤ ਸਿੰਘ ਨੇ ਦੱਸਿਆ ਕਿ ਟਾਂਡਾ ਪੁਲਸ ਨੇ ਕਤਲ ਕੀਤੀ ਗਈ ਔਰਤ ਦੇ ਪਿਤਾ ਦੇ ਬਿਆਨ ਦੇ ਆਧਾਰ 'ਤੇ ਬੰਟੂ, ਉਸ ਦੇ ਭਰਾ ਅਤੇ ਇਕ ਹੋਰ ਵਿਅਕਤੀ ਖ਼ਿਲਾਫ ਗੈਂਗਰੇਪ ਅਤੇ ਕਤਲ ਦਾ ਮਾਮਲਾ ਦਰਜ ਕੀਤਾ ਹੈ। ਥਾਣਾ ਮੁਖੀ ਨੇ ਦੱਸਿਆ ਕਿ ਆਪਣੇ ਬਿਆਨ ਵਿਚ ਕਿਸ਼ਨ ਨੇ ਦੋਸ਼ ਲਾਇਆ ਕਿ ਤਿੰਨਾਂ ਮੁਲਜਮਾਂ ਨੇ ਉਸ ਦੀ ਧੀ ਨਾਲ ਗੈਂਗਰੇਪ ਕਰਨ ਤੋਂ ਬਾਅਦ ਉਸ ਦਾ ਕਤਲ ਕੀਤਾ ਹੈ। ਪੁਲਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪਤਾ ਲਾਇਆ ਜਾ ਰਿਹਾ ਹੈ ਕਿ ਜੋਤੀ ਦਾ ਕਤਲ ਕਿਹੜੇ ਹਾਲਾਤ ਵਿਚ ਹੋਇਆ ਹੈ।

## ਫਿਜੀਓਥਰੈਪੀ ਦੇ ਬਹਾਨੇ ਲੋਕਾਂ ਨੂੰ ਜਾਲ 'ਚ ਫਸਾਉਂਦੇ ਸਨ ਪਤੀ-ਪਤਨੀ, ਪੰਜ ਘਰਾਂ ਨੂੰ ਲੁੱਟ ਕੇ ਹੋਏ ਫਰਾਰ

ਗੁਰਦਾਸਪੁਰ 5 ਫਰਵਰੀ। ਗੁਰਦਾਸਪੁਰ ਤੋਂ ਅਜਿਹਾ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ, ਜਿਥੇ ਫਿਜ਼ੋਥਰੈਪੀ ਦੇ ਨਾਂ 'ਤੇ ਲੋਕਾਂ ਨਾਲ ਪਿਆਰ ਅਤੇ ਵਿਸਵਾਸ ਬਣਾ ਕੇ ਉਨ੍ਹਾਂ ਦੇ ਘਰ ਤੱਕ ਵੜਨਾ ਅਤੇ ਫਿਰ ਖਾਣ-ਪੀਣ ਵਾਲੀ ਕਿਸੇ ਚੀਜ 'ਚ ਨਸੀਲਾ ਪਦਾਰਥ ਮਿਲਾ ਕੇ ਪਰਿਵਾਰ ਨੂੰ ਲੁੱਟ ਕੇ ਲੈ ਜਾਣਾ, ਅਜਿਹੇ ਕੰਮ ਕਰਦਾ ਇਕ ਜੋੜਾ ਥਾਣਾ ਧਾਰੀਵਾਲ ਦੀ ਪੁਲਸ ਵੱਲੋਂ ਕਾਬੂ ਕਰ ਲਿਆ ਗਿਆ ਹੈ। ਹੁਣ ਤੱਕ ਇਸ ਜੋੜੇ ਦੇ ਖ਼ਿਲਾਫ ਫ਼ਿਜੀਓਥੈਰਪੀ ਦੇ ਬਹਾਨੇ ਪੰਜ ਘਰਾਂ ਨੂੰ ਸ਼ਿਕਾਰ ਬਣਾ ਕੇ ਲੁੱਟਣ ਦੇ ਮਾਮਲੇ ਦਰਜ ਹੋ ਚੁੱਕੇ ਹਨ। ਬੰਟੀ ਔਰ ਬੱਬਲੀ ਦੀ ਕਹਾਣੀ ਵਾਂਗ ਇਹ ਪਤੀ -ਪਤਨੀ ਲਗਾਤਾਰ ਵਾਰਦਾਤਾਂ ਕਰ ਰਹੇ ਸਨ। ਇਸ ਮਾਮਲੇ ਸੰਬਧੀ ਜਾਣਕਾਰੀ ਦਿੰਦੇ ਪੁਲਸ ਥਾਣਾ ਧਾਰੀਵਾਲ ਦੇ ਇੰਚਾਰਜ ਸਰਬਜੀਤ ਸਿੰਘ ਨੇ ਦੱਸਿਆ ਕਿ ਪਿਛਲੇ ਮਹੀਨੇ ਪਰਮਜੀਤ ਕੌਰ ਵਾਸੀ ਪਿੰਡ ਕਲਿਆਣਪੁਰ ਵੱਲੋਂ ਧਾਰੀਵਾਲ ਪੁਲਸ ਨੂੰ ਇੱਕ ਦਰਖਾਸਤ ਦਿੱਤੀ ਗਈ ਸੀ। ਉਨ੍ਹਾਂ ਦੇ ਘਰ ਇਕ ਬਿਮਾਰ ਬਜੁਰਗ ਨੂੰ ਫਿਜੀਓਥਰੇਪੀ ਦੀ ਲੋੜ ਸੀ ਅਤੇ ਇਸ ਦੇ ਲਈ ਨੇੜੇ ਦੇ ਇਕ ਫਿਜੀਓਥਰੈਪਿਸਟ ਪਤੀ-ਪਤਨੀ ਦੀਆਂ ਸੇਵਾਵਾਂ ਲਈਆਂ ਗਈਆਂ ਜਿਨ੍ਹਾਂ ਨੇ ਉਨ੍ਹਾਂ



ਦੇ ਘਰ ਆ ਕੇ ਬੀਮਾਰ ਬਜੁਰਗ ਦੀ ਫਿਜੀਓਥੈਰਪੀ ਕਰਨੀ ਸੁਰੂ ਕਰ ਦਿੱਤੀ। ਇਸ ਜੋੜੇ ਨੇ ਪਰਿਵਾਰ ਨਾਲ ਪਰਿਵਾਰਕ ਸਬੰਧ ਬਣਾ ਲਏ। ਜਦੋਂ ਪਰਿਵਾਰ 'ਤੇ ਪੂਰਾ ਵਿਸਵਾਸ ਬਣ ਗਿਆ ਤਾਂ ਜੋੜੇ ਨੇ 24 ਸਤੰਬਰ ਨੂੰ ਨਸੀਲਾ ਪਦਾਰਥ ਸਾਰੇ ਘਰ ਦੇ ਮੈਂਬਰਾਂ ਨੂੰ ਪਿਲਾ ਕੇ ਬੇਹੋਸ ਕਰ ਦਿੱਤਾ ਅਤੇ ਉਨ੍ਹਾਂ ਦੇ ਘਰ 'ਚੋਂ 70 ਗ੍ਰਾਮ ਦੇ ਕਰੀਬ ਸੋਨੇ ਦੇ ਗਹਿਣੇ ਅਤੇ 65 ਤੋਂ 70 ਹਜਾਰ ਰੁਪਏ ਦੀ ਨਕਦੀ ਲੁੱਟ ਲਈ। ਧਾਰੀਵਾਲ ਪੁਲਸ ਵੱਲੋਂ ਇਸ ਜੋੜੇ ਖ਼ਿਲਾਫ ਮਾਮਲਾ ਦਰਜ ਇਨ੍ਹਾਂ ਦੀ ਤਲਾਸ ਕੀਤੀ ਜਾ ਰਹੀ ਸੀ, ਜਦੋਂ ਜੋੜਾ ਇਹ ਹਿਮਾਚਲ ਤੋਂ ਇੱਕ ਕਾਰ ਤੇ ਸਵਾਰ ਹੋ ਕੇ ਆ ਰਹੇ ਸਨ ਤਾਂ ਧਾਰੀਵਾਲ ਪੁਲਸ ਨੂੰ ਇਨ੍ਹਾਂ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਵੀ ਹੋ ਗਈ। ਐੱਸ. ਐੱਚ. ਓ. ਧਾਰੀਵਾਲ ਸਰਬਜੀਤ ਸਿੰਘ ਨੇ ਦੱਸਿਆ ਕਿ ਇਹ ਪਤੀ-ਪਤਨੀ ਲੋਕਾਂ ਨੂੰ ਲਗਾਤਾਰ ਆਪਣਾ ਸ਼ਿਕਾਰ ਬਣਾ ਰਹੇ ਸਨ। ਵਿਨੇ ਨੰਦਾ ਅਤੇ ਸਾਲੂ ਨੰਦਾ ਨਾਮਕ ਪਤੀ-ਪਤਨੀ ਦੇ 'ਤੇ ਪਹਿਲਾਂ ਤੋਂ ਹੀ ਚਾਰ ਅਜਿਹੇ ਮਾਮਲੇ ਵੱਖ-ਵੱਖ ਥਾਣਿਆਂ ਦੇ 'ਚ ਦਰਜ ਹਨ। ਇਸ ਲੁਟੇਰੇ ਪਤੀ-ਪਤਨੀ ਨਾਲ ਉਨ੍ਹਾਂ ਦੇ ਡਰਾਈਵਰ ਦੀ ਗ੍ਰਿਫਤਾਰੀ ਵੀ ਕੀਤੀ ਗਈ ਹੈ ਅਤੇ ਜਾਂਚ ਕੀਤੀ ਜਾ ਰਹੀ ਹੈ। ਇਹ ਵੀ ਪਤਾ ਲਗਾਇਆ ਜਾ ਰਿਹਾ ਹੈ ਕਿ ਡਰਾਈਵਰ ਦਾ ਇਨ੍ਹਾਂ ਦੇ ਕਾਰਨਾਮਿਆਂ 'ਚ ਕਿੰਨਾ ਕੁ ਹੱਥ ਹੈ। ਇਸ ਤੋਂ ਇਲਾਵਾ ਇਹ ਹਿਮਾਚਲ ਪ੍ਰਦੇਸ 'ਚ ਵੀ ਕੋਈ ਅਜਿਹਾ ਕਾਰਨਾਮਾ ਹੀ ਨਾ ਕਰਕੇ ਆਏ ਹੋਣ ਇਹ ਪੁੱਛ-ਗਿੱਛ ਵੀ ਕੀਤੀ ਜਾ ਰਹੀ ਹੈ।

## ਔਰਤ ਨਾਲ ਗੈਂਗਰੇਪ ਮਗਰੋਂ ਕਤਲ ਦਾ ਮਾਮਲਾ, 2 ਮੁਲਜਮਾਂ ਨੂੰ ਟਾਂਡਾ ਪੁਲਸ ਨੇ ਕੀਤਾ ਗ੍ਰਿਫਤਾਰ

ਟਾਂਡਾ ਉੜਮੁੜ 5 ਫਰਵਰੀ। ਪਿੰਡ ਕੋਟਲੀ (ਬੋਦਲ) 'ਚ ਬੀਤੇ ਦਿਨ ਗੈਂਗਰੇਪ ਤੋਂ ਬਾਅਦ ਔਰਤ ਦੇ ਕਤਲ ਲਈ ਜ਼ਿੰਮੇਵਾਰ 3 ਮੁਲਜਮਾਂ 'ਚੋਂ 2 ਨੂੰ ਟਾਂਡਾ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਆਪਣੇ ਪੇਕੇ ਪਿੰਡ 'ਚ ਨਵਜੋਤ ਕੌਰ ਜੋਤੀ ਪਤਨੀ ਨੀਟਾ ਵਾਸੀ ਡੱਫਰ ਦੇ ਕਤਲ ਤੋਂ ਬਾਅਦ ਟਾਂਡਾ ਪੁਲਸ ਨੇ ਬੀਤੀ ਰਾਤ ਉਸ ਦੇ ਹੀ ਸ਼ਰੀਕੇ ਨਾਲ ਸਬੰਧਿਤ ਦੋ ਭਰਾਵਾਂ ਰਜਿੰਦਰ ਕੁਮਾਰ ਬੰਟੂ ਅਤੇ ਕਰਨ ਕੁਮਾਰ ਪੁੱਤਰ ਰਾਜ ਕੁਮਾਰ ਅਤੇ ਉਨ੍ਹਾਂ ਦੇ ਸਾਥੀ ਸੰਦੀਪ ਪੁੱਤਰ ਮੰਗਾ ਵਾਸੀ ਨੰਗਲ ਖੂੰਗਾ ਦੇ ਖ਼ਿਲਾਫ ਕਤਲ ਅਤੇ ਜਬਰਜ਼ਿਨਾਹ ਦੀਆਂ ਧਾਰਾਵਾਂ ਅਧੀਨ ਮਾਮਲਾ ਦਰਜ ਕਰਕੇ




ਰਜਿੰਦਰ ਅਤੇ ਕਰਨ ਨੂੰ ਗ੍ਰਿਫਤਾਰ ਕਰ ਲਿਆ ਹੈ। ਡੀ. ਐੱਸ. ਪੀ. ਕੁਲਵੰਤ ਸਿੰਘ ਅਤੇ ਥਾਣਾ ਮੁਖੀ ਮਲਕੀਅਤ ਸਿੰਘ ਨੇ ਦੱਸਿਆ ਕਿ ਜਲਦ ਤੀਜੇ ਮੁਲਜ਼ਮ ਨੂੰ ਵੀ ਕਾਬੂ ਕਰ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਮੌਤ ਦਾ ਸ਼ਿਕਾਰ ਹੋਈ ਔਰਤ ਦੇ ਪਿਤਾ ਕਿਸ਼ਨ ਨੇ ਦੱਸਿਆ ਕਿ ਇਨ੍ਹਾਂ ਮੁਲਜਮਾਂ ਨੇ ਉਸ ਦੀ ਧੀ ਨਾਲ ਜਬਰ-ਜ਼ਿਨਾਹ ਕਰਨ ਤੋਂ ਬਾਅਦ ਉਸ ਦੇ ਹੱਥ-ਪੈਰ ਬੰਨ੍ਹੇ ਅਤੇ ਗਲਾ ਘੁੱਟ ਕੇ ਉਸ ਦਾ ਕਤਲ ਕਰ ਦਿੱਤਾ ਅਤੇ ਲਾਸ਼ ਨੂੰ ਖੁਰਦ-ਬੁਰਦ ਕਰਨ ਦੀ ਮਨਸ਼ਾ ਨਾਲ ਉਸ ਨੂੰ ਪੇਟੀ 'ਚ ਕੱਪੜਿਆਂ ਥੱਲੇ ਲੁਕੋ ਦਿੱਤਾ ਸੀ। ਜ਼ਿਕਰਯੋਗ ਹੈ ਕਿ ਜੋਤੀ ਦੇ ਭਰਾ ਦੀ ਵੀ ਕੁਝ ਮਹੀਨੇ ਪਹਿਲਾਂ ਮਾਹਿਲਪੁਰ ਨਜ਼ਦੀਕ ਸੜਕ ਹਾਦਸੇ 'ਚ ਮੌਤ ਹੋ ਗਈ ਸੀ। ਉਹੀ ਘਰ 'ਚ ਇਕੱਲੇ ਰਹਿੰਦੇ ਆਪਣੇ ਪਿਤਾ ਦਾ ਸਹਾਰਾ ਸੀ।

# ਨੌਜਵਾਨ ਨੂੰ ਬੇਰਹਿਮੀ ਨਾਲ ਉਤਾਰਿਆ ਮੌਤ ਦੇ ਘਾਟ, ਦੋ ਭੈਣਾਂ ਦਾ ਸੀ ਇਕਲੌਤਾ ਭਰਾ

ਬਲਾਚੌਰ/ਬੀਣੇਵਾਲ 5 ਫਰਵਰੀ। ਕਸਬਾ ਬੀਣੇਵਾਲ ਨਜਦੀਕ ਬੀਤ ਦੇ ਪਿੰਡ ਡੱਲੇਵਾਲ ਦੇ ਇਕ ਨੌਜਵਾਨ ਰਜਿੰਦਰ ਕੁਮਾਰ ਉਰਫ ਰਵੀ (23) ਪੁੱਤਰ ਨਸੀਬ ਚੰਦ ਦਾ ਬੇਰਹਿਮੀ ਨਾਲ ਕਤਲ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਦੋ ਭੈਣਾਂ ਦਾ ਇਕਲੌਤਾ ਭਰਾ ਸੀ ਅਤੇ ਮ੍ਰਿਤਕ ਦੇ ਪਿਤਾ ਦੀ ਵੀ ਤਕਰੀਬਨ 20 ਸਾਲ ਪਹਿਲਾਂ ਮੌਤ ਹੋ ਚੁੱਕੀ ਹੈ। ਕਸਮੀਰੀ ਲਾਲ ਪੁੱਤਰ ਜਾਗਰ ਰਾਮ ਅਤੇ ਲੰਬੜਦਾਰ ਹਰਬੰਸ ਲਾਲ ਬਸਣਪਾਲ ਆਦਿ ਨੇ ਦੱਸਿਆ ਕਿ ਬੀਤੇ ਦਿਨ 6 ਅਪ੍ਰੈਲ ਨੂੰ ਦੁਪਹਿਰ ਕਰੀਬ 12 ਵਜੇ ਰਜਿੰਦਰ ਕੁਮਾਰ ਰਵੀ ਆਪਣੇ ਚਚੇਰੇ ਭਰਾ ਦਾ ਪਲੈਟਿਨਾ ਮੋਟਰਸਾਈਕਲ ਨੰ. ਪੀ ਬੀ 24 ਬੀ/3271 ਲੈ ਕੇ ਪਿੰਡ ਦੇ ਨੌਜਵਾਨ ਗਗਨਦੀਪ ਪੁੱਤਰ ਜੋਗਿੰਦਰ ਰਾਮ ਨਿਵਾਸੀ ਡੱਲੇਵਾਲ ਥਾਣਾ ਗੜ੍ਹਸ਼ੰਕਰ ਅਤੇ ਵਿਸਾਲ ਕੁਮਾਰ ਪੁੱਤਰ ਰਾਕੇਸ਼ ਕੁਮਾਰ ਪਿੰਡ ਸਾਸਣ ਥਾਣਾ ਮਹਿਤਪੁਰ ਜ਼ਿਲ੍ਹਾ ਊਨਾ ਨਾਲ ਆਪਣੀ ਮਾਤਾ ਨੂੰ ਇਹ ਕਹਿ ਕੇ ਚਲਾ ਗਿਆ ਕਿ ਉਹ ਥੋੜ੍ਹੀ ਦੇਰ ਤਕ ਵਾਪਸ ਆ ਜਾਣਗੇ। ਉਨ੍ਹਾਂ ਦੱਸਿਆ ਕਿ ਉਸ ਤੋਂ ਇਕ



ਘੰਟੇ ਬਾਅਦ ਹੀ ਰਵੀ ਦਾ ਮੋਬਾਈਲ ਫੋਨ ਅਤੇ ਉਸ ਨਾਲ ਗਏ ਨੌਜਵਾਨਾਂ ਦੇ ਫੋਨ ਬੰਦ ਆਉਣ ਲੱਗ ਪਏ। ਫਿਰ ਸਾਰੀ ਰਾਤ ਉਨ੍ਹਾਂ ਦੀ ਭਾਲ ਕਰਦੇ ਰਹੇ ਅਤੇ ਪੁਲਸ ਚੌਂਕੀ ਬੀਣੇਵਾਲ ਵੀ ਇਤਲਾਹ ਦਿੱਤੀ ਪਰ ਉਨ੍ਹਾਂ ਦਾ ਕੋਈ ਥਹੁ ਪਤਾ ਨਹੀ ਲੱਗਿਆ। ਸਵੇਰੇ ਕਰੀਬ 6 ਵਜੇ ਜਦ ਪਿੰਡ ਦੇ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋ ਕੇ ਭਾਲ ਕਰ ਰਹੇ ਸਨ ਤਾਂ ਮੈਹਿੰਦਵਾਣੀ ਪਿੰਡ ਤੋਂ ਕਰੈਸਰ ਨੂੰ ਜਾਂਦੇ ਰਸਤੇ ਵਿਚ ਹਿਮਾਚਲ ਪ੍ਰਦੇਸ ਦੇ ਪਿੰਡ ਗੋਂਦਪੁਰ ਜੈ ਚੰਦ ਦੀ ਹੱਦ 'ਚ ਜੰਗਲ ਵਿਚ ਰਵੀ ਦਾ ਮੋਟਰਸਾਈਕਲ ਕੱਚੇ ਰਸਤੇ 'ਤੇ ਖੜ੍ਹਾ ਮਿਲਿਆ ਜਦ ਆਲੇ ਦੁਆਲੇ ਭਾਲ ਕੀਤੀ ਤਾਂ ਮੋਟਰਸਾਈਕਲ ਤੋਂ ਕਰੀਬ ਕੁਝ ਦੂਰ ਝਾੜੀਆਂ ਵਿੱਚ ਪਈ ਰਵੀ ਦੀ ਲਾਸ ਮਿਲੀ, ਜੋ ਕਿ ਬੁਰੀ ਤਰ੍ਹਾਂ ਪੱਥਰਾਂ ਨਾਲ ਭੰਨੀ ਹੋਈ ਸੀ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦਾ ਮੂੰਹ ਬੁਰੀ ਤਰ੍ਹਾਂ ਪੱਥਰਾਂ ਨਾਲ ਭੰਨਿਆ ਹੋਇਆ ਸੀ ਅਤੇ ਗਰਦਨ ਦੇ ਥੱਲੇ ਤੇਜਧਾਰ ਹਥਿਆਰ ਦਾ ਜਖਮ ਵੀ ਸੀ, ਜਦਕਿ ਰਵੀ ਦੇ ਨਾਲ ਗਏ ਦੋਵੇਂ ਨੌਜਵਾਨ ਲਾਪਤਾ ਦੱਸੇ ਜਾਂਦੇ ਹਨ। ਉਨ੍ਹਾਂ ਖਦਸ਼ਾ ਜਾਹਿਰ ਕੀਤਾ ਕਿ ਰਵੀ ਦਾ ਕਤਲ ਗਗਨਦੀਪ ਅਤੇ ਵਿਸਾਲ ਨੇ ਕੀਤਾ ਹੈ। ਹਰੋਲੀ ਪੁਲਸ ਨੇ ਲਾਸ ਕਬਜੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤੀ ਹੈ। ਸੰਪਰਕ ਕਰਨ 'ਤੇ ਐੱਸ. ਐੱਚ. ਓ. ਹਰੋਲੀ ਇੰਸਪੈਕਟਰ ਸੁਨੀਲ ਨੇ ਦੱਸਿਆ ਕਿ ਦੋਸ਼ੀਆਂ ਵਿਰੁੱਧ ਧਾਰਾ 302,34 ਆਈ ਪੀ ਸੀ ਅਧੀਨ ਮਾਮਲਾ ਦਰਜ ਕਰਕੇ ਦੋਸੀਆਂ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਫੋਰੈਂਸਿਕ ਟੀਮ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸੁਰੂ ਕਰ ਦਿੱਤੀ ਹੈ।

## ਨਾਬਾਲਗ ਕੁੜੀ ਦਾ ਗਰਭਪਾਤ ਕਰਵਾਉਣ ਦੇ ਦੋਸ਼ ਤਹਿਤ ਨੌਜਵਾਨ ਖ਼ਿਲਾਫ਼ ਮਾਮਲਾ ਦਰਜ

ਡੇਰਾਬੱਸੀ 5 ਫਰਵਰੀ। ਸਥਾਨਕ ਇਕ ਨਾਬਾਲਗ ਕੁੜੀ ਨਾਲ ਜਬਰ-ਜ਼ਿਨਾਹ ਕਰ ਕੇ ਗਰਭਪਾਤ ਕਰਵਾਉਣ ਦੇ ਦੋਸ਼ ਤਹਿਤ ਡੇਰਾਬੱਸੀ ਪੁਲਸ ਨੇ ਨੌਜਵਾਨ ਖ਼ਿਲਾਫ਼ 06 ਪੈਕਸੋ ਐਕਟ ਅਧੀਨ ਮਾਮਲਾ ਦਰਜ ਕੀਤਾ ਹੈ। ਦੋਸ਼ੀ ਦੀ ਪਛਾਣ ਗੁਰਜੀਤ ਸਿੰਘ ਵਾਸੀ ਪਿੰਡ ਭਗਵਾਸਪੁਰ ਦੇ ਤੌਰ 'ਤੇ ਹੋਈ ਹੈ। ਪੁਲਸ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਦੀ ਕਾਰਵਾਈ ਕਰ ਰਹੀ ਹੈ। ਏ. ਐੱਸ. ਆਈ. ਕੇਵਲ ਕੁਮਾਰ ਨੇ ਮਾਮਲੇ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਾਬਾਲਗ ਕੁੜੀ ਨਾਲ ਜਬਰ-ਜ਼ਿਨਾਹ ਕਰ ਕੇ ਗਰਭਪਾਤ ਕਰਵਾਉਣ ਦੇ ਦੋਸ਼ 'ਚ ਜ਼ਿਲ੍ਹਾ ਪੰਚਕੂਲਾ ਦੇ




ਰਾਏਪੁਰ ਪੁਲਸ ਥਾਣੇ 'ਚ ਕੱਟੀ ਜੀਰੋ ਐੱਫ਼. ਆਈ. ਆਰ. ਤਹਿਤ ਡੇਰਾਬੱਸੀ ਪੁਲਸ ਥਾਣੇ 'ਚ ਇਕ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕੁੜੀ ਨੇ ਆਪਣੇ ਬਿਆਨਾਂ 'ਚ ਦੱਸਿਆ ਕਿ ਸਾਲ 2019 'ਚ ਉਹ ਆਪਣੀ ਸਹੇਲੀ ਨਾਲ ਰਹਿੰਦੀ ਸੀ। ਉਸ ਵੇਲੇ ਉਸ ਦੀ ਉਮਰ 16 ਸਾਲ ਸੀ, ਉਸਦੀ ਜਾਣ-ਪਛਾਣ ਉਕਤ ਦੋਸ਼ੀ ਗੁਰਜੀਤ ਸਿੰਘ ਨਾਲ ਹੋਈ। ਦੋਸਤੀ ਆਪਸ ਵਿਚ ਵੱਧ ਗਈ, ਜੋ ਵਿਆਹ ਦਾ ਝਾਂਸਾ ਦੇ ਕੇ ਸਰੀਰਕ ਸਬੰਧ ਬਣਾਉਣ ਲੱਗਾ, ਜਿਸ ਦੌਰਾਨ 2-3 ਵਾਰ ਗਰਭਵਤੀ ਵੀ ਹੋ ਗਈ। ਬਾਅਦ 'ਚ ਪਤਾ ਲੱਗਾ ਕਿ ਗੁਰਜੀਤ ਸਿੰਘ ਵਿਆਹੁਤਾ ਹੈ। ਇਸ ਮਗਰੋਂ ਮਾਪਿਆਂ ਨੇ ਉਸ ਦਾ ਵਿਆਹ ਰਾਏਪੁਰ ਰਾਣੀ ਸਾਈਡ ਵੱਲ ਕਰਵਾ ਦਿੱਤਾ ਪਰ ਗਰਜੀਤ ਸਿੰਘ ਨੇ ਉਸਦੇ ਪਤੀ ਨਾਲ ਗੱਲ ਕਰ ਕੇ ਉਸਦਾ ਘਰ ਖਰਾਬ ਕਰਵਾ ਦਿੱਤਾ।

## ਤਲਾਕ ਲੈਣ ਦੀ ਜਿੱਦ 'ਚ ਪਤੀ ਨਾਲ ਕੀਤੀ ਜੱਗੋਂ ਤੇਰ੍ਹਵੀਂ, ਸਹੇਲੀ ਨਾਲ ਮਿਲ ਟੱਪੀਆਂ ਸਾਰੀਆਂ ਹੱਦਾਂ

ਲੁਧਿਆਣਾ 5 ਫਰਵਰੀ। ਸੋਸ਼ਲ ਮੀਡੀਆ ਦੇ ਯੁੱਗ ਵਿੱਚ ਲੁੱਟ ਖੋਹ ਅਤੇ ਬਲੈਕਮੇਲ ਦਾ ਨਿੱਤ ਨਵਾਂ ਮਾਮਲਾ ਸਾਹਮਣੇ ਆ ਰਿਹਾ ਹੈ। ਤਾਜਾ ਮਾਮਲਾ ਲੁਧਿਆਣਾ ਤੋਂ ਸਾਹਮਣੇ ਆਇਆ ਹੈ ਜਿੱਥੇ ਇੱਕ ਨੌਜਵਾਨ ਨੂੰ ਇੰਸਟਾਗ੍ਰਾਮ 'ਤੇ ਦੋਸਤੀ ਹੋਣ ਤੋਂ ਇਕ ਹਫਤੇ ਬਾਅਦ ਔਰਤ ਨੇ ਮਿਲਣ ਲਈ ਬੁਲਾਇਆ। ਜਦੋਂ ਨੌਜਵਾਨ ਉੱਥੇ ਪੁੱਜਾ ਤਾਂ ਉਸ ਨੂੰ ਔਰਤ ਨੇ ਪੀੜਤ ਦੀ ਪਤਨੀ ਅਤੇ ਹੋਰਨਾਂ ਦੇ ਨਾਲ ਮਿਲ ਕੇ ਕਿਡਨੈਪ ਕਰ ਲਿਆ। ਫਿਰ ਸੁੰਨਸਾਨ ਜਗ੍ਹਾ 'ਤੇ ਲਿਜਾ ਕੇ ਸਾਰੇ ਕੱਪੜੇ ਉਤਾਰ ਕੇ ਦਰੱਖਤ ਨਾਲ ਬੰਨ੍ਹ ਕੇ ਕੁੱਟ-ਮਾਰ ਕੀਤੀ ਅਤੇ ਵੀਡੀਓ ਵੀ ਬਣਾਈ। ਇੰਨਾ ਹੀ ਨਹੀਂ, ਨਕਦੀ ਅਤੇ ਮੋਬਾਇਲ ਵੀ ਲੁੱਟ ਕੇ ਲੈ ਗਏ। ਇਸ ਮਾਮਲੇ 'ਚ ਥਾਣਾ ਸਦਰ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਹਰਸਿਮਰਨ ਸਿੰਘ ਮੰਡ, ਤਰਨੀ ਮੰਡ ਨਿਵਾਸੀ ਪਿੰਡ ਭੁੱਟਾ, ਅਰਵਿੰਦਰ ਸਿੰਘ ਨਿਵਾਸੀ ਦੋਰਾਹਾ, ਜੋਤ ਨਿਵਾਸੀ ਘਲੋਟੀ, ਗੈਰੀ ਨਿਵਾਸੀ ਪਿੰਡ ਲਾਪਰਾਂ, ਹੇਮ ਨਿਵਾਸੀ ਰਾਜਗੜ੍ਹ, ਇੰਸਟਾਗ੍ਰਾਮ ਦੋਸਤ ਕੋਮਲ ਪੰਧੇਰ, ਪਤਨੀ ਮਨਪ੍ਰੀਤ ਕੌਰ, ਮੰਗੀ ਨਿਵਾਸੀ ਦੋਰਾਹਾ ਅਤੇ 9 ਅਣਪਛਾਤਿਆਂ ਵਜੋਂ ਹੋਈ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਇੰਦਰਜੀਤ (26) ਨਿਵਾਸੀ ਪਿੰਡ ਰਾਜਗੜ੍ਹ ਨੇ ਦੱਸਿਆ ਕਿ ਸਾਲ 2022 'ਚ ਉਸ ਦਾ ਵਿਆਹ ਮਨਪ੍ਰੀਤ ਕੌਰ ਨਾਲ ਹੋਇਆ ਸੀ। ਵਿਆਹ ਤੋਂ 9 ਮਹੀਨੇ ਬਾਅਦ ਹੀ ਉਹ ਅਰਵਿੰਦ ਨਾਂ ਦੇ ਮੁੰਡੇ ਨਾਲ ਲਿਵ ਇਨ ਰਿਲੇਸ਼ਨ 'ਚ ਰਹਿਣ ਲੱਗ ਪਈ। ਇੰਦਰਜੀਤ ਨੇ ਦੱਸਿਆ ਕਿ ਇਕ ਹਫਤਾ ਪਹਿਲਾਂ ਉਸ ਦੀ ਕੋਮਲ ਪੰਧੇਰ ਨਾਂ ਦੀ ਔਰਤ ਨਾਲ ਇੰਸਟਾਗ੍ਰਾਮ 'ਤੇ ਦੋਸਤੀ ਹੋ ਗਈ, ਜਿਸ ਨੇ ਬੀਤੀ 6 ਅਕਤੂਬਰ ਨੂੰ ਇੰਸਟਾਗ੍ਰਾਮ 'ਤੇ ਫੋਨ ਕਰ ਕੇ ਮਿਲਣ ਲਈ ਪਿੰਡ ਬੁਲਾਰਾ ਕੋਲ ਬੁਲਾਇਆ। ਜਦੋਂ ਉਹ ਆਪਣੀ ਆਲਟੋ ਕਾਰ 'ਚ ਉਸ ਨੂੰ ਮਿਲਣ ਗਿਆ ਤਾਂ ਉਸੇ ਸਮੇਂ ਸਾਰੇ ਮੁਲਜ਼ਮ ਵੀ ਇਕ ਕਾਰ 'ਚ ਉੱਥੇ ਪੁੱਜ ਗਏ, ਜਿਸ ਤੋਂ ਬਾਅਦ ਸਾਰਿਆਂ ਨੇ ਰਲ ਕੇ ਉਸ ਦੀਆਂ ਅੱਖਾਂ 'ਤੇ ਕੱਪੜਾ ਬੰਨ੍ਹ ਦਿੱਤਾ ਅਤੇ ਵਰਨਾ ਕਾਰ 'ਚ ਬੰਦੀ ਬਣਾ ਕੇ ਸੁੰਨਸਾਨ ਜਗ੍ਹਾ 'ਤੇ ਲੈ ਗਏ। ਮੁਲਜ਼ਮਾਂ ਨੇ ਉਸ ਦੀ ਜੇਬ 'ਚ ਪਈ 15 ਹਜ਼ਾਰ 700 ਰੁਪਏ ਦੀ ਨਕਦੀ, ਗਲੇ 'ਚ ਪਾਈ ਸੋਨੇ ਦੀ ਚੇਨ, ਆਈ ਫੋਨ ਲੁੱਟ ਲਿਆ। ਇਸ ਤੋਂ ਬਾਅਦ ਕੱਪੜੇ ਉਤਾਰ ਕੇ ਰੁੱਖ ਨਾਲ ਬੰਨ੍ਹ ਕੇ ਵੀਡੀਓ ਬਣਾਈ। ਇੰਨਾ ਹੀ ਨਹੀਂ, ਬੇਸਬਾਲ ਬੈਟ ਅਤੇ ਦਾਤਰ ਨਾਲ ਹਮਲਾ ਕਰ ਕੇ ਜ਼ਖਮੀ ਕਰ ਦਿੱਤਾ।


**NAME CHANGE**
I Pramod Prasad S/o Sateshwar Prasad Dobhal R/o Flat No-191,Rose Apartment,Sector-18B,Dwarka,Delhi-110078,Have Changed My Name To Pramod Dobhal For All Purpose

**NAME CHANGE**
I, INDU BALA ARORA W/O CHANDAN ARORA residing at B-2/82 2ND FLOOR SECTOR -16 ROHINI DELHI-110089 have changed my name to INDU BALA for all future purpose.

**NAME CHANGE**
I Satender Singh S/o Sajjan Singh R/o RZ-5 Block-O New Roshan Pura Najafgarh New Delhi-110043 have changed my name to Satender Malik for all future purposes.

**NAME CHANGE**
I, GAURAV S/O GOPI CHAND residing at T-1 WARD NO-1 MEHRAULI DELHI-110030 have changed my name to GAURAV BHIWANIA for all future purpose.


**NAME CHANGE**
I, INDU BALA ARORA W/O CHANDAN ARORA residing at B-2/82 2ND FLOOR SECTOR -16 ROHINI DELHI-110089 have changed my name to INDU BALA for all future purpose.


**NAME CHANGE**
I, RIYAZ KHAN S/O RAIES KHAN R/o JHUGGI NO-W-158/122 1st FLOOR, TALL NO-238/5, SADAR BAZAR, DELHI CANTT, SOUTH WEST DELHI, DELHI-110010, declare that name of my father and my mother has been wrongly written as RAHISUDDIN and RUKHSANA in my 10th class certificate and mark-sheet. The actual name of my father and my mother are RAIES KHAN and RUKSANA which may be amended accordingly.

**NAME CHANGE**
I Anjali W/o Satender Malik R/o RZ-5 Block-O New Roshan Pura Najafgarh New Delhi-110043 have changed my name to Anjali Malik for all future purposes.

**NAME CHANGE**
I, MEENA W/o JC-769997X SUB RAJESH SINGH R/o VILL-BASELA, PO-MANINABALU, TEH-MANT, DIST-MATHURA, UTTAR PRADESH-281204, have changed my name from MEENA to MEENA DEVI for all future purposes and in my husband's service records my date of birth wrongly mentioned as 15/04/1982 instead of my correct date of birth as 05/04/1982 vide affidavit dated 28/12/2022 before Notary Public, Delhi.

**NAME CHANGE**
I, hitherto known as SARABJEET SINGH Alias SARABJEET SINGH ARORA S/O SH. JOGINDER SINGH R/O DE-91, TAGORE GARDEN, WEST DELHI, DELHI-110027 have changed my name and shall hereafter be known as SARABJEET SINGH ARORA.

**PUBLIC NOTICE**
It is for general information that I, SANJAY KINDO son of SANTOSH KINDO Residing at F-116, Near Kali Mata Mandir, Lado Sarai, New Delhi-110030, declare that name of mine and my wife has been wrongly written as SANJAY and MARY DUNG DUNG in my minor son namely NAMAN KINDO aged 13Years in his Birth Certificate No.4867. The actual name of mine and my wife are SANJAY KINDO and FERESHKA KINDO respectively, which may be amended accordingly

**NAME CHANGE**
I, PRATUSH KUMAR SHARMA S/O RAJESH KUMAR SHARMA residing at D-118 GALI NO-2 SWAROOP NAGAR OUTER DELHI-110042 have changed my name to PRATYUSH SHARMA for all future purpose.

**NAME CHANGE**
I, TARUN KUMAR S/O SURAJ BHAN residing at 320 DHEERPUR NIRANKARI COLONY DR MUKERJEE NAGAR DELHI-110009 have changed my name to TARUN KUMAR SHARMA for all future purpose.

**NAME CHANGE**
I Surender Singh S/o Prem Singh R/o 1080 First Floor, Block c-2, Near Gems International School, Palam Vihar Gurgaon Haryana-122001,Have Changed My Name To Surinder Verma For All Purpose

**PUBLIC NOTICE**
Information is given to general public at large that our client Sh. Varun Bhutani is the owners of Freehold Residential Property bearing No. 1/5169, Plot No. 15, area measuring 160 sq. yds., out of Khasra No. 231 & 224, situated at the area of Village Sikdarpur, in the abadi of Gali No. 7 & 8, Balbir Nagar, Shahdara, Delhi. vide Sale Deed dated 12.11.2021 as Document No. 7419, in Book No. I, Volume No. 3873, on pages 77-90, SRO-IV-A In the chain Document Probate Order of Regd. Will dated 17.07.2008 & SMC of Late Smt. Suman Latanot available, Our client iroof rights to be sold to Sh. Ritu Kumar Garg which is to be financed by Piramal Capital & Housing Finance Ltd., Branch Aggarwal Metro Mall, Unit No. 107, First Floor,Station Box at Dilshad Garden Metro Station, New Delhi 110095. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, hitherto known as JINDER KAUR alias RAJINDER KAUR W/o SUKHWINDER SINGH residing at Chanarthal Khurd, Dist.- Fatehgarh Sahib, Punjab -147104 have changed my name and shall hereafter be known as RAJINDER KAUR.

**NAME CHANGE**
I, HARPREET SINGH S/O MOHINDER SINGH residing at H NO-52/53, GALI NO-14, INDRA PARK, CHANDER NAGAR, KRISHNA NAGAR, DELHI-110051 have changed my name to HARPREET SINGH SIKKA for all future purpose.

**NAME CHANGE**
I Nidhi Aggarwal W/o Suneet Gupta R/o Flat-502,Tower-17,The Close South,Sector-50,Nirvana Country,Gurgaon,Haryana-122018,Have Changed My Name To Nidhi Aggarwal Gupta For All Purpose

**PUBLIC NOTICE**
Information is given to general public at large that our clients Sh. Praveen Kumar Bansal & Smt. Meenu Garg are the owners of Freehold Residential Property bearing No. B-5, part of Plot No. 16, area measuring 142.13 sq. mtrs. (170 sq. yds.), out of Khasra No. 335-336, situated at Village Chandrawali @ Shahdara, in the abadi of Mansarover Park, G.T. Road, Shahdara, Delhi. vide Sale Deed dated Sale Deed dated 25.09.2021 as Document No. 6211, in Book No. I, Volume No. 3814, on pages 1-10, SRO-IV-A. In the chain Document Probate Order of Regd. Will dated 27.01.1967 & SMC of Late Smt. Shanti Devi & Sh. Inderjeetwithout Roof Right to be sold to Sh. Ram Gopal which is to be financed by Piramal Capital & Housing Finance Ltd., Branch Aggarwal Metro Mall, Unit No. 107, First Floor, Station Box at Dilshad Garden Metro Station, New Delhi 110095. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)




# ਕੈਂਸਰ ਤੋਂ ਛੁਟਕਾਰਾ ਚਾਹੀਦੈ ਤਾਂ ਅਜ਼ਮਾਓ ਇਹ ਉਪਾਅ

ਸਰਦੀਆਂ 'ਚ ਅਕਸਰ ਇਸ ਦੀ ਕਾਫ਼ੀ ਵਰਤੋਂ ਕੀਤੀ ਜਾਂਦੀ ਹੈ। ਸਬਜ਼ੀਆਂ 'ਚ ਮਸਾਲੇ ਵਜੋਂ ਇਸ ਨੂੰ ਖੂਬ ਪਸੰਦ ਵੀ ਕੀਤਾ ਜਾਂਦਾ ਹੈ ਅਤੇ ਆਮ ਤੌਰ 'ਤੇ ਇਹ ਹਰੇਕ ਘਰ ਦੀ ਰਸੋਈ 'ਚ ਹੁੰਦਾ ਹੈ। ਜੀ ਹਾਂ, ਲਸਣ, ਜਿਸ ਦੀ ਇਕ ਕਲੀ ਦੇ ਰੋਜ਼ਾਨਾ ਸੇਵਨ ਨਾਲ ਪੇਟ ਦੀਆਂ ਬੀਮਾਰੀਆਂ ਦੂਰ ਹੁੰਦੀਆਂ ਹਨ। ਮੱਧ ਯੁੱਗ 'ਚ ਮਹਾਮਾਰੀ ਬਣ ਚੁੱਕੀ ਪਲੇਗ ਤੋਂ ਬਚਣ ਲਈ ਵੀ ਲਸਣ ਦੀ ਵਰਤੋਂ ਕੀਤੀ ਗਈ ਸੀ। ਲਸਣ 'ਚ ਏਲੀਅਨ ਨਾਮੀ ਐਂਟੀਬਾਇਓਟਿਕ ਪਾਇਆ ਜਾਂਦਾ ਹੈ, ਜੋ ਹੋਰ ਵੀ ਬਹੁਤ ਸਾਰੇ ਰੋਗਾਂ ਤੋਂ ਬਚਾਅ ਕਰਦਾ ਹੈ। ਇਸ ਦੇ ਰੋਜ਼ਾਨਾ ਸੇਵਨ ਨਾਲ ਬਲੱਡ ਪ੍ਰੈਸ਼ਰ ਨਾਰਮਲ ਰਹਿੰਦਾ ਹੈ। ਜ਼ੁਕਾਮ ਅਤੇ ਸਰਦੀ 'ਚ ਇਹ ਰਾਮਬਾਣ ਵਾਂਗ ਕਰਦਾ ਹੈ। ਜਾਣਦੇ ਹਾਂ ਕਿ ਲਸਣ 'ਚ ਹੋਰ ਕਿਹੜੇ ਗੁਣ ਹਨ ਅਤੇ ਇਹ ਕਿਵੇਂ ਕੈਂਸਰ ਤੋਂ ਤੁਹਾਡੀ ਰੱਖਿਆ ਕਰ ਸਕਦਾ ਹੈ।



'ਏਨਲਸ ਆਫ਼ ਇੰਟਰਨਲ ਮੈਡੀਸਨ' ਦੀ ਰਿਪੋਰਟ ਅਨੁਸਾਰ ਹਰ ਹਫ਼ਤੇ ਲਸਣ ਦੀਆਂ ਪੰਜ ਕਲੀਆਂ ਖਾਣ ਨਾਲ ਕੈਂਸਰ ਦਾ ਖਤਰਾ 30 ਤੋਂ 40 ਫ਼ੀਸਦੀ ਘੱਟ ਜਾਂਦਾ ਹੈ।

ਇਸ ਦੇ ਰੋਜ਼ਾਨਾ ਸੇਵਨ ਨਾਲ ਬਲੱਡ ਪ੍ਰੈਸ਼ਰ ਨਾਰਮਲ ਰਹਿੰਦਾ ਹੈ।

ਇਹ ਪੇਟ 'ਚ ਐਸੀਡਿਟੀ ਨਹੀਂ ਹੋਣ ਦਿੰਦਾ।

'ਜਰਨਲ ਆਫ਼ ਨਿਊਟ੍ਰੀਸ਼ਨ' ਅਨੁਸਾਰ ਇਸ ਦੇ ਰੋਜ਼ਾਨਾ ਸੇਵਨ ਨਾਲ 10 ਫ਼ੀਸਦੀ ਕੋਲੈਸਟ੍ਰਾਲ ਘਟਦਾ ਹੈ, ਜਿਸ ਨਾਲ ਦਿਲ ਦੇ ਰੋਗਾਂ ਦਾ ਖਦਸ਼ਾ ਘੱਟ ਜਾਂਦਾ ਹੈ।

ਇਸ ਨੂੰ ਪੀਸ ਕੇ ਚਮੜੀ 'ਤੇ ਲੇਪ ਕਰਨ ਨਾਲ ਜ਼ਹਿਰੀਲੇ ਕੀੜਿਆਂ ਦੇ ਡੰਗਣ ਨਾਲ ਹੋਣ ਵਾਲੀ ਜਲਨ ਘੱਟ ਜਾਂਦੀ ਹੈ।

ਸਰਦੀ-ਜ਼ੁਕਾਮ ਹੋਵੇ ਤਾਂ ਇਸ ਨੂੰ ਦੁੱਧ 'ਚ ਉਬਾਲ ਕੇ ਪਿਲਾਉਣ ਨਾਲ ਬੱਚਿਆਂ ਦੀ ਰੋਗ ਪ੍ਰਤੀਰੋਧਕ ਸਮਰੱਥਾ ਵਧਦੀ ਹੈ।

ਇਸ ਨੂੰ ਭੁੰਨ ਕੇ ਵੀ ਖਾਧਾ ਜਾ ਸਕਦਾ ਹੈ, ਜਿਸ ਨਾਲ ਸਾਹ ਚੜ੍ਹਣ ਦੀ ਸਮੱਸਿਆ ਖਤਮ ਹੋ ਜਾਂਦੀ ਹੈ।

ਗਠੀਏ ਸਮੇਤ ਜੋੜਾਂ ਦੇ ਹੋਰ ਰੋਗਾਂ 'ਚ ਵੀ ਇਹ ਲਾਭਦਾਇਕ ਹੈ। ਇਸ ਨੂੰ ਖਾਣ ਨਾਲ ਜੋੜਾਂ ਦੇ ਦਰਦ ਤੋਂ ਰਾਹਤ ਮਿਲਦੀ ਹੈ

ਇਸ ਦੇ ਸੇਵਨ ਨਾਲ ਖੂਨ ਦੀਆਂ ਨਾੜੀਆਂ 'ਚ ਖੂਨ ਜਮ੍ਹਾ ਹੋਣ ਨਾਲ ਥੱਕਾ ਪੈਦਾ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ, ਜਿਸ ਨਾਲ ਹਾਰਟ ਅਟੈਕ ਦਾ ਖਤਰਾ ਘੱਟ ਰਹਿੰਦਾ ਹੈ।

ਲਸਣ 'ਚ ਆਇਰਨ ਲੋੜੀਂਦੀ ਮਾਤਰਾ 'ਚ ਪਾਇਆ ਜਾਂਦਾ ਹੈ, ਜੋ ਖੂਨ ਦੇ ਨਿਰਮਾਣ 'ਚ ਸਹਾਇਕ ਹੁੰਦਾ ਹੈ।

ਲਸਣ 'ਚ ਵਿਟਾਮਿਨ ਸੀ ਪਾਇਆ ਜਾਂਦਾ ਹੈ, ਜੋ ਸਕਰਵੀ ਰੋਗ ਤੋਂ ਤੁਹਾਡਾ ਬਚਾਅ ਕਰਦਾ ਹੈ।

## ਕੈਂਸਰ ਪੀੜਤਾਂ ਲਈ ਵਰਦਾਨ ਹਨ ਕੀੜੀਆਂ



ਲੰਡਨ- ਕੀੜੀਆਂ ਤੋਂ ਕੈਂਸਰ 'ਤੇ ਕਾਬੂ ਪਾਉਣ ਬਾਰੇ ਰੋਚਕ ਤੱਥ ਸਾਹਮਣੇ ਆਏ ਹਨ। ਅਧਿਐਨ ਮੁਤਾਬਕ ਕੀੜੀਆਂ 'ਚ ਪਾਏ ਜਾਣ ਵਾਲਾ ਰਸਾਇਣ ਕੈਂਸਰ ਦੀ ਦਵਾਈ ਦਾ ਪ੍ਰਭਾਵ 50 ਫ਼ੀਸਦੀ ਤੱਕ ਵਧਾ ਦਿੰਦਾ ਹੈ। ਇਹ ਵਿਸ਼ੇਸ਼ ਰਸਾਇਣ ਕੀੜੀਆਂ ਤੋਂ ਇਲਾਵਾ 'ਬਿੱਛੂ ਘਾਸ' ਨਾਮ ਦੇ ਪੌਦੇ 'ਚ ਵੀ ਪਾਇਆ ਜਾਂਦਾ ਹੈ। ਇਸ ਅਧਿਐਨ ਨੂੰ ਵਿਗਿਆਨ ਖੋਜ ਮੈਗਜ਼ੀਨ 'ਨੇਚਰ ਕਮਿਊਨੀਕੇਸ਼ਨ' ਦੇ ਤਾਜ਼ਾ ਅੰਕ 'ਚ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ 'ਚ ਕਿਹਾ ਗਿਆ ਹੈ ਕਿ ਕੀੜੀਆਂ ਜਾਂ ਬਿੱਛੂ ਘਾਸ 'ਚ ਪਾਇਆ ਜਾਣ ਵਾਲਾ ਰਸਾਇਣ 'ਸੋਡੀਅਮ ਫ਼ਾਸਫ਼ੇਟ' ਕੈਂਸਰ ਦੀ ਦਵਾਈ ਦਾ ਅਸਰ ਕਈ ਗੁਣਾ ਤੱਕ ਵਧਾ ਦਿੰਦਾ ਹੈ। ਜੇਕਰ ਇਸ ਰਸਾਇਣ ਨੂੰ ਕੈਂਸਰ ਦੇ ਇੱਕ ਵਿਸ਼ੇਸ਼ ਇਲਾਜ 'ਚ ਸ਼ਾਮਲ ਕੀਤਾ ਜਾਵੇ ਤਾਂ ਦਵਾਈ ਦਾ ਅਸਰ ਬਹੁਤ ਵਧ ਜਾਂਦਾ ਹੈ।

ਕੈਂਸਰਗ੍ਰਸਤ ਕੋਸ਼ਿਕਾਵਾਂ 'ਤੇ ਪ੍ਰਯੋਗਸ਼ਾਲਾ 'ਚ ਹੋਏ ਪ੍ਰੀਖਣ ਮੁਤਾਬਕ ਸੋਡੀਅਮ ਫ਼ਾਸਫ਼ੇਟ ਨਾਲ ਕੈਂਸਰ 'ਤੇ ਕਾਬੂ ਪਾਉਣ ਲਈ ਮਦਦ ਮਿਲਦੀ ਹੈ। ਕੈਂਸਰ ਵਰਗੀ ਭਿਆਨਕ ਬਿਮਾਰੀ 'ਤੇ ਕਾਬੂ ਪਾਉਣ ਲਈ ਇਹ ਖੋਜ ਕਾਰਗਰ ਸਾਬਤ ਹੋ ਸਕਦੀ ਹੈ।

# ਦਫ਼ਤਰੀ ਮਾਹੌਲ ਤੇ ਮਾਨਸਿਕ ਸਿਹਤ



**ਮਾਨਸਿਕ ਰੋਗਾਂ ਤੋਂ ਪੀੜਤ ਵਿਅਕਤੀਆਂ ਲਈ ਸਭ ਤੋਂ ਵੱਡੀ ਸਮੱਸਿਆ ਹੈ ਵਿਤਕਰਾ। ਜਾਣਕਾਰੀ ਦੀ ਘਾਟ ਕਾਰਨ ਮਾਨਸਿਕ ਰੋਗ ਤੋਂ ਪੀੜਤ ਵਿਅਕਤੀ ਨੂੰ ਕਈ ਵਾਰੀ ਉਸ ਦੇ ਸਹਿਯੋਗੀ ਬਣਦਾ ਮਾਣ-ਸਨਮਾਨ ਨਹੀਂ ਦਿੰਦੇ। ਕੰਮ ਦੀ ਵੰਡ ਵਿੱਚ ਵੀ ਉਨ੍ਹਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਇਹ ਮਾਨਸਿਕ ਰੋਗ ਤੋਂ ਪੀੜਤ ਵਿਅਕਤੀ ਲਈ ਘਾਤਕ ਹੁੰਦਾ ਹੈ। ਜਾਣਕਾਰੀ ਦੀ ਘਾਟ ਕਾਰਨ ਕਈ ਵਾਰ ਕੰਮ 'ਤੇ ਸਹਿਯੋਗੀ ਇਨ੍ਹਾਂ ਮਰੀਜ਼ਾਂ ਨੂੰ ਮਜ਼ਾਕ ਦਾ ਪਾਤਰ ਬਣਾ ਦਿੰਦੇ ਹਨ। ਪਾਗਲ (ਮੈਂਟਲ) ਆਦਿ ਭੱਦੇ ਸ਼ਬਦਾਂ ਦੀ ਵਰਤੋਂ ਕਰਦੇ ਹਨ, ਜਿਹੜਾ ਇਨ੍ਹਾਂ ਮਰੀਜ਼ਾਂ ਦਾ ਹੌਸਲਾ ਹੋਰ ਥੱਲੇ ਸੁੱਟ ਦਿੰਦਾ ਹੈ।**

**ਡਾ. ਸੰਦੀਪ ਕੁਮਾਰ×**

ਅਸੀਂ ਜਾਗਦੇ ਸਮੇਂ ਵਿੱਚੋਂ ਅੱਧੇ ਨਾਲੋਂ ਵੱਧ ਸਮਾਂ ਕੰਮ 'ਤੇ ਬਿਤਾਉਂਦੇ ਹਾਂ। ਉਥੇ ਨਾ ਕੇਵਲ ਅਸੀਂ ਕੰਮ ਕਰਦੇ ਹਾਂ, ਸਗੋਂ ਸਾਡਾ ਆਪਣੇ ਸਹਿਯੋਗੀ ਕਰਮਚਾਰੀਆਂ ਅਤੇ ਗਾਹਕਾਂ ਨਾਲ ਵੀ ਵਾਹ ਪੈਂਦਾ ਰਹਿੰਦਾ ਹੈ। ਇਸ ਕਾਰਨ ਕੰਮ ਵਾਲੀ ਜਗ੍ਹਾ ਦਾ ਮਾਹੌਲ ਮਾਨਸਿਕ ਸਿਹਤ ਨੂੰ ਬਹੁਤ ਨੇੜੇ ਤੋਂ ਪ੍ਰਭਾਵਿਤ ਕਰਦਾ ਹੈ। ਅਣਸੁਖਾਵਾਂ ਮਾਹੌਲ ਨਾ ਸਿਰਫ ਤਣਾਅ ਬਣਾਉਂਦਾ ਹੈ, ਸਗੋਂ ਕਈ ਵਾਰੀ ਮਾਨਸਿਕ ਬਿਮਾਰੀਆਂ ਨੂੰ ਵੀ ਜਨਮ ਦੇ ਸਕਦਾ ਹੈ। ਇਸ ਸਬੰਧ ਨੂੰ ਉਚੇਚ ਦੇਣ ਲਈ ਵਿਸ਼ਵ ਸਿਹਤ ਸੰਸਥਾ ਨੇ ਇਹ ਵਰ੍ਹਾ ਦਫਤਰੀ ਮਾਹੌਲ ਅਤੇ ਮਾਨਸਿਕ ਸਿਹਤ ਨੂੰ ਸਮਰਪਿਤ ਕੀਤਾ ਹੈ। 10 ਅਕਤੂਬਰ ਨੂੰ ਮਾਨਸਿਕ ਸਿਹਤ ਦਿਵਸ ਦੇ ਮੌਕੇ 'ਤੇ ਇਸ ਪ੍ਰਤੀ ਚੇਤਨਾ ਲਿਆਉਣ ਲਈ ਪੂਰੀ ਦੁਨੀਆਂ ਵਿੱਚ ਇਕ ਮੁਹਿੰਮ ਸ਼ੁਰੂ ਕੀਤੀ ਗਈ ਹੈ।

ਦਫਤਰ ਦਾ ਸੁਖਾਵਾਂ ਮਾਹੌਲ ਜਿੱਥੇ ਮਨ ਨੂੰ ਸ਼ਾਂਤ ਰੱਖਣ ਵਿੱਚ ਮਦਦਗਾਰ ਹੁੰਦਾ ਹੈ, ਉਥੇ ਅਣਸੁਖਾਵਾਂ ਮਾਹੌਲ ਬੇਲੋੜਾ ਤਣਾਅ ਪੈਦਾ ਕਰਦਾ ਹੈ। ਅਣਸੁਖਾਵਾਂ ਮਾਹੌਲ ਪੈਦਾ ਕਰਨ ਲਈ ਮੁਲਾਜ਼ਮ ਤੋਂ ਯੋਗਤਾ ਤੋਂ ਵੱਧ ਜਾਂ ਘੱਟ ਕੰਮ ਲੈਣਾ, ਬੇਲੋੜੀ ਘੁਰ-ਘੱਪ, ਯੋਜਨਾ ਰਹਿਤ ਕੰਮ, ਕਰਮਚਾਰੀਆਂ 'ਤੇ ਕੰਮ ਦਾ ਦਬਾਅ ਨੌਕਰੀ ਦੀ ਅਸੁਰੱਖਿਆ ਅਤੇ ਮਾਨਸਿਕ ਜਾਂ ਸਰੀਰਕ ਸ਼ੋਸ਼ਣ ਕਾਰਨ ਜ਼ਿੰਮੇਵਾਰ ਹੁੰਦੇ ਹਨ। ਦੂਜੇ ਪਾਸੇ ਸੁਖਾਵਾਂ ਮਾਹੌਲ ਦੇਣ ਵਿੱਚ ਯੋਜਨਾਬੱਧ ਤਰੀਕੇ ਨਾਲ ਕੰਮ ਲੈਣਾ, ਯੋਗਤਾ ਤੇ ਸਮਰੱਥਾ ਅਨੁਸਾਰ ਕੰਮ ਦੇਣਾ, ਲੋੜ ਅਨੁਸਾਰ ਛੁੱਟੀ, ਸਮਰੱਥਾ ਅਨੁਸਾਰ ਕੰਮ ਦੇ ਸਮੇਂ, ਇਕ-ਦੂਜੇ ਦੀ ਸਹਾਇਤਾ ਅਤੇ ਮਨੋਰੰਜਕ ਸਰਗਰਮੀਆਂ ਆਦਿ ਕਾਰਨ ਸਹਾਈ ਹੁੰਦੇ ਹਨ। ਜਿਵੇਂ-ਜਿਵੇਂ ਕਿਸੇ ਕਰਮਚਾਰੀ ਦੀ ਮਾਨਸਿਕ ਸਿਹਤ ਖਰਾਬ ਹੁੰਦੀ ਹੈ, ਉਸ ਵਿੱਚ ਕੁਝ ਚਿਤਾਵਨੀ ਚਿੰਨ੍ਹ ਸਾਹਮਣੇ ਆਉਣ ਲੱਗਦੇ ਹਨ, ਜਿਵੇਂ ਆਤਮ-ਵਿਸ਼ਵਾਸ ਖੋਹ ਦੇਣਾ, ਸਮੇਂ ਸਿਰ ਕੰਮ ਪੂਰਾ ਨਾ ਕਰ ਸਕਣਾ, ਘਬਰਾਹਟ, ਗੱਲਾਂ ਜਲਦੀ ਭੁੱਲ ਜਾਣਾ, ਸਹਿਯੋਗੀ ਕਰਮਚਾਰੀਆਂ ਤੋਂ ਦੂਰੀ, ਗਲਤੀਆਂ ਵਿੱਚ ਵਾਧਾ ਅਤੇ ਸ਼ਰਾਬ, ਸਿਗਰਟ ਆਦਿ ਨਸ਼ਿਆਂ ਦਾ ਸੇਵਨ। ਜਿਵੇਂ-ਜਿਵੇਂ ਸਮੱਸਿਆ ਵਧਦੀ ਹੈ, ਸਰੀਰਕ ਲੱਛਣ ਵੀ ਸਾਹਮਣੇ ਆਉਣ ਲੱਗਦੇ ਹਨ ਜਿਵੇਂ ਹਰ ਵਕਤ ਥਕਾਵਟ ਰਹਿਣਾ, ਸਿਰਦਰਦ, ਭੁੱਖ ਨਾ ਲੱਗਣਾ, ਨੀਂਦ ਦੀ ਕਮੀ ਅਤੇ ਬਿਨਾਂ ਗੱਲੋਂ ਭਾਰ ਵਧ ਜਾਂ ਘਟ ਜਾਣਾ ਆਦਿ। ਕੰਮ ਵਾਲੀ ਜਗ੍ਹਾ 'ਤੇ ਵਧ ਰਿਹਾ ਤਣਾਅ ਕਈ ਕਿਸਮ ਦੇ ਮਾਨਸਿਕ ਰੋਗਾਂ ਨੂੰ ਜਨਮ ਦੇ ਸਕਦਾ ਹੈ, ਜਿਵੇਂ ਉਦਾਸੀ ਅਤੇ ਘਬਰਾਹਟ ਦੇ ਰੋਗ।

ਮਾਨਸਿਕ ਸਿਹਤ ਵਿਗੜਨ ਨਾਲ ਕੰਮ ਕਰਨ ਦੀ ਸਮਰੱਥਾ ਘਟ ਜਾਂਦੀ ਹੈ। ਕਈ ਵਾਰ ਤਾਂ ਮਨੁੱਖ ਉਹ ਕੰਮ ਤੋਂ ਗੈਰ-ਹਾਜ਼ਰ ਵੀ ਰਹਿਣ ਲੱਗ ਜਾਂਦਾ ਹੈ। ਮੁਲਾਜ਼ਮ ਦੀ ਇਹ ਸਮਰੱਥਾ ਘਟਣ ਦਾ ਸਿੱਧਾ ਪ੍ਰਭਾਵ ਕੰਪਨੀ ਦੀ ਵਿੱਤੀ ਸਥਿਤੀ ਉਪਰ ਪੈਂਦਾ ਹੈ। ਉਸ ਦਾ ਉਤਪਾਦਨ ਘਟ ਜਾਂਦਾ ਹੈ ਜਾਂ ਉਸ ਨੂੰ ਇਕੋ ਕੰਮ ਲਈ ਹੋਰ ਮੁਲਾਜ਼ਮ ਰੱਖਣੇ ਪੈਂਦੇ ਹਨ।

ਅੱਜ ਦੇ ਦਿਨ ਉਦਾਸੀ ਅਤੇ ਘਬਰਾਹਟ ਰੋਗ ਮਿਲ ਕੇ ਦੁਨੀਆਂ ਵਿੱਚ ਸਭ ਤੋਂ ਵੱਧ ਵਿੱਤੀ ਨੁਕਸਾਨ ਦਾ ਕਾਰਨ ਬਣ ਰਹੇ ਹਨ। ਵਿਸ਼ਵ ਸਿਹਤ ਸੰਸਥਾ ਦੇ ਇਕ ਅਨੁਮਾਨ ਅਨੁਸਾਰ ਪੂਰੀ ਦੁਨੀਆਂ ਨੂੰ ਲਗਪਗ 650 ਖਰਬ ਰੁਪਏ ਉਦਾਸੀ ਅਤੇ ਘਬਰਾਹਟ ਰੋਗਾਂ ਦਾ ਮੁੱਲ ਤਾਰਨਾ ਪੈਂਦਾ ਹੈ। ਇਹ ਰਕਮ ਭਾਰਤ ਦੇ ਬਜਟ ਤੋਂ ਲਗਪਗ ਤਿੰਨ ਗੁਣਾਂ ਹੈ।

ਮਾਨਸਿਕ ਬਿਮਾਰੀ ਤੋਂ ਪੀੜਤ ਲੋਕਾਂ ਨੂੰ ਸਭ ਤੋਂ ਵੱਡੀ ਜ਼ਰੂਰਤ ਪਿਆਰ ਭਰਪੂਰ ਅਤੇ ਦੋਸਤਾਨਾ ਰਵੱਈਏ ਦੀ ਹੁੰਦੀ ਹੈ। ਤਰਸਪੂਰਨ ਜਾਂ ਨਫ਼ਰਤ ਦੀ ਨਜ਼ਰ ਨਾਲ ਦੇਖਣਾ, ਦੋਵੇਂ ਹੀ ਬਹੁਤ ਦੁਖਦਾਇਕ ਹੁੰਦੇ ਹਨ। ਇਹ ਇਨਸਾਨ ਵੀ ਉਸੇ ਤਰ੍ਹਾਂ ਕੰਮ ਕਰਨ ਦੇ ਕਾਬਲ ਹੁੰਦੇ ਹਨ ਜਿਵੇਂ ਕੋਈ ਸਰੀਰਕ ਬਿਮਾਰੀ ਵਾਲਾ ਇਨਸਾਨ ਹੋਵੇ। ਪ੍ਰੰਤੂ ਜ਼ਰੂਰਤ ਅਨੁਸਾਰ ਇਨ੍ਹਾਂ ਲਈ ਕੰਮ ਦੇ ਸਮੇਂ ਵਿੱਚ ਛੋਟ ਦਿੱਤੀ ਜਾ ਸਕਦੀ ਹੈ। ਇਸੇ ਤਰ੍ਹਾਂ ਜੇ ਸੰਸਥਾ ਦੇ ਨਿਯਮ ਆਗਿਆ ਦਿੰਦੇ ਹੋਣ ਤਾਂ ਘਰੋਂ ਕੰਮ ਕਰਨ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ। ਕੀਤੇ ਕੰਮ ਲਈ ਸਾਬਾਸ਼ ਦੇਣਾ ਅਤੇ ਇਨ੍ਹਾਂ ਦੇ ਹੋਰ ਗੁਣਾਂ ਨੂੰ ਤਵੱਜੋਂ ਦੇਣਾ ਵੀ ਲਾਭਕਾਰੀ ਹੁੰਦਾ ਹੈ। ਇਨ੍ਹਾਂ ਕਰਮਚਾਰੀਆਂ ਦੀ ਹੋਰ ਕਰਮਚਾਰੀਆਂ ਨਾਲ ਤੁਲਨਾ ਕਰਨਾ ਮਾਨਸਿਕ ਬਿਮਾਰੀ ਨੂੰ ਹੋਰ ਵਧਾ ਦਿੰਦਾ ਹੈ।

ਜੇ ਬਹੁਤ ਨੇੜੇ ਦੇ ਦੋਸਤ ਜਾਂ ਸਾਥੀ ਮਾਨਸਿਕ ਤੌਰ 'ਤੇ ਬਿਮਾਰ ਹੋਣ ਤਾਂ ਤੁਸੀਂ ਸਿੱਧੇ ਉਸ ਨਾਲ ਗੱਲ ਕਰ ਸਕਦੇ ਹੋ, ਪਰ ਧਿਆਨ ਰਹੇ ਕਿ ਇਹ ਗੱਲ ਬਹੁਤ ਸੰਵੇਦਨਸ਼ੀਲ ਢੰਗ ਨਾਲ ਹੋਵੇ। ਜੇ ਤੁਹਾਨੂੰ ਚਿੰਤਾ ਹੋਵੇ ਤਾਂ ਤੁਸੀਂ ਆਪਣੇ ਅਫਸਰ ਦੇ ਧਿਆਨ ਵਿੱਚ ਲਿਆ ਸਕਦੇ ਹੋ। ਪੀੜਤ ਇਨਸਾਨ ਨੂੰ ਯੋਗ ਡਾਕਟਰ ਜਾ ਕਾਊਂਸਲਰ ਨੂੰ ਮਿਲਣ ਦੀ ਸਲਾਹ ਦੇ ਸਕਦੇ ਹੋ।

ਮਾਨਸਿਕ ਰੋਗਾਂ ਤੋਂ ਪੀੜਤ ਵਿਅਕਤੀਆਂ ਲਈ ਸਭ ਤੋਂ ਵੱਡੀ ਸਮੱਸਿਆ ਹੈ ਵਿਤਕਰਾ। ਜਾਣਕਾਰੀ ਦੀ ਘਾਟ ਕਾਰਨ ਮਾਨਸਿਕ ਰੋਗ ਤੋਂ ਪੀੜਤ ਵਿਅਕਤੀ ਨੂੰ ਕਈ ਵਾਰੀ ਉਸ ਦੇ ਸਹਿਯੋਗੀ ਬਣਦਾ ਮਾਣ-ਸਨਮਾਨ ਨਹੀਂ ਦਿੰਦੇ। ਕੰਮ ਦੀ ਵੰਡ ਵਿੱਚ ਵੀ ਉਨ੍ਹਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਇਹ ਮਾਨਸਿਕ ਰੋਗ ਤੋਂ ਪੀੜਤ ਵਿਅਕਤੀ ਲਈ ਘਾਤਕ ਹੁੰਦਾ ਹੈ। ਜਾਣਕਾਰੀ ਦੀ ਘਾਟ ਕਾਰਨ ਕਈ ਵਾਰ ਕੰਮ 'ਤੇ ਸਹਿਯੋਗੀ ਇਨ੍ਹਾਂ ਮਰੀਜ਼ਾਂ ਨੂੰ ਮਜ਼ਾਕ ਦਾ ਪਾਤਰ ਬਣਾ ਦਿੰਦੇ ਹਨ। ਪਾਗਲ (ਮੈਂਟਲ) ਆਦਿ ਭੱਦੇ ਸ਼ਬਦਾਂ ਦੀ ਵਰਤੋਂ ਕਰਦੇ ਹਨ, ਜਿਹੜਾ ਇਨ੍ਹਾਂ ਮਰੀਜ਼ਾਂ ਦਾ ਹੌਸਲਾ ਹੋਰ ਥੱਲੇ ਸੁੱਟ ਦਿੰਦਾ ਹੈ।

ਕਰਮਚਾਰੀਆਂ ਵੱਲੋਂ ਕੀਤੇ ਕੰਮ ਦੀ ਪ੍ਰਸੰਸਾ ਕਰਨੀ ਅਤੇ ਉਨ੍ਹਾਂ ਨੂੰ, ਉਨ੍ਹਾਂ ਦੀ ਪ੍ਰਤਿਭਾ ਲਈ ਸਨਮਾਨਿਤ ਕਰਨਾ ਮਾਨਸਿਕ ਤਣਾਅ ਘਟਾਉਣ ਵਿੱਚ ਮਦਦ ਕਰਦਾ ਹੈ। ਉਹ ਸੰਸਥਾਵਾਂ, ਜੋ ਆਪਣੇ ਕਰਮਚਾਰੀਆਂ ਉਪਰ ਆਪਣੀਆਂ ਯੋਜਨਾਵਾਂ ਥੋਪਦੀਆਂ ਨਹੀਂ, ਸਗੋਂ ਉਨ੍ਹਾਂ ਨੂੰ ਟੀਮ ਦਾ ਹਿੱਸਾ ਬਣਾ ਕੇ ਕੰਮ ਕਰਦੀਆਂ ਹਨ, ਖੁਸ਼ਗਵਾਰ ਹੁੰਦੀਆਂ ਹਨ।

ਕੰਮ ਵਿੱਚ ਗਲਤੀ ਹਰ ਕਿਸੇ ਤੋਂ ਹੁੰਦੀ ਹੈ। ਜ਼ਰੂਰਤ ਹੁੰਦੀ ਹੈ ਕਿ ਧੱਕੇਸ਼ਾਹੀ ਨਾ ਕੀਤੀ ਜਾਵੇ। ਜਿੱਥੋਂ ਤੱਕ ਹੋ ਸਕੇ ਕਰਮਚਾਰੀ ਦੀ ਬੇਇੱਜ਼ਤੀ ਨਾ ਕੀਤੀ ਜਾਵੇ। ਨੁਕਸ ਕੀਤੇ ਕੰਮ ਵਿੱਚ ਕੱਢਣੇ ਚਾਹੀਦੇ ਹਨ ਨਾ ਕਿ ਕੰਮ ਕਰਨ ਵਾਲੇ ਇਨਸਾਨ ਵਿੱਚ। ਤਣਾਅ ਨੂੰ ਜਲਦੀ ਪਹਿਚਾਨਣ ਵਾਲੀਆਂ ਸੰਸਥਾਵਾਂ ਉਸ ਪ੍ਰਤੀ ਕਾਰਗਰ ਕਦਮ ਵੀ ਚੁੱਕਦੀਆਂ ਹਨ। ਇਹ ਸਭ ਕਦਮ ਮਾਨਸਿਕ ਤਣਾਅ ਅਤੇ ਮਾਨਸਿਕ ਰੋਗ ਤੋਂ ਬਚਣ ਵਿੱਚ ਸਹਾਈ ਹੋ ਸਕਦੇ ਹਨ।

ਜਿਸ ਤਰ੍ਹਾਂ ਇਨਸਾਨ ਕਿਸੇ ਵੀ ਸਰੀਰਕ ਬਿਮਾਰੀ ਦੇ ਠੀਕ ਹੋਣ ਤੋਂ ਬਾਅਦ ਕੰਮ ਕਰਨ ਦੇ ਸਮਰੱਥ ਹੋ ਜਾਂਦਾ ਹੈ, ਉਸੇ ਤਰ੍ਹਾਂ ਮਾਨਸਿਕ ਤੌਰ 'ਤੇ ਪੀੜਤ ਵਿਅਕਤੀ ਵੀ ਕੰਮ ਕਰਨ ਦੀ ਪੂਰੀ ਸਮਰੱਥਾ ਵਾਪਸ ਪ੍ਰਾਪਤ ਕਰ ਲੈਂਦੇ ਹਨ। ਜੇ ਜ਼ਰੂਰਤ ਹੋਵੇ ਤਾਂ ਇਨ੍ਹਾਂ ਕਰਮਚਾਰੀਆਂ ਨੂੰ ਹੌਲੀ-ਹੌਲੀ ਪੂਰੀ ਤਰ੍ਹਾਂ ਕੰਮ ਦਿੱਤਾ ਜਾ ਸਕਦਾ ਹੈ, ਅਰਥਾਤ ਪਹਿਲਾਂ ਥੋੜ੍ਹੇ ਸਮੇਂ ਲਈ ਕੰਮ ਲੈਣਾ ਅਤੇ ਸਮਾਂ ਪੈਣ 'ਤੇ ਕੰਮ ਦੇ ਘੰਟਿਆਂ ਦੀ ਗਿਣਤੀ ਵਧਾ ਦੇਣਾ।

×ਲੇਖਕ ਮਾਨਸਿਕ ਰੋਗਾਂ ਦੇ ਮਾਹਿਰ ਹੈ।
ਸੰਪਰਕ: 98144-44267

# ਪੇਟ ਦੀਆਂ ਬੀਮਾਰੀਆਂ ਤੋਂ ਪਰਵਲ ਇੰਝ ਦਿੰਦੈ ਛੁਟਕਾਰਾ



ਪਰਵਲ ਇਕ ਇਹੋ ਜਿਹੀ ਸਬਜ਼ੀ ਹੈ, ਜੋ ਦੇਖਣ ਨੂੰ ਕੁੰਦਰੂ ਵਰਗੀ ਹੈ ਪਰ ਉਸ ਤੋਂ ਥੋੜ੍ਹੀ ਵੱਡੀ ਹੁੰਦੀ ਹੈ। ਮੰਡੀ ਤੋਂ ਜਾਂ ਬਾਜ਼ਾਰੋਂ ਲੱਗਭਗ ਹਰ ਮੌਸਮ 'ਚ ਇਹ ਮਿਲ ਜਾਂਦੀ ਹੈ। ਆਦਵਾਸੀਆਂ ਲਈ ਕੁੰਦਰੂ ਵਾਂਗ ਹੀ ਪਰਵਲ ਵੀ ਕਿਸੇ ਦਵਾਈ ਤੋਂ ਘੱਟ ਨਹੀਂ। ਸ਼ਹਿਰੀ ਲੋਕ ਸ਼ਾਇਦ ਇਸ ਦੇ ਔਸ਼ਧੀ ਗੁਣਾਂ ਨੂੰ ਨਹੀਂ ਜਾਣਦੇ। ਇਸ ਦਾ ਬਨਸਪਤੀ ਨਾਂ 'ਟ੍ਰਾਇਕੋਸੇਂਥਸ ਡਾਇਓਕਾ' ਹੈ ਅਤੇ ਅੰਗਰੇਜ਼ੀ 'ਚ ਇਸ ਨੂੰ 'ਬਰਜਅਵਕਦ ਪਰਚਗਦ' ਕਹਿੰਦੇ ਹਨ। ਹੋਰ ਫ਼ਲਾਂ ਜਾਂ ਸਬਜ਼ੀਆਂ ਦੀ ਤੁਲਨਾ 'ਚ ਇਸ ਦਾ ਸੇਵਨ ਸਾਰਾ ਸਾਲ ਕੀਤਾ ਜਾ ਸਕਦਾ ਹੈ। ਜਾਣਦੇ ਹਾਂ ਇਸ ਦੇ ਔਸ਼ਧੀ ਗੁਣਾਂ ਬਾਰੇ।

**ਪੇਟ ਦੀਆਂ ਬੀਮਾਰੀਆਂ ਦਾ ਸਟੀਕ ਉਪਾਅ**

ਜੇਕਰ ਤੁਸੀਂ ਪੇਟ ਦੀ ਸੋਜ ਤੋਂ ਪੀੜਤ ਹੋ ਤਾਂ ਪਰਵਲ ਦੀ ਸਬਜ਼ੀ ਤੁਹਾਡੀ ਇਹ ਸਮੱਸਿਆ ਦੂਰ ਕਰ ਸਕਦੀ ਹੈ। ਜਿਨ੍ਹਾਂ ਲੋਕਾਂ ਨੂੰ ਪੇਟ 'ਚ ਪਾਣੀ ਭਰ ਜਾਣ ਦੀ ਸ਼ਿਕਾਇਤ ਹੁੰਦੀ ਹੈ, ਉਨ੍ਹਾਂ ਲਈ ਇਹ ਕਿਸੇ ਵਰਦਾਨ ਤੋਂ ਘੱਟ ਨਹੀਂ। ਆਦੀਵਾਸੀ ਹਰਬਲ ਜਾਣਕਾਰਾਂ ਅਨੁਸਾਰ ਇਸ ਦੀ ਸਬਜ਼ੀ ਖਾਂਦੇ ਰਹਿਣ ਨਾਲ ਪੇਟ ਦੀਆਂ ਬਹੁਤ ਸਾਰੀਆਂ ਬੀਮਾਰੀਆਂ ਤੋਂ ਰਾਹਤ ਮਿਲਦੀ ਹੈ।

**ਪੇਟ ਦੇ ਕੀੜਿਆਂ ਤੋਂ ਛੁਟਕਾਰਾ**

ਜੇਕਰ ਪਰਵਲ ਅਤੇ ਹਰੇ ਧਨੀਏ ਦਾ ਇਕੱਠਿਆਂ ਸੇਵਨ ਕੀਤਾ ਜਾਵੇ ਤਾਂ ਇਸ ਨਾਲ ਪੇਟ ਦੇ ਕੀੜੇ ਖਤਮ ਹੋ ਜਾਂਦੇ ਹਨ। ਇਸ ਦੇ ਲਈ ਪਰਵਲ ਅਤੇ ਹਰੇ ਧਨੀਏ ਦੀਆਂ ਪੱਤੀਆਂ ਦੀ ਬਰਾਬਰ ਮਾਤਰਾ ਲੈ ਕੇ (20 ਗ੍ਰਾਮ ਹਰੇਕ), ਪੀਸ ਕੇ ਜਾਂ ਕੁੱਟ ਕੇ ਸਾਰੀ ਰਾਤ ਪਾਣੀ 'ਚ ਭਿਓਂ ਦਿਓ ਅਤੇ ਸਵੇਰੇ ਇਸ ਨੂੰ ਪੁਣ ਕੇ ਤਿੰਨ ਹਿੱਸਿਆਂ 'ਚ ਕਰ ਲਓ। ਦਿਨ 'ਚ ਤਿੰਨ ਵਾਰ ਇਸ ਨੂੰ ਥੋੜ੍ਹਾ ਜਿਹਾ ਸ਼ਹਿਦ ਮਿਲਾ ਕੇ ਪੀ ਲਓ ਤਾਂ ਪੇਟ ਦੇ ਕੀੜੇ ਮਰ ਜਾਣਗੇ।

**ਮੋਟਾਪੇ ਤੋਂ ਰਾਹਤ**

ਆਦੀਵਾਸੀ ਮੰਨਦੇ ਹਨ ਕਿ ਪਰਵਲ ਦੇ ਪੱਤਿਆਂ ਦਾ ਜੂਸ ਤਿਆਰ ਕਰਕੇ ਇਸ 'ਚ ਥੋੜ੍ਹੀ ਜਿਹੀ ਸੌਂਫ਼ ਤੇ ਹਿੰਗ ਦਾ ਚੂਰਨ ਮਿਲਾ ਕੇ ਸੇਵਨ ਕਰੋ ਤਾਂ ਮੋਟਾਪਾ ਦੂਰ ਹੁੰਦਾ ਹੈ। ਇਸ ਦਾ ਤਾਜ਼ਾ ਜੂਸ ਤਾਕਤ ਤੇ ਊਰਜਾ ਦਿੰਦਾ ਹੈ।

**ਸਿਰਦਰਦ ਤੋਂ ਮੁਕਤੀ**

ਜਦੋਂ ਸਿਰ ਦਰਦ ਨਾਲ ਫ਼ਟਦਾ ਜਾਵੇ ਤਾਂ ਪਰਵਲ ਨੂੰ ਲੇਪ ਦੇ ਰੂਪ 'ਚ ਤਿਆਰ ਕਰ ਲਓ। ਇਸ ਦੇ ਲਈ ਇਸ ਨੂੰ ਬਲੈਂਡ ਕਰਕੇ ਇਸ ਦਾ ਰਸ ਕੱਢੋ ਅਤੇ ਚੰਗੀ ਤਰ੍ਹਾਂ ਮੱਥੇ 'ਤੇ ਲਗਾਓ ਲਓ। ਜੇਕਰ ਸਿਰਦਰਦ ਬਹੁਤ ਜ਼ਿਆਦਾ ਹੋ ਰਿਹਾ ਹੋਵੇ ਤਾਂ ਪਰਵਲ ਦੀਆਂ ਪੱਤੀਆਂ ਤੋੜ ਕੇ ਉਨ੍ਹਾਂ ਦਾ ਰਸ ਵੀ ਵਰਤਿਆ ਜਾ ਸਕਦਾ ਹੈ। ਇਸ ਦੀਆਂ ਜੜ੍ਹਾਂ ਦਾ ਰਸ ਵੀ ਸਿਰਦਰਦ ਤੋਂ ਰਾਹਤ ਦਿਵਾਉਂਦਾ ਹੈ।

**ਜ਼ਖਮ ਸੁਕਾਉਣ 'ਚ ਪੱਤੇ ਵੀ ਹਨ ਸਹਾਇਕ**

ਜੇਕਰ ਸਰੀਰ 'ਤੇ ਕਿਸੇ ਥਾਂ ਫ਼ੋੜੇ-ਫ਼ਿਨਸੀਆਂ ਜਾਂ ਜ਼ਖਮ ਹੋ ਗਏ ਹੋਣ ਤਾਂ ਪਰਵਲ ਦੇ ਪੱਤਿਆਂ ਨੂੰ ਪੀਸ ਕੇ ਇਸ ਦਾ ਲੇਪ ਉਸ ਥਾਂ 'ਤੇ ਲਗਾਉਣ ਨਾਲ ਜ਼ਖਮ ਛੇਤੀ ਸੁੱਕ ਜਾਂਦਾ ਹੈ। ਜੇਕਰ ਫ਼ੋੜੇ-ਫ਼ਿਨਸੀਆਂ ਬਹੁਤ ਜ਼ਿਆਦਾ ਹੋ ਜਾਣ ਤਾਂ ਘੱਟ ਮਸਾਲਿਆਂ ਨਾਲ ਬਣਾਈ ਗਈ ਪਰਵਲ ਦੀ ਸਬਜ਼ੀ ਨੂੰ 15 ਦਿਨਾਂ ਤੱਕ ਲਗਾਤਾਰ ਖਾਣ ਨਾਲ ਕਾਫ਼ੀ ਅਰਾਮ ਮਿਲਦਾ ਹੈ ਕਿਉਂਕਿ ਆਦੀਵਾਸੀਆਂ ਦਾ ਮੰਨਣੈ ਕਿ ਇਸ ਨਾਲ ਖੂਨ ਸਾਫ਼ ਹੁੰਦਾ ਹੈ, ਜਿਸ ਕਾਰਨ ਜ਼ਖਮ ਛੇਤੀ ਭਰ ਜਾਂਦੇ ਹਨ।

**ਚਮੜੀ ਦੇ ਰੋਗ ਤੋਂ ਮੁਕਤੀ ਲਈ ਖਾਓ ਪੱਕਿਆ ਹੋਇਆ ਪਰਵਲ**

ਆਦਵਾਸੀਆਂ ਦਾ ਇਹ ਵੀ ਮੰਨਣੈ ਕਿ ਪੱਕਿਆ ਹੋਇਆ ਪਰਵਲ ਖਾਣ ਨਾਲ ਚਮੜੀ ਸੰਬੰਧੀ ਰੋਗ ਦੂਰ ਹੁੰਦੇ ਹਨ। ਮੱਧ ਭਾਰਤ 'ਚ ਆਦੀਵਾਸੀ ਪਰਵਲ ਦਾ ਅਚਾਰ ਬਣਾਉਂਦੇ ਸਨ। ਇਹ ਸਵਾਦ ਤਾਂ ਹੁੰਦਾ ਹੀ ਹੈ, ਨਾਲ ਹੀ ਸਿਹਤ ਲਈ ਵੀ ਕਾਫ਼ੀ ਫ਼ਾਇਦੇਮੰਦ ਹੁੰਦਾ ਹੈ।

**ਪਰਵਲ ਦੀਆਂ ਜੜ੍ਹਾਂ ਨਾਲ ਸਾਫ਼ ਹੋਵੇ ਪੇਟ**

ਬਦਹਜ਼ਮੀ, ਕਬਜ਼ ਜਾਂ ਹੋਰ ਕਿਸੇ ਕਾਰਨ ਕਰਕੇ ਪੇਟ ਦੀ ਸਫ਼ਾਈ ਜ਼ਰੂਰੀ ਹੋਵੇ ਤਾਂ ਪਰਵਲ ਦੀਆਂ ਜੜ੍ਹਾਂ ਨੂੰ ਪਾਣੀ 'ਚ ਉਬਾਲ ਕੇ ਇਕ ਇਕ ਗਲਾਸ ਪਾਣੀ ਨਾਲ ਪੇਟ ਦੀ ਸਫ਼ਾਈ ਹੋ ਜਾਂਦੀ ਹੈ। ਆਦੀਵਾਸੀਆਂ ਅਨੁਸਾਰ ਇਸ ਫ਼ਾਰਮੂਲੇ ਦਾ ਸੇਵਨ ਰਾਤ ਨੂੰ ਸੌਣ ਤੋਂ ਪਹਿਲਾਂ ਕਰਨਾ ਚਾਹੀਦੈ।

####

# ਕਲੌਂਜੀ ਦੇ ਤੇਲ ਦੀ ਵਰਤੋਂ ਨਾਲ ਸ਼ਰੀਰ ਨੂੰ ਹੁੰਦੇ ਹਨ ਕਈ ਫ਼ਾਇਦੇ

ਜਦੋਂ ਸਾਡੀ ਸਿਹਤ ਖਰਾਬ ਹੁੰਦੀ ਹੈ ਤਾਂ ਅਸੀਂ ਠੀਕ ਹੋਣ ਲਈ ਡਾਕਟਰ ਅਤੇ ਦਵਾਈਆਂ ਦਾ ਸਹਾਰਾ ਲੈਂਦੇ ਹਾਂ। ਇਨ੍ਹਾਂ ਦਵਾਈਆਂ ਨਾਲ ਹੋਰ ਕਈ ਤਰ੍ਹਾਂ ਦੇ ਨੁਕਸਾਨ ਵੀ ਹੋ ਸਕਦੇ ਹਨ। ਇਕ ਇਸ ਤਰ੍ਹਾਂ ਦਾ ਤੇਲ ਹੈ ਜਿਸ ਦੀ ਵਰਤੋਂ ਨਾਲ ਕਈ ਤਰ੍ਹਾਂ ਦੀਆਂ ਬੀਮਾਰੀਆਂ ਦਾ ਇਲਾਜ ਹੋ ਸਕਦਾ ਹੈ। ਕਲੌਂਜੀ ਦੀ ਵਰਤੋਂ ਸਦੀਆਂ ਤੋਂ ਮਸਾਲੇ ਅਤੇ ਦਵਾਈਆਂ ਦੇ ਰੂਪ ਵਿੱਚ ਕੀਤੀ ਜਾਂਦੀ ਰਹੀ ਹੈ। ਇਸੇ ਤਰ੍ਹਾਂ ਹੀ ਕਲੌਂਜੀ ਦਾ ਤੇਲ ਵੀ ਬਹੁਤ ਸਾਰੀਆਂ ਬੀਮਾਰੀਆਂ ਤੋਂ ਬਚਾ ਸਕਦਾ ਹੈ ਆਓ ਜਾਣਦੇ ਹਾਂ ਇਸ ਦੇ ਫ਼ਾਇਦਿਆਂ ਬਾਰੇ...



1. ਕੈਂਸਰ
ਅੱਧਾ ਚਮਚ ਕਲੌਂਜੀ ਦੇ ਤੇਲ ਨੂੰ ਇਤ ਗਲਾਸ ਅੰਗੂਰ ਦੇ ਜੂਸ 'ਚ ਮਿਲਾ ਕੇ ਦਿਨ 'ਚ ਤਿੰਨ ਵਾਰ ਪੀਣ ਨਾਲ ਕੈਂਸਰ ਦੀ ਬੀਮਾਰੀ ਤੋਂ ਰਾਹਤ ਮਿਲਦੀ ਹੈ।

2. ਐਚ. ਆਈ. ਵੀ.
ਐਚ. ਆਈ. ਵੀ ਪੀੜਤ ਵਿਅਕਤੀ ਨੂੰ ਰੋਜ਼ ਕਲੌਂਜੀ, ਲਸਣ ਅਤੇ ਸ਼ਹਿਦ ਮਿਲਾਕੇ ਖਾਣ ਨਾਲ ਸਰੀਰ ਦੀ ਰੱਖਿਆ ਕਰਨ ਵਾਲੀ ਟੀ-4, ਟੀ-8 ਲਿੰਫ਼ੇਟਿਕ ਕੋਸ਼ਿਕਾਵਾਂ ਦੀ ਗਿਣਤੀ ਵਧ ਜਾਂਦੀ ਹੈ।

3. ਖਾਂਸੀ ਅਤੇ ਦਮਾ
ਖਾਂਸੀ ਅਤੇ ਦਮੇ ਦੀ ਸ਼ਿਕਾਇਤ ਹੋਣ 'ਤੇ ਛਾਤੀ ਅਤੇ ਪਿੱਠ 'ਤੇ ਕਲੌਂਜੀ ਦੇ ਤੇਲ ਨਾਲ ਮਾਲਿਸ਼ ਕਰਨ ਨਾਲ ਅਰਾਮ ਮਿਲਦਾ ਹੈ। ਤਿੰਨ ਚਮਚ ਕਲੌਂਜੀ ਦਾ ਤੇਲ ਰੋਜ਼ ਪੀ ਵੀ ਸਕਦੇ ਹੋ।

4. ਸ਼ੂਗਰ
ਇਕ ਕੱਪ ਕਲੌਂਜੀ ਦੇ ਬੀਜ, ਇਕ ਕੱਪ ਰਾਈ, ਅੱਧਾ ਕੱਪ ਅਨਾਰ ਦੇ ਛਿਲਕੇ ਨੂੰ ਪੀਸ ਕੇ ਚੂਰਣ ਬਣਾ ਲਓ। ਇਸ ਚੂਰਣ ਨੂੰ ਨਾਸ਼ਤਾ ਕਰਨ ਤੋਂ ਪਹਿਲਾਂ ਅੱਧਾ ਚਮਚ ਕਲੌਂਜੀ ਦੇ ਤੇਲ ਦੇ ਨਾਲ ਲੈਣ ਨਾਲ ਸ਼ੂਗਰ ਦੀ ਸਮੱਸਿਆਂ ਦੂਰ ਹੋ ਜਾਂਦੀ ਹੈ।

5. ਕਿਡਨੀ ਦੀ ਪੱਥਰੀ
ਪਿਸੀ ਹੋਈ ਕਲੌਂਜੀ ਨੂੰ ਸ਼ਹਿਦ 'ਚ ਚੰਗੀ ਤਰ੍ਹਾਂ ਮਿਲਾ ਕੇ, ਇਕ ਚਮਚ ਕਲੌਂਜੀ ਦੇ ਤੇਲ ਨਾਲ ਮਿਲਾ ਕੇ ਰੋਜ਼ ਸਵੇਰੇ ਇਸ ਦੀ ਵਰਤੋਂ ਕਰਨ ਨਾਲ ਫ਼ਾਇਦਾ ਮਿਲਦਾ ਹੈ।

6. ਦਿਲ ਦੇ ਰੋਗ ਅਤੇ ਬਲੱਡ ਪ੍ਰੈਸ਼ਰ
ਤਰਲ ਪਦਾਰਥ 'ਚ ਇਕ ਚਮਚ ਕਲੌਂਜੀ ਦਾ ਤੇਲ ਮਿਲਾ ਕੇ ਤਿੰਨ ਦਿਨ 'ਚ ਇਕ ਵਾਰ ਪੂਰੇ ਸਰੀਰ 'ਤੇ ਮਾਲਿਸ਼ ਕਰਕੇ ਅੱਧਾ ਘੰਟਾ ਧੁੱਪ ਲੈਣ ਨਾਲ ਫ਼ਾਇਦਾ ਹੁੰਦਾ ਹੈ।

7. ਸਫ਼ੇਦ ਦਾਗ
ਸਰੀਰ 'ਤੇ ਸਫ਼ੇਦ ਦਾਗ ਅਤੇ ਕੁਸ਼ਠ ਰੋਗ ਹੋ ਜਾਣ ਤੇ 15 ਦਿਨ ਤਕ ਰੋਜ਼, ਪਹਿਲਾਂ ਸੇਬ ਦਾ ਸਿਰਕਾ ਸਰੀਰ 'ਤੇ ਮਲੋ, ਫ਼ਿਰ ਕਲੌਂਜੀ ਦਾ ਤੇਲ ਲਗਾਉਣ ਨਾਲ ਰਾਹਤ ਮਿਲਦੀ ਹੈ।

8. ਕਮਰ ਦਰਦ ਅਤੇ ਗਠੀਆ
ਕਲੌਂਜੀ ਦੇ ਤੇਲ ਨੂੰ ਹਲਕਾ ਗਰਮ ਕਰਕੇ ਜਿੱਥੇ ਦਰਦ ਹੋਵੇ ਉਥੇ ਮਾਲਿਸ਼ ਕਰੋ। ਇੰਝ ਕਰਨ ਨਾਲ ਅਰਾਮ ਮਿਲੇਦਾ।

9. ਸਿਰ ਦਰਦ
ਸਿਰਦਰਦ ਹੋਣ 'ਤੇ ਮੱਥੇ ਅਤੇ ਸਿਰ ਦੇ ਦੋਨੋਂ ਪਾਸੇ ਕਲੌਂਜੀ ਦਾ ਤੇਲ ਲਗਾਕੇ ਮਾਲਿਸ਼ ਕਰਨ ਨਾਲ ਅਰਾਮ ਮਿਲਦਾ ਹੈ।

10. ਅੱਖਾਂ ਦੀ ਸਮੱਸਿਆ
ਰੋਜ਼ ਸੋਣ ਤੋਂ ਪਹਿਲਾਂ ਪਲਕਾਂ ਅਤੇ ਅੱਖਾਂ ਦੇ ਆਲੇ-ਦੁਆਲੇ ਕਲੌਂਜੀ ਦਾ ਤੇਲ ਲਗਾਉਣ ਨਾਲ ਅੱਖਾਂ ਦੀ ਹਰ ਤਰ੍ਹਾਂ ਦੀ ਸਮੱਸਿਆ ਦੂਰ ਹੋ ਜਾਂਦੀ ਹੈ।

# ਡਾਕਟਰ-ਮਰੀਜ਼ ਦੇ ਸਬੰਧ ਕਿਹੋ ਜਿਹੇ ਹੋਣ



ਜਿਥੋਂ ਤੱਕ ਮਰੀਜ਼ਾਂ ਦਾ ਸਵਾਲ ਹੈ ਤਾਂ ਉਹ ਡਾਕਟਰ ਦੇ ਕੋਲ ਜਾਣ ਤੋਂ ਪਹਿਲਾਂ ਇਹ ਜ਼ਰੂਰ ਵਿਚਾਰ ਕਰੇਗਾ ਕਿ ਡਾਕਟਰ ਕਿਸ ਪੱਧਰ ਦਾ ਹੈ, ਉਸ ਦਾ ਵਰਤਾਓ ਕਿਹੋ ਜਿਹਾ ਹੈ, ਉਹ ਕਿੰਨਾ ਯੋਗ ਅਤੇ ਤਜਰਬੇਕਾਰ ਹੈ। ਹੁਣ ਇਹ ਤੁਹਾਡੇ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਮਰੀਜ਼ਾਂ ਨੂੰ ਆਪਣੇ ਵੱਲ ਆਕਰਸ਼ਤ ਕਰਨ ਵਿਚ ਕਿੰਨੇ ਸਫ਼ਲ ਰਹਿੰਦੇ ਹੋ। ਜ਼ਿਆਦਾਤਰ ਮਰੀਜ਼ ਆਪਣਾ ਇਲਾਜ ਕਰਾਉਣ ਤੋਂ ਪਹਿਲਾਂ ਡਾਕਟਰਾਂ ਦਾ ਵਿਵਹਾਰ ਅਤੇ ਗੱਲਬਾਤ ਕਰਨ ਦਾ ਢੰਗ ਦੇਖਦੇ ਹਨ ਪਰ ਜ਼ਿਆਦਾਤਰ ਡਾਕਟਰ ਇਥੇ ਹੀ ਮਾਤ ਖਾ ਜਾਂਦੇ ਹਨ ਕਿ ਮਰੀਜ਼ਾਂ ਨਾਲ ਗੱਲ ਕਰਨ ਤੋਂ ਪਹਿਲਾਂ ਹੀ ਆਪਣੀ ਫੀਸ ਦੱਸ ਦਿੰਦੇ ਹਨ।

ਜਿਥੋਂ ਤੱਕ ਸੰਭਵ ਹੋਵੇ, ਡਾਕਟਰ ਮਰੀਜ਼ਾਂ ਦੇ ਨਾਲ ਪਿਆਰ ਨਾਲ ਪੇਸ਼ ਆਉਣ ਅਤੇ ਜੇ ਮਰੀਜ਼ ਨੂੰ ਗੰਭੀਰ ਬਿਮਾਰੀ ਹੈ ਤਾਂ ਉਸ ਦੇ ਨਾਲ ਅਜਿਹਾ ਵਿਵਹਾਰ ਕਰਨ ਕਿ ਉਸ ਨੂੰ ਬਿਮਾਰੀ ਦੇ ਬਾਰੇ ਵਿਚ ਪਤਾ ਨਾ ਲੱਗੇ। ਸਮੇਂ-ਸਮੇਂ 'ਤੇ ਮਰੀਜ਼ਾਂ ਦੇ ਕੋਲ ਬੈਠ ਕੇ ਭਰੋਸਾ ਦਿੰਦੇ ਰਹਿਣ ਅਤੇ ਛੇਤੀ ਠੀਕ ਹੋਣ ਦੀ ਆਸ ਵਧਾਉਂਦੇ ਰਹਿਣ।

**ਤੁਹਾਡਾ ਮਰੀਜ਼ ਕਿਸ ਪੱਧਰ ਦਾ ਹੈ :** ਹੇਠਲੇ ਪੱਧਰ ਅਤੇ ਸੰਪੰਨ ਪਰਿਵਾਰ ਦਾ ਮਰੀਜ਼ ਜ਼ਿਆਦਾਤਰ ਛੋਟੇ-ਛੋਟੇ ਡਾਕਟਰਾਂ ਦੇ ਕੋਲ ਜਾਣਾ ਪਸੰਦ ਕਰਦਾ ਹੈ, ਕਿਉਂਕਿ ਉੱਚ ਵਰਗ ਦੇ ਡਾਕਟਰਾਂ ਦਾ ਵਰਤਾਓ ਚੰਗਾ ਨਹੀਂ ਰਹਿੰਦਾ। ਉਹ ਪੈਸੇ ਨੂੰ ਜ਼ਿਆਦਾ ਮਹੱਤਵ ਦਿੰਦੇ ਹਨ। ਅਕਸਰ ਦੇਖਿਆ ਗਿਆ ਹੈ ਕਿ ਜੋ ਡਾਕਟਰ ਜਿੰਨਾ ਉੱਚਾ ਹੋਵੇਗਾ, ਉਸ ਦੇ ਹਾਵ-ਭਾਵ ਵੀ ਉਸੇ ਤਰ੍ਹਾਂ ਦੇ ਹੀ ਹੋਣਗੇ।

ਡਾਕਟਰਾਂ ਨੂੰ ਚਾਹੀਦਾ ਹੈ ਕਿ ਉਹ ਹੇਠਲੇ ਪੱਧਰ ਦੇ ਮਰੀਜ਼ਾਂ ਦੇ ਨਾਲ ਉਦਾਰ ਭਾਵਨਾ ਨਾਲ ਪੇਸ਼ ਆਉਣ। ਜਿਥੋਂ ਤੱਕ ਸੰਭਵ ਹੋਵੇ, ਪੈਸੇ ਦਾ ਲਾਲਚ ਸਾਹਮਣੇ ਨਹੀਂ ਆਉਣਾ ਚਾਹੀਦਾ। ਜੇ ਡਾਕਟਰ ਚਾਹੁਣ ਤਾਂ ਆਪਣੇ ਵਰਤਾਓ ਨਾਲ ਮਰੀਜ਼ਾਂ ਦਾ ਦਿਲ ਜਿੱਤ ਸਕਦੇ ਹਨ।

**ਤੁਸੀਂ ਕਿਸ ਬਿਮਾਰੀ ਦੇ ਚੰਗੇ ਜਾਣਕਾਰ ਹੋ :** ਅੱਜਕਲ੍ਹ ਦੇਖਿਆ ਗਿਆ ਹੈ ਕਿ ਚੰਗੇ ਤੋਂ ਚੰਗੇ ਤਜਰਬੇਕਾਰ ਡਾਕਟਰ ਪੈਸੇ ਦੇ ਲਾਲਚ ਵਿਚ ਮਰੀਜ਼ਾਂ ਦੀ ਭਰਮਾਰ ਕਰ ਲੈਂਦੇ ਹਨ। ਪੈਸਾ ਚੰਗਾ ਕਮਾਉਣ ਜਾ ਸਕੇ, ਇਸੇ ਭਾਵਨਾ ਨੂੰ ਲੈ ਕੇ ਉਹ ਸਾਰੇ ਤਰ੍ਹਾਂ ਦੀਆਂ ਬਿਮਾਰੀਆਂ ਦੇ ਮਰੀਜ਼ਾਂ ਦੀ ਭੀੜ ਜਮ੍ਹਾਂ ਕਰ ਲੈਂਦੇ ਹਨ। ਨਤੀਜੇ ਵਜੋਂ ਜਿਸ ਬਿਮਾਰੀ ਦਾ ਇਲਾਜ ਕਰਨ ਦੀ ਉਨ੍ਹਾਂ ਵਿਚ ਸਮਰੱਥਾ ਹੁੰਦੀ ਹੈ, ਉਸ ਨੂੰ ਵੀ ਖਤਮ ਕਰ ਲੈਂਦੇ ਹਨ ਅਤੇ ਮਰੀਜ਼ਾਂ ਨੂੰ ਨਿਰਾਸ਼ ਕਰ ਦਿੰਦੇ ਹਨ।

ਡਾਕਟਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਉਸ ਬਿਮਾਰੀ ਦਾ ਇਲਾਜ ਕਰਨ, ਜਿਸ ਵਿਚ ਉਨ੍ਹਾਂ ਦਾ ਚੰਗਾ ਤਜਰਬਾ ਹੋਵੇ। ਗਿਆਨ ਅਤੇ ਤਜਰਬੇ ਦੇ ਆਧਾਰ 'ਤੇ ਇਲਾਜ ਕਰਨ ਨਾਲ ਜਿਥੇ ਡਾਕਟਰ ਇਕ ਚੰਗੇ ਰੋਗ ਮਾਹਿਰ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਵੇਗਾ, ਉਥੇ ਕੰਮ ਵੀ ਚੰਗਾ ਚੱਲੇਗਾ।

**ਮਰੀਜ਼ਾਂ ਨੂੰ ਗੁਮਰਾਹ ਨਾ ਕਰੋ :** ਅੱਜਕਲ੍ਹ ਦੇਖਣ ਵਿਚ ਆਇਆ ਹੈ ਕਿ ਜ਼ਿਆਦਾਤਰ ਡਾਕਟਰ ਪੈਸਾ ਕਮਾਉਣ ਦੇ ਲਾਲਚ ਵਿਚ ਠੀਕ ਵਿਅਕਤੀ ਨੂੰ ਬਿਮਾਰ ਅਤੇ ਮਾਮੂਲੀ ਜਿਹੀ ਬਿਮਾਰੀ ਨੂੰ ਗੰਭੀਰ ਬਿਮਾਰੀ ਦੱਸ ਦਿੰਦੇ ਹਨ। ਇਸ ਨਾਲ ਡਾਕਟਰਾਂ ਦੁਆਰਾ ਮਰੀਜ਼ਾਂ ਨੂੰ ਗੁਮਰਾਹ ਕਰਨ ਦੀ ਨੀਤੀ ਸਾਹਮਣੇ ਆਉਂਦੀ ਹੈ ਅਤੇ ਵਿਅਕਤੀ ਫਿਰ ਕਦੇ ਅਜਿਹੇ ਡਾਕਟਰਾਂ ਦੇ ਕੋਲ ਜਾਣਾ ਪਸੰਦ ਨਹੀਂ ਕਰਦਾ, ਜੋ ਝੂਠ ਬੋਲਦੇ ਹਨ। ਡਾਕਟਰਾਂ ਨੂੰ ਚਾਹੀਦਾ ਹੈ ਕਿ ਉਹ ਹਮੇਸ਼ਾ ਸੱਚ ਬੋਲਣ ਅਤੇ ਵਿਅਕਤੀਆਂ ਨੂੰ ਗੁਮਰਾਹ ਨਾ ਕਰਨ।

ਬਿਮਾਰੀ ਦੇ ਅਨੁਰੂਪ ਹੀ ਦਵਾਈ ਦਿੱਤੀ ਜਾਵੇ : ਡਾਕਟਰਾਂ ਨੂੰ ਸੁਝਾਅ ਦਿੱਤਾ ਜਾਂਦਾ ਹੈ ਕਿ ਉਹ ਮਰੀਜ਼ ਨੂੰ ਬਿਮਾਰੀ ਦੇ ਅਨੁਰੂਪ ਹੀ ਦਵਾਈ ਦੇਣ, ਕਿਉਂਕਿ ਕੁਝ ਡਾਕਟਰ ਛੋਟੀ ਜਿਹੀ ਬਿਮਾਰੀ ਹੋਣ 'ਤੇ ਵੀ ਢੇਰ ਸਾਰੀਆਂ ਦਵਾਈਆਂ ਲਿਆਉਣ ਨੂੰ ਕਹਿ ਦਿੰਦੇ ਹਨ। ਜ਼ਿਆਦਾ ਦਵਾਈਆਂ ਖਾਣ ਨਾਲ ਮਰੀਜ਼ ਦੀ ਸਿਹਤ 'ਤੇ ਗ਼ਲਤ ਅਸਰ ਪੈ ਸਕਦਾ ਹੈ।

ਅੰਤ ਵਿਚ ਡਾਕਟਰਾਂ ਨੂੰ ਸਲਾਹ ਦੇਣੀ ਚਾਹਾਂਗਾ ਕਿ ਜਿਥੋਂ ਤੱਕ ਸੰਭਵ ਹੋਵੇ, ਮਰੀਜ਼ਾਂ ਨੂੰ ਖੁਸ਼ ਰੱਖੋ।

**-ਗੋਵਿੰਦ ਕ੍ਰਿਸ਼ਨ ਗਰਗ**

## ਸੰਪਾਦਕੀ

# ਭਾਰਤ ਦੀ ਆਰਥਿਕਤਾ ਅਤੇ ਅੰਤਰਿਮ ਬਜਟ

ਦੇਸ਼ ਦਾ ਬਜਟ ਪਹਿਲੀ ਫਰਵਰੀ ਨੂੰ ਪੇਸ਼ ਕਰਨ ਦੀ ਪ੍ਰਥਾ ਪਿਛਲੇ ਕੁਝ ਸਾਲਾਂ ਤੋਂ ਚਲ ਰਹੀ ਹੈ। ਐਤਕੀਂ ਵੀ ਬਜਟ ਇਕ ਫਰਵਰੀ ਨੂੰ ਪੇਸ਼ ਕੀਤਾ ਗਿਆ ਪਰ ਇਹ ਬਜਟ ਪੂਰੇ ਸਾਲ ਦਾ ਨਹੀਂ ਸਗੋਂ ਕੁਝ ਮਹੀਨਿਆਂ ਦਾ ਅੰਤਰਿਮ ਬਜਟ ਹੈ। ਅੰਤਰਿਮ ਬਜਟ ਇਸ ਕਰ ਕੇ ਪੇਸ਼ ਕੀਤਾ ਗਿਆ ਹੈ ਕਿ ਕੁਝ ਮਹੀਨਿਆਂ ਤੱਕ ਲੋਕ ਸਭਾ ਚੋਣਾਂ ਹੋਣੀਆਂ ਹਨ। ਚੋਣ ਨਤੀਜਿਆਂ ਤੋਂ ਬਾਅਦ ਨਵੀਂ ਸਰਕਾਰ ਬਣੇਗੀ, ਫਿਰ ਰਹਿੰਦੇ ਵਿੱਤੀ ਸਾਲ 2024-25 ਦਾ ਬਜਟ ਸੰਸਦ ਵਿਚ ਪੇਸ਼ ਕੀਤਾ ਜਾਵੇਗਾ। ਅੰਤਰਿਮ ਬਜਟ ਦੀ ਮਹੱਤਤਾ ਇਹ ਹੈ ਕਿ ਇਸ ਤੋਂ ਦੇਸ਼ ਦੀ ਆਰਥਿਕਤਾ ਦੀ ਦਸ਼ਾ ਦੇ ਅੰਦਾਜ਼ੇ ਸਾਹਮਣੇ ਆ ਗਏ ਹਨ। ਇਸ ਤੋਂ ਪਤਾ ਲੱਗਦਾ ਹੈ ਕਿ 2023-24 ਵਿੱਚ ਆਰਥਿਕ ਵਿਕਾਸ ਦੀ ਸਾਲਾਨਾ ਵਿਕਾਸ ਅਧਿਕਾਰਤ ਤੌਰ ਕੀ ਰਹੀ ਹੈ। ਪਿਛਲੇ ਬਜਟ ਵਿਚ ਆਰਥਿਕਤਾ ਦੇ ਵੱਖ ਵੱਖ ਸੈਕਟਰਾਂ ਨੂੰ ਬਜਟ ਵਿਚ ਅਲਾਟ ਕੀਤੇ ਸਾਧਨਾਂ ਵਿਚੋਂ ਕਿੰਨੇ ਖਰਚੇ ਗਏ ਹਨ। ਇਸ ਤੋਂ ਇਲਾਵਾ ਇਹ ਵੀ ਇਲਮ ਹੋ ਗਿਆ ਹੈ ਕਿ ਸਰਕਾਰ ਟੈਕਸ ਅਤੇ ਗੈਰ-ਟੈਕਸਾਂ ਤੋਂ ਵਿੱਤੀ ਸਾਧਨ ਇਕੱਠੇ ਕਰਨ ਵਿਚ ਕਿਥੋਂ ਤੱਕ ਸਫ਼ਲ ਰਹੀ ਹੈ।

ਦੇਸ਼ ਦੀ ਆਰਥਿਕਤਾ ਦੀ ਦਸ਼ਾ ਬਾਰੇ ਸਰਕਾਰ ਦੇ ਦਾਅਵੇ ਅਤੇ ਨਿਰਪੱਖ ਸੰਸਥਾਵਾਂ ਦੇ ਅੰਕੜੇ ਮੇਲ ਨਹੀਂ ਖਾਂਦੇ। ਵਿੱਤ ਮੰਤਰਾਲੇ ਅਤੇ ਪ੍ਰਧਾਨ ਮੰਤਰੀ ਦੇਸ਼ ਦੀ ਕੁੱਲ ਆਮਦਨ ਦੀ ਵਿਕਾਸ ਦਰ 2023-24 ਦੌਰਾਨ ਸਾਲਾਨਾ 7.3% ਪ੍ਰਾਪਤ ਹੋਣ ਬਾਰੇ ਬਿਆਨ ਦੇ ਰਹੇ ਹਨ ਪਰ ਮੁੰਬਈ ਆਧਾਰਿਤ ਸੈਂਟਰ ਫਾਰ ਮੌਨੀਟਰਿੰਗ ਇੰਡੀਅਨ ਇਕੌਨਮੀ ਦੇ ਅੰਕੜੇ ਆਮਦਨ ਵਿਕਾਸ ਦਰ 6% ਦੇ ਆਸਪਾਸ ਰਹਿਣ ਬਾਰੇ ਜਾਣਕਾਰੀ ਦੇ ਰਹੇ ਹਨ। ਕੌਮਾਂਤਰੀ ਮੁਦਰਾ ਕੋਸ਼ ਦੇ ਅੰਕੜੇ 2023 ਦੇ ਸਾਲ ਵਿੱਚ ਵਿਕਾਸ ਦਰ 6.3% ਤੱਕ ਸੀਮਤ ਰੱਖ ਰਹੇ ਹਨ। ਇਸ ਵਿਕਾਸ ਦੇ ਬਾਵਜੂਦ ਦੇਸ਼ ਵਿਚ ਬੇਰੁਜ਼ਗਾਰੀ ਦੀ ਦਰ ਕਾਫੀ ਵਧਦੀ ਨਜ਼ਰ ਆਉਂਦੀ ਹੈ। ਸੈਂਟਰ ਫਾਰ ਮੌਨੀਟਰਿੰਗ ਇੰਡੀਅਨ ਇਕੌਨਮੀ ਅਨੁਸਾਰ, ਬੇਰੁਜ਼ਗਾਰੀ ਦੀ ਦਰ 10% ਤੋਂ ਵੱਧ ਹੋ ਗਈ ਹੈ। ਸੰਸਾਰ ਬੈਂਕ ਵੀ ਅਜਿਹੇ ਅੰਕੜੇ (7.3%) ਪੇਸ਼ ਕਰ ਰਿਹਾ ਹੈ ਪਰ ਸਰਕਾਰ ਲੋਕਾਂ ਨੂੰ ਬੇਰੁਜ਼ਗਾਰੀ ਬਹੁਤ ਘਟਾ ਕੇ (3.2%) ਦੱਸ ਰਹੀ ਹੈ। ਕੌਮਾਂਤਰੀ ਕਿਰਤ ਸੰਸਥਾ (ਇੰਟਰਨੈਸ਼ਨਲ ਲੇਬਰ ਆਰਗਨਾਈਜੇਸ਼ਨ) ਦੇ ਅੰਕੜਿਆਂ ਅਨੁਸਾਰ ਨੌਜਵਾਨਾਂ ਵਿਚ ਬੇਰੁਜ਼ਗਾਰੀ ਖ਼ਤਰਨਾਕ ਪੱਧਰ (22%) 'ਤੇ ਪਹੁੰਚ ਗਈ ਹੈ। ਇਸ ਬਾਰੇ ਸਰਕਾਰ ਬਿਲਕੁਲ ਚੁੱਪ ਵੱਟੀ ਬੈਠੀ ਹੈ। ਇਸ ਦੀ ਬਜਾਇ ਸਟਾਰਟਅਪ ਪ੍ਰੋਗਰਾਮ ਬਾਰੇ ਗੱਲ ਕਰਦਿਆਂ ਭੁਲੇਖੇ ਪਾ ਰਹੀ ਹੈ। ਅਸਲ ਵਿਚ ਸਰਕਾਰੀ ਤੌਰ 'ਤੇ ਬੇਰੁਜ਼ਗਾਰੀ ਠੱਲ੍ਹਣ ਲਈ ਕੋਈ ਠੋਸ ਯੋਜਨਾ ਪਿਛਲੇ ਦਸ ਸਾਲਾਂ ਵਿਚ ਨਹੀਂ ਬਣਾਈ ਗਈ। ਇਸ ਦੇ ਨਾਲ ਨਾਲ ਕੌਮਾਂਤਰੀ ਬੇਯਕੀਨੀ ਦੇ ਹਾਲਾਤ ਅਤੇ ਦੇਸ਼ ਦੇ ਅੰਦਰੂਨੀ ਕਾਰਨਾਂ ਕਰ ਕੇ ਕੀਮਤਾਂ ਵਿਚ ਵਾਧਾ ਆਮ ਲੋਕਾਂ ਦਾ ਕਚੂੰਮਰ ਕੱਢ ਰਿਹਾ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ ਖਾਧ ਪਦਾਰਥਾਂ ਦੀਆਂ ਕੀਮਤਾਂ ਹੁਣ 8% ਤੋਂ ਵੱਧ ਦੀ ਦਰ ਨਾਲ ਵਧ ਰਹੀਆਂ ਹਨ। ਸਬਜ਼ੀਆਂ ਅਤੇ ਫਲ ਮੱਧ ਵਰਗ ਵਾਸਤੇ ਖਰੀਦਣੇ ਮੁਸ਼ਕਿਲ ਹੋ ਗਏ ਹਨ; ਗਰੀਬ ਵਸੋਂ ਦੀ ਪਹੁੰਚ ਤੋਂ ਦੂਰ ਹੋ ਗਏ ਹਨ। ਪ੍ਰਧਾਨ ਮੰਤਰੀ ਦੇ ਬਿਆਨ ਅਨੁਸਾਰ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਅਗਲੇ ਪੰਜ ਸਾਲਾਂ ਦੌਰਾਨ ਦਿੱਤਾ ਜਾਵੇਗਾ। ਇਹ ਦੇਸ਼ ਦੀ ਕੁੱਲ ਆਬਾਦੀ ਦਾ 57% ਬਣਦਾ ਹੈ। ਮਤਲਬ, ਦੇਸ਼ ਦੀ ਅੱਧੀ ਤੋਂ ਵੱਧ ਆਬਾਦੀ ਗਰੀਬ ਹੈ। ਇਸ ਆਬਾਦੀ ਨੂੰ ਸਰਕਾਰੀ ਮਦਦ ਨਾ ਦਿੱਤੀ ਜਾਵੇ ਤਾਂ ਭੁਖਮਰੀ ਦਾ ਸਿ ?ਕਾਰ ਹੋ ਸਕਦੀ ਹੈ। ਆਬਾਦੀ ਦੇ ਇੰਨੇ ਵੱਡੇ ਹਿੱਸੇ ਨੂੰ ਗਰੀਬੀ ਤੋਂ ਬਾਹਰ ਕੱਢਣ ਦਾ ਅਜੇ ਸਰਕਾਰ ਕੋਲ ਕੋਈ ਠੋਸ ਪ੍ਰੋਗਰਾਮ ਜਾਂ ਯੋਜਨਾ ਨਹੀਂ। ਇਸ ਨੂੰ ਇਕਲੌਤੀ ਵਿਕਾਸ ਦੀ ਦਰ ਹੱਲ ਨਹੀਂ ਕਰ ਸਕਦੀ। ਮੌਜੂਦਾ ਆਰਥਿਕ ਵਿਕਾਸ ਦੀ ਦਰ ਆਮ ਲੋਕਾਂ ਦੀ ਆਮਦਨ ਨਹੀਂ ਵਧਾ ਰਹੀ। ਇਸ ਦਾ ਫਾਇਦਾ ਥੋੜ੍ਹੇ ਜਿਹੇ ਕਾਰਪੋਰੇਟ ਘਰਾਣਿਆਂ ਨੂੰ ਹੀ ਹੋ ਰਿਹਾ ਹੈ। ਦੇਸ਼ ਵਿਚ ਆਮਦਨ ਅਤੇ ਦੌਲਤ ਦੀ ਵੰਡ ਕਾਫ਼ੀ ਖ਼ਤਰਨਾਕ ਪੱਧਰ 'ਤੇ ਪਹੁੰਚ ਗਈ ਹੈ। ਸੰਸਾਰ ਨਾਬਰਾਬਰੀ ਰਿਪੋਰਟ-2022 ਮੁਤਾਬਕ ਭਾਰਤ ਦੇ ਉਪਰਲੇ 10% ਅਮੀਰਾਂ ਕੋਲ 57% ਆਮਦਨ ਅਤੇ 64.6% ਦੌਲਤ ਇਕੱਠੀ ਹੋ ਗਈ ਹੈ। ਦੂਜੇ ਪਾਸੇ 50% ਹੇਠਲੇ ਗਰੀਬ ਲੋਕਾਂ ਕੋਲ 13% ਆਮਦਨ ਅਤੇ 5.9% ਦੌਲਤ ਰਹਿ ਗਈ ਹੈ। ਇਸ ਕਰ ਕੇ ਆਮ ਖਪਤ ਦੀ ਮੰਗ ਧੀਮੀ ਗਤੀ ਨਾਲ ਵਧਣ ਨਾਲ ਆਰਥਿਕ ਵਿਕਾਸ ਦੀ ਗਤੀ ਧੀਮੀ ਹੋ ਸਕਦੀ ਹੈ। ਅਸੰਗਠਿਤ ਖੇਤਰ, ਖਾਸ ਕਰ ਕੇ ਕਿਸਾਨੀ ਅਤੇ ਖੇਤੀ, ਸੰਕਟ ਦਾ ਸਿ ?ਕਾਰ ਹਨ। ਕਿਸਾਨ ਅਤੇ ਮਜ਼ਦੂਰ ਆਤਮ-ਹੱਤਿਆਵਾਂ ਕਰ ਰਹੇ ਹਨ। ਗੈਰ-ਸਰਕਾਰੀ ਸੰਸਥਾ ਪ੍ਰਥਮ ਨੇ ਸਕੂਲ ਸਿੱਖਿਆ ਦੀ ਗੁਣਵੱਤਾ ਬਾਰੇ ਜਿਹੜੇ ਅੰਕੜੇ ਪੇਸ਼ ਕੀਤੇ ਹਨ, ਉਹ ਪ੍ਰੇਸ਼ਾਨ ਕਰਨ ਵਾਲੇ ਹਨ। ਇਨ੍ਹਾਂ ਅੰਕੜਿਆਂ ਅਨੁਸਾਰ 14 ਤੋਂ 18 ਸਾਲ ਵਰਗ ਵਾਲੇ ਬੱਚਿਆਂ ਵਿਚੋਂ 25% ਦੂਜੀ ਜਮਾਤ ਦੀ ਕਿਤਾਬ ਮਾਤਭਾਸ਼ਾ ਵਿਚ ਨਹੀਂ ਪੜ੍ਹ ਸਕਦੇ। ਅੰਗਰੇਜ਼ੀ ਪੜ੍ਹਨ ਵਿਚ ਇਸ ਤੋਂ ਵੀ ਬੁਰਾ ਹਾਲ ਹੈ। ਇਸ ਉਮਰ ਦੇ 43% ਬੱਚੇ ਅੰਗਰੇਜ਼ੀ ਦਾ ਫਿਕਰਾ ਵੀ ਨਹੀਂ ਪੜ੍ਹ ਸਕਦੇ। ਇਹ ਬੱਚੇ 9ਵੀਂ ਅਤੇ 10ਵੀਂ ਜਮਾਤ ਵਿਚ ਪੜ੍ਹ ਰਹੇ ਹਨ। ਗਣਿਤ ਵਿਚ ਇਸ ਤੋਂ ਵੀ ਮਾੜੀ ਹਾਲਤ ਹੈ, ਉਨ੍ਹਾਂ ਨੂੰ ਸਾਧਾਰਨ ਰਕਮ ਨੂੰ ਤਕਸੀਮ ਕਰਨਾ ਵੀ ਨਹੀਂ ਆਉਂਦਾ। ਕੌਮੀ ਸਿਹਤ ਤੇ ਪਰਿਵਾਰ ਸਰਵੇਖਣ ਦੇ ਤਾਜ਼ਾ ਅੰਕੜੇ ਲੋਕਾਂ ਦੀ ਸਿਹਤ, ਖਾਸ ਕਰ ਕੇ ਪੇਂਡੂ ਔਰਤਾਂ ਤੇ ਬੱਚਿਆਂ ਦੀ ਮਾੜੀ ਤਸਵੀਰ ਪੇਸ਼ ਕਰਦੇ ਹਨ। ਆਰਥਿਕਤਾ ਦੀ ਦਸ਼ਾ ਮੰਗ ਕਰਦੀ ਹੈ ਕਿ ਵਿਕਾਸ ਮਾਡਲ ਨੂੰ ਕਾਰਪੋਰੇਟ ਪੱਖੀ ਤੋਂ ਬਦਲ ਕੇ ਲੋਕ ਪੱਖੀ ਬਣਾਇਆ ਜਾਵੇ। ਆਰਥਿਕਤਾ ਦੀ ਦਸ਼ਾ ਮੰਗ ਕਰਦੀ ਹੈ ਕਿ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ ਲੁਕਾਉਣ ਦੀ ਬਜਾਇ ਤਸਲੀਮ ਕਰ ਲਿਆ ਜਾਵੇ ਅਤੇ ਇਨ੍ਹਾਂ ਦੇ ਹੱਲ ਵਾਸਤੇ ਠੋਸ ਕਦਮ ਚੁੱਕੇ ਜਾਣ। ਇਸ ਕਾਰਜ ਲਈ ਬਜਟ ਵਿਚ ਖਾਸ ਪ੍ਰੋਗਰਾਮ ਉਲੀਕੇ ਜਾਣ ਅਤੇ ਉਨ੍ਹਾਂ ਵਾਸਤੇ ਲੋੜੀਂਦੇ ਫੰਡਾਂ ਦਾ ਬੰਦੋਬਸਤ ਕੀਤਾ ਜਾਵੇ। ਇਵੇਂ ਹੀ ਟੈਕਸ ਲਗਾਉਣ ਅਤੇ ਇਕੱਠੇ ਕਰਨ ਲਈ ਉਨ੍ਹਾਂ ਲੋਕਾਂ ਤੋਂ ਉਗਰਾਹੀ ਕੀਤੀ ਜਾਵੇ ਜਿਨ੍ਹਾਂ ਕੋਲ ਆਮਦਨ ਅਤੇ ਦੌਲਤ ਇਕੱਠੀ ਹੋ ਗਈ ਹੈ। ਇਸ ਨਜ਼ਰੀਏ ਤੋਂ ਵਿਚਾਰ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਮੌਜੂਦਾ ਅੰਤਰਿਮ ਬਜਟ ਦੀ ਦਿਸ਼ਾ ਕੀ ਹੈ। ਪਿਛਲੇ ਸਾਲ (2023-24) ਦੇ ਬਜਟ ਵਲ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਸਰਕਾਰ ਨੂੰ ਆਪਣਾ ਖਰਚਾ ਚਲਾਉਣ ਵਾਸਤੇ ਕਾਫੀ ਪੈਸੇ ਉਧਾਰ ਲੈ ਕੇ ਕੰਮ ਚਲਾਉਣਾ ਪੈ ਰਿਹਾ ਹੈ। ਕੁੱਲ ਬਜਟ ਦਾ 34% ਖਰਚਾ ਉਧਾਰ ਲੈ ਕੇ ਕਰਨ ਬਾਰੇ ਅੰਦਾਜ਼ੇ ਪੇਸ਼ ਕੀਤੇ ਗਏ ਸਨ। ਅਸਿੱਧੇ ਕਰ ਜਿਵੇਂ ਜੀਐੱਸਟੀ, ਕੇਂਦਰੀ ਐਕਸਾਈਜ਼ ਅਤੇ ਕਸਟਮ ਡਿਊਟੀ ਤੋਂ 28% ਇੱਕਠੇ ਕਰਨ ਦਾ ਅਨੁਮਾਨ ਪੇਸ਼ ਕੀਤਾ ਗਿਆ ਸੀ। ਮੱਧ ਵਰਗ ਤੋਂ ਆਮਦਨ ਕਰ ਅਤੇ ਕਾਰਪੋਰੇਟ ਆਮਦਨ ਕਰ ਤੋਂ ਕ੍ਰਮਵਾਰ 15%-15% ਇਕੱਠਾ ਕਰਨਾ ਸੀ। ਕਾਰਪੋਰੇਟ ਘਰਾਣਿਆਂ ਕੋਲ ਦੇਸ਼ ਦੀ ਕੁੱਲ ਆਮਦਨ ਦਾ 40% ਤੋਂ ਵੱਧ ਹਿੱਸਾ ਹਰ ਸਾਲ ਚਲਾ ਜਾਂਦਾ ਹੈ ਪਰ ਟੈਕਸ ਲਗਾਉਣ ਸਮੇਂ ਇਨ੍ਹਾਂ ਨੂੰ ਛੋਟਾਂ ਅਤੇ ਰਿਆਤਾਂ ਦਿੱਤੀਆਂ ਜਾਂਦੀਆਂ ਹਨ। ਖਰਚ ਕਰਦੇ ਸਮੇਂ 20% ਬਜਟ ਵਿਆਜ ਅਦਾ ਕਰਨ 'ਤੇ ਚਲਾ ਜਾਂਦਾ ਹੈ। ਕਾਰਪੋਰੇਟ ਘਰਾਣਿਆਂ ਦੇ ਕਰਜ਼ੇ ਮੁਆਫ਼ ਕੀਤੇ ਜਾਂਦੇ ਹਨ। ਸਿਹਤ ਤੇ ਵਿਦਿਆ 'ਤੇ ਖਰਚੇ ਬਹੁਤ ਘੱਟ ਕੀਤੇ ਜਾਂਦੇ ਹਨ। ਇਨ੍ਹਾਂ ਦੋਵਾਂ ਸੈਕਟਰਾਂ ਦਾ ਖਰਚਾ ਕੁੱਲ ਬਜਟ ਦਾ 4.12% ਦੇ ਆਸਪਾਸ ਬਣਦਾ ਹੈ। ਇਸ ਤੋਂ ਇਨ੍ਹਾਂ ਸੈਕਟਰਾਂ ਦੀ ਮਾੜੀ ਕਾਰਗੁਜ਼ਾਰੀ ਬਾਰੇ ਪਤਾ ਲੱਗਦਾ ਹੈ। ਸਰਕਾਰ ਪਬਲਿਕ ਸੈਕਟਰ ਦੇ ਅਦਾਰੇ ਪ੍ਰਾਈਵੇਟ ਕੰਪਨੀਆਂ ਨੂੰ ਵੇਚਆ ਰਹੀ ਹੈ। ਰੁਜ਼ਗਾਰ ਵਾਸਤੇ ਕੋਈ ਯੋਜਨਾ ਨਹੀਂ ਬਣਾਈ ਗਈ। ਪੇਂਡੂ ਗਰੀਬਾਂ ਵਾਸਤੇ ਮਗਨਰੇਗਾ ਤਹਿਤ ਪੁਰਾਣਾ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ ਪਰ 100 ਦਿਨਾਂ ਦੇ ਰੁਜ਼ਗਾਰ ਦਾ ਵਾਅਦਾ ਕਦੇ ਵੀ ਪੂਰਾ ਨਹੀਂ ਕੀਤਾ ਗਿਆ। ਕੰਟਰੋਲਰ ਜਨਰਲ ਅਕਾਊਂਟਸ (ਸੀਜੀਏ) ਦੀ ਰਿਪੋਰਟ ਅਨੁਸਾਰ ਕਰਜ਼ੇ ਦੇ ਵਿਆਜ ਮੋੜਨ 'ਤੇ ਸਰਕਾਰ ਦੇ ਖਰਚੇ ਦਾ 24.49% ਚਲਾ ਜਾਵੇਗਾ; ਮੂਲ ਦੀਆਂ ਕਿਸ਼ਤਾਂ ਅਲੱਗ ਹਨ। ਭਾਰਤ ਸਰਕਾਰ ਸਿਰ ਕਰਜ਼ਾ ਦੇਸ਼ ਦੀ ਆਮਦਨ ਦੇ 80% ਤੋਂ ਵੱਧ ਤੱਕ ਪਹੁੰਚ ਗਿਆ ਹੈ। ਕੌਮਾਂਤਰੀ ਮੁਦਰਾ ਕੋਸ਼ ਨੇ ਸਰਕਾਰ ਨੂੰ ਇਸ ਬਾਰੇ ਖ਼ਬਰਦਾਰ ਵੀ ਕੀਤਾ ਹੈ। ਇਹ ਚਿੰਤਾ ਦਾ ਵਿਸ਼ਾ ਹੈ।

# ਬਜਟ- ਵਿੱਤੀ ਅਨੁਸ਼ਾਸਨ ਨਾਲ ਭਲਾਈ



**ਪੀਯੂਸ਼ ਗੋਇਲ**

ਇਸ ਸਾਲ ਦੇ ਬਜਟ ਪ੍ਰਸਤਾਵ, ਪ੍ਰਧਾਨ ਮੰਤਰੀ, ਨਰੇਂਦਰ ਮੋਦੀ ਦੇ 'ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ, ਸਬਕਾ ਪ੍ਰਯਾਸ' ਦੇ ਦ੍ਰਿਸ਼ਟੀਕੋਣ ਅਤੇ ਗ਼ਰੀਬ, ਯੁਵਾ, ਅੰਨਦਾਤਾ ਅਤੇ ਨਾਰੀ 'ਤੇ ਵਿਸ਼ੇਸ਼ ਜ਼ੋਰ ਦੇ ਨਾਲ, 2047 ਤੱਕ ਇੱਕ ਵਿਕਸਿਤ ਦੇਸ਼ ਬਣਨ ਦੀ ਦਿਸ਼ਾ ਵਿੱਚ ਭਾਰਤ ਦੀ ਯਾਤਰਾ ਨੂੰ ਗਤੀ ਪ੍ਰਦਾਨ ਕਰਨਗੇ। ਇਸ ਦੇ ਲਈ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਵਧਾਈ ਦਿੱਤੀ ਜਾਣੀ ਚਾਹੀਦੀ ਹੈ।

ਵਿੱਤੀ ਅਨੁਸ਼ਾਸਨ ਦੇ ਨਾਲ ਭਲਾਈ- ਵਿਕਾਸਮੁਖੀ ਬਜਟ ਐਲਾਨਾਂ ਬਾਰੇ ਵਾਸਤਵ ਵਿੱਚ ਜ਼ਿਕਰਯੋਗ ਤੱਥ ਇਹ ਹੈ ਕਿ ਪੂੰਜੀਗਤ ਖਰਚੇ ਵਿੱਚ ਇਤਿਹਾਸਿਕ ਵਾਧਾ ਅਤੇ ਵੱਡੇ ਪੈਮਾਨੇ 'ਤੇ ਕੰਮ ਦੇ ਅਵਸਰਾਂ ਦੀ ਉਪਲਬਧਤਾ ਅਤੇ ਰੋਜ਼ਗਾਰ ਸਿਰਜਣ ਦੇ ਨਾਲ-ਨਾਲ ਉਦਾਰ ਅਤੇ ਲਕਸ਼ਿਤ ਕਲਿਆਣ ਦੇ ਉਪਾਅ, ਵਿੱਤੀ ਜ਼ਿੰਮੇਵਾਰੀ ਅਤੇ ਅਨੁਸ਼ਾਸਨ ਦੇ ਨਾਲ-ਨਾਲ ਲਾਗੂ ਕੀਤੇ ਜਾਣਗੇ।

ਇਹ ਅਰਥਵਿਵਸਥਾ ਦੇ ਲਈ ਬਹੁਤ ਚੰਗੀ ਖਬਰ ਹੈ, ਕਿਉਂਕਿ ਕਲਿਆਣਕਾਰੀ ਯੋਜਨਾਵਾਂ ਅਤੇ ਰੋਟੀ-ਕਪੜਾ ਅਤੇ ਮਕਾਨ ਦੀਆਂ ਬੁਨਿਆਦੀ ਜ਼ਰੂਰਤਾਂ ਦੇ ਪ੍ਰਾਵਧਾਨ ਨਾਲ ਲਾਭਾਰਥੀਆਂ ਦੀ ਜੇਬਾਂ ਵਿੱਚ ਪੈਸੇ ਦੀ ਵਧੇਰੇ ਬੱਚਤ ਹੁੰਦੀ ਹੈ, ਜਿਸ ਨੂੰ ਉਹ ਵਿਭਿੰਨ ਉਤਪਾਦਾਂ 'ਤੇ ਖਰਚ ਕਰਦੇ ਹਨ ਅਤੇ ਇਸ ਨਾਲ ਅਰਥਵਿਵਸਥਾ ਵਿੱਚ ਮੰਗ ਵਿੱਚ ਵਾਧਾ ਹੁੰਦਾ ਹੈ।

ਇਹ ਧਿਆਨ ਰੱਖਣਾ ਮਹੱਤਵਪੂਰਨ ਹੈ ਕਿ ਵਿੱਤੀ ਅਨੁਸ਼ਾਸਨ ਅਤੇ ਵਿਆਪਕ ਆਰਥਿਕ ਸਥਿਰਤਾ 'ਤੇ ਅਜਿਹੇ ਸਮੇਂ ਵਿੱਚ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ, ਜਦੋਂ ਦੇਸ਼ ਆਮ ਚੋਣਾਂ ਦੀ ਤਿਆਰੀ ਕਰ ਰਿਹਾ ਹੈ। ਗਲੋਬਲ ਪੱਧਰ 'ਤੇ ਜਦੋਂ ਕਿਸੇ ਦੇਸ਼ ਵਿੱਚ ਚੋਣਾਂ ਹੁੰਦੀਆਂ ਹਨ, ਤਾਂ ਜ਼ਿਆਦਾਤਰ ਨਿਵੇਸ਼ਕ ਵਿੱਤੀ ਲਾਪਰਵਾਹੀ ਦਾ ਸਾਹਮਣਾ ਕਰਦੇ ਹਨ,ਕਿਉਂਕਿ ਸਰਕਾਰਾਂ ਅਕਸਰ ਵਿੱਤੀ ਅਨੁਸ਼ਾਸਨ ਦੀ ਅਣਦੇਖੀ ਕਰਦੀਆਂ ਹਨ ਅਤੇ ਲਾਪਰਵਾਹ ਲੋਕਾਂ ਵਿੱਚ ਲੋਕਪ੍ਰਿਯ ਉਪਾਵਾਂ ਦਾ ਸਹਾਰਾ ਲੈਂਦੀਆਂ ਹਨ।

ਨਿਵੇਸ਼ਕਾਂ ਦੀ ਸ਼ਲਾਘਾ- ਮੋਦੀ ਸਰਕਾਰ ਅਲਗ ਹੈ। ਇਸ ਦੇ ਵਿੱਤੀ ਅਨੁਸ਼ਾਸਨ ਦੇ ਸਖ਼ਤ ਪਾਲਣ ਨੇ ਇਹ ਸੁਨਿਸ਼ਚਿਤ ਕੀਤਾ ਹੈ ਕਿ ਮਹਾਮਾਰੀ ਅਤੇ ਯੂਕਰੇਨ ਸੰਕਟ ਦੀਆਂ ਦੋਹਰੀਆਂ ਰੁਕਾਵਟਾਂ ਦੇ ਬਾਵਜੂਦ, ਭਾਰਤ ਉਥਲ-ਪੁਥਲ ਭਰੀ ਦੁਨੀਆ ਵਿੱਚ ਇੱਕ ਉੱਜਵਲ ਸਥਾਨ ਦੇ ਰੂਪ ਵਿੱਚ ਉੱਭਰਿਆ, ਕਿਉਂਕਿ ਇਸ ਨੇ ਦੇਖਭਾਲ ਅਤੇ ਕਰੁਣਾ ਨੂੰ ਸਮਝਦਾਰ ਅਰਥਸ਼ਾਸਤਰ ਦੇ ਨਾਲ ਸੰਯੋਜਿਤ ਕੀਤਾ। ਸਾਲ ਦੇ ਬਜਟ ਐਲਾਨ ਇਸੇ ਭਾਵਨਾ ਦੇ ਅਨੁਰੂਪ ਹਨ।

ਨਿਵੇਸ਼ ਕਰਨ ਵਾਲਾ ਭਾਈਚਾਰਾ ਵੀ ਇਸ ਨੂੰ ਮਾਨਤਾ ਦਿੰਦਾ ਹੈ। ਭਾਰਤ ਦੇ ਨਾਲ ਵਪਾਰ ਕਰਨ ਵਿੱਚ ਗਲੋਬਲ ਰੁਚੀ ਨਾਲ ਇਹ ਪਰਿਲਕਸ਼ਿਤ ਹੁੰਦਾ ਹੈ। ਭਾਰਤ ਦੇ ਸ਼ੇਅਰ ਬਜ਼ਾਰ ਵੀ ਨਿਵੇਸ਼ਕਾਂ ਦੇ ਉਤਸ਼ਾਹ ਨੂੰ ਦਰਸਾਉਂਦੇ ਹਨ। ਭਾਰਤ ਦਾ ਸ਼ੇਅਰ ਬਜ਼ਾਰ ਹਾਲ ਹੀ ਵਿੱਚ 4.33 ਟ੍ਰਿਲੀਅਨ ਡਾਲਰ ਦੇ ਮੁਲਾਂਕਣ ਦੇ ਨਾਲ ਹਾਂਗਕਾਂਗ ਨੂੰ ਪਿੱਛੇ ਛੱਡ ਕੇ ਦੁਨੀਆ ਦਾ ਚੌਥਾ ਸਭ ਤੋਂ ਵੱਡਾ ਸ਼ੇਅਰ ਬਜ਼ਾਰ ਬਣ ਗਿਆ ਹੈ।

ਇਸ ਤਰ੍ਹਾਂ ਨਾਲ ਪਹਿਲੇ ਸਥਾਨ 'ਤੇ- ਪੂੰਜੀਗਤ ਖਰਚੇ ਨੂੰ 11.1 ਪ੍ਰਤੀਸ਼ਤ ਵਧਾ ਕੇ 11,11,111 ਕਰੋੜ ਰੁਪਏ ਦੀ ਇਤਿਹਾਸਿਕ ਉਚਾਈ 'ਤੇ ਪਹੁੰਚਾ ਦਿੱਤਾ ਗਿਆ ਹੈ। ਇਸ ਨਾਲ ਭਾਰਤ ਦੇ ਬੁਨਿਆਦੀ ਢਾਂਚੇ ਵਿੱਚ ਹੋਰ ਵੀ ਸੁਧਾਰ ਹੋਵੇਗਾ ਅਤੇ ਆਧੁਨਿਕੀਕਰਣ ਹੋਵੇਗਾ, ਜੋ 10 ਸਾਲ ਪਹਿਲਾਂ ਦੀ ਤੁਲਨਾਂ ਵਿੱਚ ਪਹਿਲਾਂ ਤੋਂ ਹੀ ਪ੍ਰਭਾਵੀ ਤੌਰ 'ਤੇ ਬਿਹਤਰ ਹੈ।

ਉੱਚ ਪੂੰਜੀਗਤ ਖਰਚਾ ਅਤੇ ਵੱਡੇ ਪ੍ਰੋਜੈਕਟਾਂ ਦੇ ਲਾਗੂਕਰਨ ਨਾਲ ਸਾਡੇ ਨੌਜਵਾਨਾਂ ਲਈ ਰੋਜ਼ਗਾਰ ਦੇ ਅਵਸਰ ਪੈਦਾ ਹੋਣਗੇ।

ਮੋਦੀ ਗਾਰੰਟੀ- ਪ੍ਰਧਾਨ ਮੰਤਰੀ ਮੋਦੀ ਨੇ ਇੱਕਦਮ ਸਹੀ ਕਿਹਾ ਹੈ ਕਿ ਇਸ ਸਾਲ ਦਾ ਬਜਟ 2047 ਤੱਕ ਵਿਕਸਿਤ ਦੇਸ਼ ਬਣਨ ਦੀ ਦਿਸ਼ਾ ਵਿੱਚ ਭਾਰਤ ਦੇ ਪਥ ਦੇ ਨੀਂਹ ਪੱਥਰ ਨੂੰ ਮਜ਼ਬੂਤ ਕਰਨ ਦੀ ਗਾਰੰਟੀ ਦਿੰਦਾ ਹੈ। ਇਸ ਯਾਤਰਾ ਦਾ ਮੁੱਖ ਹਿੱਸਾ, ਮਹੱਤਵਅਕਾਂਖੀ ਟੀਚਿਆਂ ਦੇ ਨਿਰਧਾਰਨ ਅਤੇ ਉਨ੍ਹਾਂ ਨੂੰ ਹਾਸਲ ਕਰਕੇ ਗ਼ਰੀਬਾਂ ਦਾ ਸਸ਼ਕਤੀਕਰਣ ਕਰਨ ਨਾਲ ਸਬੰਧਿਤ ਹੈ। ਇਸ ਦੇ ਬਾਅਦ ਦਾ ਕਦਮ ਹੈ-ਹੋਰ ਵੀ ਵੱਡੀਆਂ ਉਮੀਦਾਂ ਨੂੰ ਪੂਰਾ ਕਰਨਾ.

ਆਵਾਸ-ਨਿਰਮਾਣ ਦੇ ਪ੍ਰਤੀ ਮੋਦੀ ਸਰਕਾਰ ਦੀ ਉਪਲਬਧੀ ਅਤੇ ਅਭਿਲਾਸ਼ਾ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ। ਸਰਕਾਰ ਪਹਿਲਾਂ ਹੀ ਪਿੰਡਾਂ ਅਤੇ ਸ਼ਹਿਰਾਂ ਵਿੱਚ ਗ਼ਰੀਬਾਂ ਦੇ ਲਈ ਚਾਰ ਕਰੋੜ ਤੋਂ ਜ਼ਿਆਦਾ ਘਰ ਬਣਾ ਚੁੱਕੀ ਹੈ। ਸਰਕਾਰ ਨੇ ਹੁਣ ਮੱਧ ਵਰਗ ਲਈ ਦੋ ਕਰੋੜ ਵਾਧੂ ਆਵਾਸਾਂ ਦੇ ਨਿਰਮਾਣ ਦਾ ਟੀਚਾ ਨਿਰਧਾਰਨ ਕੀਤਾ ਹੈ।ਮਹਿਲਾ ਅਗਵਾਈ ਅਧਾਰਿਤ ਵਿਕਾਸ - ਇਸੇ ਤਰ੍ਹਾਂ 2 ਕਰੋੜ ਲਖਪਤੀ ਦੀਦੀ ਬਣਾਉਣ ਦੇ ਲਕਸ਼ ਨੂੰ 50% ਵਧਾ ਕੇ ਤਿੰਨ ਕਰੋੜ ਕਰ ਦਿੱਤਾ ਗਿਆ ਹੈ। ਆਸ਼ਾ ਅਤੇ ਆਂਗਨਵਾੜੀ ਵਰਕਰਾਂ ਨੂੰ ਵੀ ਆਯੁਸ਼ਮਾਨ ਭਾਰਤ ਯੋਜਨਾ ਦਾ ਲਾਭ ਮਿਲੇਗਾ। ਸਰਕਾਰ ਨੇ 30 ਕਰੋੜ ਮੁਦਰਾ ਲੋਨਸ ਦੇ ਜ਼ਰੀਏ ਵੀ ਮਹਿਲਾਵਾਂ ਨੂੰ ਸਸ਼ਕਤ ਬਣਾਇਆ ਹੈ। ਪਿਛਲੇ ਦਹਾਕੇ ਵਿੱਚ ਉੱਚ ਸਿੱਖਿਆ ਵਿੱਚ ਮਹਿਲਾਵਾਂ ਦੇ ਨਾਮਾਂਕਨ ਵਿੱਚ 28% ਦਾ ਵਾਧਾ ਦਰਜ ਕੀਤਾ ਗਿਆ ਹੈ। ਸਿੱਖਿਆ ਦੇ ਖੇਤਰ ਵਿੱਚ, ਵਿਗਿਆਨ, ਟੈਕਨੋਲੋਜੀ, ਇੰਜੀਨਿਅਰਿੰਗ ਅਤੇ ਗਣਿਤ (ਐੱਸਟੀਈਐੱਮ) ਕੋਰਸਾਂ ਵਿੱਚ 43 ਪ੍ਰਤੀਸ਼ਤ ਵਿਦਿਆਰਥਣਾਂ ਹਨ, ਜੋ ਦੁਨੀਆ ਵਿੱਚ ਸਭ ਤੋਂ ਵਧ ਅਨੁਪਾਤਾਂ ਵਿੱਚੋਂ ਇੱਕ ਹੈ।

ਬਿਹਤਰ ਸਿਹਤ ਦੇਖਭਾਲ਼ ਲਈ, ਵਿੱਤ ਮੰਤਰੀ ਨੇ ਐਲਾਨ ਕੀਤਾ ਹੈ ਕਿ ਸਰਕਾਰ 9-14 ਵਰ੍ਹਿਆਂ ਦੀ ਉਮਰ ਦੀਆਂ ਕਿਸ਼ੋਰੀਆਂ ਲਈ ਟੀਕਾਕਰਣ ਨੂੰ ਪ੍ਰੋਤਸਾਹਿਤ ਕਰੇਗੀ। ਇਹ ਐਲਾਨ ਪ੍ਰਧਾਨ ਮੰਤਰੀ ਮੋਦੀ ਦੀ ਦੇਖਭਾਲ਼ ਅਤੇ ਕਰੁਣਾ ਯੁਕਤ ਸ਼ਾਸਨ ਨੂੰ ਪ੍ਰਦਰਸ਼ਿਤ ਕਰਦਾ ਹੈ। ਲਾਗੂਕਰਨ ਵਿੱਚ ਤਾਲਮੇਲ ਲਈ, ਮਾਤ੍ਰ ਅਤੇ ਸ਼ਿਸ਼ੂ ਦੇਖਭਾਲ਼ ਨਾਲ ਜੁੜੀਆਂ ਵਿਭਿੰਨ ਯੋਜਨਾਵਾਂ ਨੂੰ ਇੱਕ ਸੰਪੂਰਨ ਪ੍ਰੋਗਰਾਮ ਦੇ ਤਹਿਤ ਸ਼ਾਮਲ ਕੀਤਾ ਜਾਵੇਗਾ।

ਮੱਧ ਵਰਗ ਨੂੰ ਲਾਭ- ਲੋਕਾਂ ਦੇ ਜੀਵਨ ਨੂੰ ਅਸਾਨ ਬਣਾਉਣ ਅਤੇ ਉਤਪੀੜਨ ਨੂੰ ਰੋਕਣ ਦੀ ਸਰਕਾਰ ਦੀ ਰਣਨੀਤੀ ਦੇ ਅਨੁਰੂਪ, ਬਜਟ ਵਿੱਚ ਨਵੀਂ ਇਨਕਮ ਟੈਕਸ ਯੋਜਨਾ ਦਾ ਐਲਾਨ ਕੀਤਾ ਗਿਆ ਹੈ, ਜੋ ਇੱਕ ਕਰੋੜ ਲੋਕਾਂ ਨੂੰ ਰਾਹਤ ਪ੍ਰਦਾਨ ਕਰੇਗੀ। ਇਹ ਪਹਿਲਾਂ ਦੀ ਤੁਲਨਾ ਵਿੱਚ ਇੱਕ ਸੁਆਗਤ ਯੋਗ ਬਦਲਾਅ ਹੈ, ਜਦੋਂ ਪਿਛਲੀ ਸਰਕਾਰ ਨੇ ਦਹਾਕਿਆਂ ਤੱਕ ਆਮ ਆਦਮੀ ਦੇ ਸਿਰ 'ਤੇ ਇਸ ਤਲਵਾਰ ਨੂੰ ਲਟਕਾ ਕੇ ਰਖਿਆ ਸੀ। ਮੱਧ ਵਰਗ ਨੂੰ ਬੁਨਿਆਦੀ ਢਾਂਚੇ ਵਿੱਚ ਸੁਧਾਰਾਂ ਅਤੇ ਰੋਜ਼ਗਾਰ ਸਿਰਜਣ ਵਿੱਚ ਤੇਜ਼ੀ ਨਾਲ ਹੋਣ ਵਾਲੇ ਵਾਧੇ ਤੋਂ ਵੀ ਲਾਭ ਹੋਵੇਗਾ।

ਨੌਜਵਾਨਾਂ ਦੇ ਲਈ ਸੁਨਹਿਰੀ ਯੁਗ- 2047 ਤੱਕ ਭਾਰਤ ਨੂੰ ਇੱਕ ਵਿਕਸਿਤ ਦੇਸ਼ ਬਣਾਉਣ ਦੇ ਪ੍ਰਧਾਨ ਮੰਤਰੀ ਮੋਦੀ ਦੇ ਵਿਜ਼ਨ ਨਾਲ ਭਾਰਤ ਦੇ ਨੌਜਵਾਨਾਂ ਨੂੰ ਸਭ ਤੋਂ ਵੱਧ ਲਾਭ ਹੋਵੇਗਾ। ਬਜਟ ਵਿੱਚ ਨੌਜਵਾਨਾਂ ਦੇ ਮਹੱਤਵ 'ਤੇ ਜ਼ੋਰ ਦਿੱਤਾ ਗਿਆ ਹੈ। ਬਜਟ ਵਿੱਚ ਰੋਜ਼ਗਾਰ ਦੇ ਅਵਸਰ, ਸਟਾਰਟ-ਅੱਪਸ ਲਈ ਸਹਾਇਤਾ ਅਤੇ ਇਨੋਵੇਸ਼ਨ ਨੂੰ ਵਧਾਉਣ ਦੇ ਪ੍ਰਾਵਧਾਨ ਦੇ ਨਾਲ ਨੌਜਵਾਨਾਂ ਦੀ ਮਦਦ ਕਰਨ ਨਾਲ ਜੁੜੇ ਉਪਾਵਾਂ ਦਾ ਐਲਾਨ ਕੀਤਾ ਗਿਆ ਹੈ।

ਵਿੱਤ ਮੰਤਰੀ ਨੇ ਠੀਕ ਹੀ ਕਿਹਾ ਕਿ ਭਾਰਤ ਦੇ ਤਕਨੀਕ-ਪ੍ਰੇਮੀ ਨੌਜਵਾਨਾਂ ਲਈ ਇਹ ਇੱਕ ਸਵਰਣ (ਸੁਨਹਿਰੀ ) ਯੁਗ ਹੋਵੇਗਾ। ਸਰਕਾਰ 50 ਵਰ੍ਹਿਆਂ ਦੇ ਲਈ ਵਿਆਜ ਮੁਕਤ ਲੋਨ ਦੀ ਸੁਵਿਧਾ ਲਈ 1 ਲੱਖ ਕਰੋੜ ਰੁਪਏ ਦਾ ਫੰਡ ਸਥਾਪਿਤ ਕਰੇਗੀ। ਇਹ ਨਿਜੀ ਕੰਪਨੀਆਂ ਨੂੰ ਰਿਸਰਚ ਅਤੇ ਇਨੋਵੇਸ਼ਨ ਦਾ ਵਿਸਤਾਰ ਕਰਨ ਲਈ ਪ੍ਰੋਤਸਾਹਿਤ ਕਰੇਗਾ। ਵਿੱਤ ਮੰਤਰੀ ਨੇ ਉਨ੍ਹਾਂ ਪ੍ਰੋਗਰਾਮਾਂ ਦੇ ਮਹੱਤਵ 'ਤੇ ਚਾਨਣਾਂ ਪਾਇਆ, ਜੋ ਭਾਰਤ ਦੇ ਨੌਜਵਾਨਾਂ ਅਤੇ ਟੈਕਨੋਲੋਜੀ ਦੀਆਂ ਸ਼ਕਤੀਆਂ ਨੂੰ ਜੋੜਦੇ (ਸੰਯੋਜਿਤ ਕਰਦੇ) ਹਨ।

ਸਵੱਛ ਅਤੇ ਹਰਿਤ - ਮੋਦੀ ਸਰਕਾਰ ਦਾ ਸਵੱਛ ਅਤੇ ਹਰਿਤ ਵਿਕਾਸ 'ਤੇ ਵੀ ਵਿਸ਼ੇਸ਼ ਧਿਆਨ ਹੈ। ਬਜਟ ਇਸ ਦਿਸ਼ਾ ਵਿੱਚ ਇੱਕ ਵੱਡੀ ਉਪਲਬਧੀ ਹੈ। ਰੂਫ ਟੌਪ ਸੋਲਰ ਯੋਜਨਾ ਨਾਲ ਇੱਕ ਕਰੋੜ ਪਰਿਵਾਰਾਂ ਨੂੰ ਮੁਫ਼ਤ ਬਿਜਲੀ ਮਿਲੇਗੀ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਲੋਕ ਗਰਿੱਡ ਨੂੰ ਵਾਧੂ (ਅਤਿਰਿਕਤ) ਬਿਜਲੀ ਵੇਚ ਕੇ 20,000 ਰੁਪਏ ਤੱਕ ਦੀ ਧਨਰਾਸ਼ੀ ਪ੍ਰਾਪਤ ਕਰਨਗੇ। ਇਹ ਉਦਮਿਤਾ ਦੇ ਲਈ ਅਵਸਰ ਵੀ ਪ੍ਰਦਾਨ ਕਰੇਗਾ। ਕਈ ਮਾਇਨਿਆਂ ਵਿੱਚ, ਪ੍ਰਧਾਨ ਮੰਤਰੀ ਨੇ ਸਦੀਆਂ ਦੇ ਸੰਘਰਸ਼ ਦੇ ਬਾਅਦ ਸੂਰਜ ਉਦੈ (ਸੂਰਯੋਦਯ) ਦੇ ਯੁਗ ਦੀ ਸ਼ੁਰੂਆਤ ਕੀਤੀ ਹੈ। ਬਜਟ ਇੱਕ ਮਹੱਤਵਪੂਰਨ ਉਪਲਬਧੀ ਹੈ, ਜੋ ਇੱਕ ਮਜ਼ਬੂਤ, ਆਤਮਵਿਸ਼ਵਾਸ ਨਾਲ ਪਰਿਪੂਰਨ ਰਾਸ਼ਟਰ-ਵਿਕਸਿਤ ਭਾਰਤ 2047 ਦਾ ਨੀਂਹ ਪੱਥਰ ਰੱਖਦਾ ਹੈ।

# ਹਜ਼ਾਰਾਂ ਡਿਫਾਲਟਰ ਕਿਸਾਨਾਂ ਦੇ ਮਾਲ ਰਿਕਾਰਡ 'ਚ 'ਗੋਲਮਾਲ'

## ਖੇਤੀ ਵਿਕਾਸ ਬੈਂਕਾਂ ਤੋਂ ਕਰਜ਼ੇ ਲੈਣ ਵਾਲੇ 561 ਕਿਸਾਨਾਂ ਨੇ ਚੁੱਪ-ਚੁਪੀਤੇ ਜ਼ਮੀਨਾਂ ਵੇਚੀਆਂ

**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਹਿਕਾਰੀ ਖੇਤੀ ਵਿਕਾਸ ਬੈਂਕਾਂ ਦੇ ਕਰੀਬ 3780 ਡਿਫਾਲਟਰਾਂ ਦੇ ਮਾਲ ਰਿਕਾਰਡ 'ਚ 'ਗੋਲਮਾਲ' ਹੋ ਗਿਆ ਹੈ ਜਿਸ ਮਗਰੋਂ ਬਹੁਤੇ ਡਿਫਾਲਟਰਾਂ ਨੇ ਚੁੱਪ-ਚੁਪੀਤੇ ਆਪਣੀ ਜ਼ਮੀਨ ਵੇਚ ਦਿੱਤੀ ਹੈ। ਜਿਨ੍ਹਾਂ ਕਿਸਾਨਾਂ ਨੇ ਆਪਣੀ ਜ਼ਮੀਨ ਗਿਰਵੀ ਰੱਖ ਕੇ ਬੈਂਕ ਤੋਂ ਕਰਜ਼ੇ ਲਏ ਸਨ ਉਨ੍ਹਾਂ ਕਿਸਾਨਾਂ ਦੇ ਮਾਲ ਰਿਕਾਰਡ 'ਚੋਂ 'ਰਪਟ' (ਰੈੱਡ ਐਂਟਰੀ) ਭੇਤਭਰੇ ਢੰਗ ਨਾਲ ਗਾਇਬ ਹੋ ਗਈ ਹੈ।

ਜਦੋਂ ਕੋਈ ਕਿਸਾਨ ਬੈਂਕ ਤੋਂ ਕਰਜ਼ਾ ਲੈਂਦਾ ਹੈ ਤਾਂ ਬੈਂਕ ਦੇ ਦਸਤਾਵੇਜ਼ਾਂ ਦੇ ਆਧਾਰ 'ਤੇ ਮਾਲ ਮਹਿਕਮੇ ਦੇ ਰਿਕਾਰਡ ਵਿੱਚ 'ਰਪਟ' ਪੈਂਦੀ ਹੈ ਤਾਂ ਜੋ ਕਰਜ਼ਦਾਰ ਜ਼ਮੀਨ ਨੂੰ ਕਿਧਰੇ ਵੇਚ ਨਾ ਸਕੇ। ਖੇਤੀ ਵਿਕਾਸ ਬੈਂਕਾਂ ਦੇ 561 ਅਜਿਹੇ ਡਿਫਾਲਟਰਾਂ ਦੀ ਪਛਾਣ ਹੋਈ ਹੈ, ਜਿਨ੍ਹਾਂ ਨੇ ਆਪਣੀ ਜ਼ਮੀਨ ਵੇਚ ਦਿੱਤੀ ਹੈ ਕਿਉਂਕਿ ਮਾਲ ਮਹਿਕਮੇ ਦੇ ਰਿਕਾਰਡ 'ਚੋਂ 'ਰਪਟ' ਗਾਇਬ ਹੋ ਗਈ ਹੈ। ਇਹ ਮਾਮਲਾ ਸਾਹਮਣੇ ਆਉਣ ਮਗਰੋਂ ਸਹਿਕਾਰਤਾ ਵਿਭਾਗ ਵਿਚ ਵੱਡੀ ਹਲਚਲ ਮੱਚ ਗਈ ਹੈ। ਖੇਤੀ ਵਿਕਾਸ ਅਫਸਰਾਂ ਨੂੰ ਵੀ ਹੱਥਾਂ ਪੈਰਾਂ ਦੀ ਪੈ ਗਈ ਹੈ।

ਸਰਦੂਲਗੜ੍ਹ ਦੇ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਦੀ ਅਗਵਾਈ ਵਾਲੀ ਪੰਜਾਬ ਵਿਧਾਨ ਸਭਾ ਦੀ ਸਹਿਕਾਰਤਾ ਕਮੇਟੀ ਨੇ ਜਦੋਂ ਖੇਤੀ ਵਿਕਾਸ ਬੈਂਕਾਂ ਦੇ ਕੰਮਕਾਜ ਦਾ ਮੁਲਾਂਕਣ ਕੀਤਾ ਤਾਂ ਇਹ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਜਦੋਂ ਭੇਤ ਖੁੱਲ੍ਹਿਆ ਤਾਂ ਬੈਂਕ ਅਧਿਕਾਰੀਆਂ ਨੇ ਡਿਫਾਲਟਰ ਕਿਸਾਨਾਂ ਦੇ ਮਾਲ ਰਿਕਾਰਡ ਵਿਚ ਮੁੜ 'ਰਪਟ' ਪਵਾਉਣੀ ਸ਼ੁਰੂ ਕਰ ਦਿੱਤੀ ਹੈ। ਕਰੀਬ 1340 ਡਿਫਾਲਟਰ ਕਿਸਾਨਾਂ ਦੇ ਮਾਲ ਰਿਕਾਰਡ ਵਿਚ ਮੁੜ 'ਰਪਟ' ਪਾਈ ਗਈ ਹੈ।



ਜਿਨ੍ਹਾਂ ਡਿਫਾਲਟਰਾਂ ਨੇ 'ਰਪਟ' ਗਾਇਬ ਹੋਣ ਮਗਰੋਂ ਆਪਣੀ ਜ਼ਮੀਨ ਵੇਚ ਦਿੱਤੀ ਹੈ, ਉਨ੍ਹਾਂ ਕਿਸਾਨਾਂ ਤੋਂ ਵਸੂਲੀ ਕਰਨੀ ਬੈਂਕ ਲਈ ਮੁਸੀਬਤ ਬਣ ਗਈ ਹੈ। ਸੂਤਰ ਦੱਸਦੇ ਹਨ ਕਿ ਖੇਤੀ ਵਿਕਾਸ ਬੈਂਕਾਂ ਦੇ ਅਧਿਕਾਰੀਆਂ, ਮਾਲ ਮਹਿਕਮੇ ਅਤੇ ਕਿਸਾਨ ਦੀ ਮਿਲੀਭੁਗਤ ਬਿਨਾਂ ਅਜਿਹਾ ਸੰਭਵ ਨਹੀਂ ਹੈ। ਅਧਿਕਾਰੀ ਆਖਦੇ ਹਨ ਕਿ ਜਦੋਂ ਮਾਲ ਮਹਿਕਮੇ ਦਾ ਰਿਕਾਰਡ ਚਾਰ ਵਰ੍ਹਿਆਂ ਮਗਰੋਂ ਅਪਡੇਟ ਹੁੰਦਾ ਹੈ ਤਾਂ ਉਸ ਸਮੇਂ ਇਹ 'ਰਪਟਾਂ' ਗਾਇਬ ਹੋਈਆਂ ਹਨ। ਕਰੋੜਾਂ ਰੁਪਏ ਦਾ ਰਗੜਾ ਫਿਲਹਾਲ ਖੇਤੀ ਵਿਕਾਸ ਬੈਂਕਾਂ ਨੂੰ ਲੱਗ ਗਿਆ ਹੈ।

ਖੇਤੀ ਵਿਕਾਸ ਬੈਂਕਾਂ ਦੇ ਕਰੀਬ 60,757 ਅਜਿਹੇ ਕਰਜ਼ਦਾਰ ਕਿਸਾਨ ਹਨ ਜਿਨ੍ਹਾਂ ਨੂੰ ਲੰਘੇ ਚਾਰ ਵਰ੍ਹਿਆਂ ਤੋਂ ਬੈਂਕਾਂ ਨੇ ਕੋਈ ਕਰਜ਼ਾ ਨਹੀਂ ਦਿੱਤਾ। ਜ਼ਮੀਨ ਵੇਚਣ ਵਾਲੇ 561 ਕਿਸਾਨਾਂ ਸਿਰ ਕਰੀਬ 40 ਕਰੋੜ ਰੁਪਏ ਦਾ ਕਰਜ਼ ਸੀ। ਅਧਿਕਾਰਤ ਸੂਤਰ ਆਖਦੇ ਹਨ ਕਿ ਖੇਤੀ ਵਿਕਾਸ ਬੈਂਕਾਂ ਦੇ 5120 ਡਿਫਾਲਟਰਾਂ ਦੀ ਮਾਲ ਮਹਿਕਮੇ 'ਚੋਂ ਜ਼ਮੀਨ ਗਿਰਵੀ ਦੀ ਗਵਾਹੀ ਭਰਨ ਵਾਲੀ 'ਰਪਟ' ਗਾਇਬ ਹੋਈ ਹੈ। ਸਹਿਕਾਰੀ ਬੈਂਕਾਂ ਲਈ ਹੁਣ ਮੁਸ਼ਕਲ ਹੈ ਕਿ ਉਹ ਗਾਇਬ ਰਪਟਾਂ ਵਾਲੇ ਕਰਜ਼ਦਾਰਾਂ ਤੋਂ ਵਸੂਲੀ ਕਿਵੇਂ ਕਰਨਗੇ। ਅਧਿਕਾਰੀ ਨੇ ਦੱਸਿਆ ਕਿ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਹੁਣ ਪੱਤਰ ਭੇਜੇ ਗਏ ਹਨ ਤਾਂ ਜੋ ਗਾਇਬ ਹੋਈਆਂ 'ਰਪਟਾਂ' ਦੀ ਮੁੜ ਮਾਲ ਰਿਕਾਰਡ ਵਿਚ ਐਂਟਰੀ ਪਾਈ ਜਾ ਸਕੇ।

**ਕਿਸਾਨਾਂ ਵੱਲ ਖੜ੍ਹਾ ਹੈ ਕਈ ਕਰੋੜ ਦਾ ਬਕਾਇਆ**

ਖੇਤੀ ਵਿਕਾਸ ਬੈਂਕਾਂ ਦੇ ਢਾਈ ਏਕੜ ਤੱਕ ਦੀ ਜ਼ਮੀਨ ਵਾਲੇ 21,790 ਕਿਸਾਨਾਂ ਵੱਲ 856 ਕਰੋੜ ਦੇ ਬਕਾਏ ਖੜ੍ਹੇ ਹਨ ਜਦੋਂਕਿ ਢਾਈ ਏਕੜ ਤੋਂ ਪੰਜ ਏਕੜ ਵਾਲੇ 20,171 ਕਿਸਾਨਾਂ ਵੱਲ 969 ਕਰੋੜ ਦਾ ਬਕਾਇਆ ਖੜ੍ਹਾ ਹੈ। ਇਸੇ ਤਰ੍ਹਾਂ ਪੰਜ ਤੋਂ 10 ਏਕੜ ਵਾਲੇ 14,889 ਕਰਜ਼ਦਾਰਾਂ ਵੱਲ 920 ਕਰੋੜ ਰੁਪਏ ਦਾ ਕਰਜ਼ਾ ਖੜ੍ਹਾ ਹੈ। 10 ਤੋਂ 15 ਏਕੜ ਵਾਲੇ 3032 ਕਿਸਾਨਾਂ ਵੱਲ 272 ਕਰੋੜ ਦਾ ਕਰਜ਼ਾ ਬਕਾਇਆ ਹੈ। ਇਸੇ ਤਰ੍ਹਾਂ 15 ਤੋਂ 20 ਏਕੜ ਦੀ ਮਾਲਕੀ ਵਾਲੇ 633 ਕਿਸਾਨਾਂ ਵੱਲ 61.87 ਕਰੋੜ ਦਾ ਕਰਜ਼ਾ ਹੈ ਜਦੋਂਕਿ 20 ਏਕੜ ਤੋਂ ਜ਼ਿਆਦਾ ਮਾਲਕੀ ਵਾਲੇ 242 ਕਿਸਾਨਾਂ ਵੱਲ 26.93 ਕਰੋੜ ਦਾ ਕਰਜ਼ਾ ਹੈ।

# ਚੀ.ਫ ਖ਼ਾਲਸਾ ਦੀਵਾਨ ਦੀਆਂ ਚੋਣਾਂ ਲਈ ਉਮੀਦਵਾਰ ਐਲਾਨੇ

## ਪ੍ਰਧਾਨ ਦੇ ਅਹੁਦੇ ਲਈ 'ਦੀਵਾਨ ਬਚਾਓ ਫਰੰਟ' ਵੱਲੋਂ ਸੁਰਿੰਦਰਜੀਤ ਹੋਣਗੇ ਉਮੀਦਵਾਰ

**ਅੰਮ੍ਰਿਤਸਰ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਰਾਤਨ ਸਿੱਖ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੀ 18 ਫਰਵਰੀ ਨੂੰ ਛੇ ਅਹੁਦੇਦਾਰਾਂ ਦੀ ਪੰਜ ਸਾਲ ਬਾਅਦ ਹੋਣ ਵਾਲੀ ਚੋਣ ਵਾਸਤੇ 'ਦੀਵਾਨ ਬਚਾਓ ਫਰੰਟ' ਨੇ ਅੱਜ ਆਪਣੇ ਪੰਜ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਇਸ ਤਹਿਤ ਆਮਦਨ ਕਰ ਵਿਭਾਗ ਤੋਂ ਸੇਵਾਮੁਕਤ ਚੀਫ ਕਮਿਸ਼ਨਰ ਸੁਰਿੰਦਰਜੀਤ ਸਿੰਘ ਪਾਲ ਪ੍ਰਧਾਨ ਦੇ ਅਹੁਦੇ ਲਈ ਉਮੀਦਵਾਰ ਹੋਣਗੇ ਜਦੋਂਕਿ ਮੀਤ ਪ੍ਰਧਾਨ ਲਈ ਅਮਰਜੀਤ ਸਿੰਘ ਵਿਕਰਾਂਤ ਤੇ ਸਰਬਜੀਤ ਸਿੰਘ ਚੋਣ ਲੜਨਗੇ।



ਜਨਰਲ ਸਕੱਤਰ ਦੇ ਅਹੁਦੇ ਲਈ ਰਮਣੀਕ ਸਿੰਘ ਅਤੇ ਸਥਾਨਕ ਪ੍ਰਧਾਨ ਲਈ ਸੁਖਦੇਵ ਸਿੰਘ ਮੱਤੇਵਾਲ ਚੋਣ ਮੈਦਾਨ ਵਿੱਚ ਉਤਾਰੇ ਗਏ ਹਨ। ਜਨਰਲ ਸਕੱਤਰ ਦੇ ਦੂਜੇ ਅਹੁਦੇ ਲਈ ਫਿਲਹਾਲ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਗਿਆ ਹੈ। ਇਸ ਮੌਕੇ ਦੀਵਾਨ ਦੇ ਆਗੂ ਰਹੇ ਮਰਹੂਮ ਭਾਗ ਸਿੰਘ ਅਣਖੀ ਦੀ ਪਤਨੀ ਅਜੀਤ ਕੌਰ ਅਣਖੀ ਨੇ ਸਾਰੇ ਉਮੀਦਵਾਰਾਂ ਨੂੰ ਸਫ਼ਲਤਾ ਲਈ ਆਸ਼ੀਸ਼ ਦਿੰਦਿਆਂ ਕਿਹਾ ਕਿ ਦੀਵਾਨ ਦੇ ਇਤਿਹਾਸ ਨੂੰ ਸੰਭਾਲਣਾ ਸਮੇਂ ਦੀ ਮੁੱਖ ਲੋੜ ਹੈ। ਪ੍ਰਧਾਨਗੀ ਦੇ ਅਹੁਦੇ ਲਈ ਉਮੀਦਵਾਰ ਸੁਰਿੰਦਰਜੀਤ ਸਿੰਘ ਪਾਲ ਨੇ ਕਿਹਾ ਕਿ ਚੋਣ ਪ੍ਰਕਿਰਿਆ ਪਾਰਦਰਸ਼ੀ ਤੇ ਨਿਰਪੱਖ ਹੋਣੀ ਚਾਹੀਦੀ ਹੈ, ਇਸ ਵਾਸਤੇ ਮੌਜੂਦਾ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੂੰ ਪੱਤਰ ਭੇਜਿਆ ਗਿਆ ਹੈ। ਇਸ ਸਬੰਧੀ ਫਰੰਟ ਵੱਲੋਂ ਪ੍ਰੀਜ਼ਾਈਡਿੰਗ ਅਫਸਰ ਲਈ ਸੇਵਾਮੁਕਤ ਐੱਸਡੀਐੱਮ ਜਸਪਾਲ ਸਿੰਘ ਅਤੇ ਰਿਟਰਨਿੰਗ ਅਫਸਰ ਲਈ ਐਡਵੋਕੇਟ ਸਰਬਜੀਤ ਸਿੰਘ ਵੇਰਕਾ, ਅਜਾਇਬ ਸਿੰਘ ਅਭਿਆਸੀ ਤੇ ਡਾ. ਜੇ.ਐੱਸ. ਅਰੋੜਾ ਨੂੰ ਸ਼ਾਮਲ ਕਰਨ ਲਈ ਕਿਹਾ ਗਿਆ ਹੈ।

# 'ਆਪ' ਵਿਧਾਇਕ ਟੌਂਗ ਖ਼ਿਲਾ.ਫ ਗ੍ਰਿ.ਫਤਾਰੀ ਵਾਰੰਟ ਜਾਰੀ



**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜੁਡੀਸ਼ਲ ਮੈਜਿਸਟਰੇਟ ਬਾਬਾ ਬਕਾਲਾ ਦੀ ਅਦਾਲਤ ਨੇ ਪੈਸਿਆਂ ਦੇ ਲੈਣ-ਦੇਣ ਦੇ ਮਾਮਲੇ ਵਿੱਚ ਵਾਰ-ਵਾਰ ਵਾਰੰਟ ਭੇਜਣ ਦੇ ਬਾਵਜੂਦ ਪੇਸ਼ ਨਾ ਹੋਣ 'ਤੇ ਹਲਕਾ ਵਿਧਾਇਕ ਦਲਬੀਰ ਸਿੰਘ ਟੌਂਗ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ। ਸੰਪੂਰਨ ਸਿੰਘ ਮੱਕੜ ਨੇ ਵਿਧਾਇਕ ਖ਼ਿਲਾਫ਼ ਇਹ ਕੇਸ ਵਕੀਲ ਸਰਬਜੀਤ ਸਿੰਘ ਗਿੱਲ ਰਾਹੀਂ ਦਾਇਰ ਕਰਵਾਇਆ ਸੀ। ਇਸ ਸਬੰਧੀ ਅਦਾਲਤ ਨੇ ਆਮ ਆਦਮੀ ਪਾਰਟੀ ਦੇ ਵਿਧਾਇਕ ਦਲਬੀਰ ਸਿੰਘ ਟੌਂਗ ਨੂੰ ਪੰਜ ਵਾਰ ਪੁਲੀਸ ਰਾਹੀਂ ਵਾਰੰਟ ਭੇਜੇ ਪਰ ਪੁਲੀਸ ਨੇ ਵਿਧਾਇਕ ਨੂੰ ਗ੍ਰਿਫ਼ਤਾਰ ਕਰ ਕੇ ਅਦਾਲਤ 'ਚ ਪੇਸ਼ ਨਹੀਂ ਕੀਤਾ। ਅਦਾਲਤ ਅਨੁਸਾਰ ਵਿਧਾਇਕ 26 ਜਨਵਰੀ ਨੂੰ ਗਣਤੰਤਰ ਦਿਵਸ ਸਮਾਗਮ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਇਆ ਜਿਸ ਲਈ ਪੁਲੀਸ ਜ਼ਿੰਮੇਵਾਰ ਹੈ। ਹੁਣ ਅਦਾਲਤ ਨੇ ਥਾਣਾ ਬਿਆਸ ਦੇ ਐੱਸਐੱਚਓ ਨੂੰ ਵਿਧਾਇਕ ਦਲਬੀਰ ਸਿੰਘ ਟੌਂਗ ਨੂੰ ਗ੍ਰਿਫ਼ਤਾਰ ਕਰ ਕੇ 17 ਫਰਵਰੀ ਨੂੰ ਪੇਸ਼ ਕਰਨ ਲਈ ਕਿਹਾ ਹੈ।

# ਪੰਜਾਬ ਪੁਲਿਸ ਨੇ ਨਾਮੀ ਗੈਂਗਸਟਰ ਹੈਪੀ ਜੱਟ ਵੱਲੋਂ ਟਾਰਗੇਟ ਕਿਲਿੰਗਜ਼ ਦੀਆਂ ਸਾਜ਼ਿਸ਼ਾਂ ਨੂੰ ਕੀਤਾ ਨਾਕਾਮ; ਆਟੋਮੈਟਿਕ ਪਿਸਤੌਲ ਸਮੇਤ ਇੱਕ ਕਾਬੂ

## ➢ ਪੰਜਾਬ ਪੁਲਿਸ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਅਨੁਸਾਰ ਪੰਜਾਬ ਨੂੰ ਇੱਕ ਸੁਰੱਖਿਅਤ ਰਾਜ ਬਣਾਉਣ ਲਈ ਵਚਨਬੱਧ ➢ ਗ੍ਰਿ.ਫਤਾਰ ਮੁਲਜ਼ਮ ਹੈਪੀ ਬਾਬਾ ਮੱਧ ਪ੍ਰਦੇਸ਼ ਤੋਂ ਹਥਿਆਰਾਂ ਦੀ ਤਸਕਰੀ ਵਿੱਚ ਵੀ ਸ਼ਾਮਲ ਸੀ: ਡੀਜੀਪੀ ਗੌਰਵ ਯਾਦਵ

**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਦੌਰਾਨ ਪੰਜਾਬ 'ਚ ਸੰਗਠਿਤ ਅਪਰਾਧ ਨੂੰ ਵੱਡਾ ਝਟਕਾ ਦਿੰਦਿਆਂ ਪੰਜਾਬ ਪੁਲਿਸ ਨੇ ਹਰਪ੍ਰੀਤ ਸਿੰਘ ਉਰਫ ਹੈਪੀ ਬਾਬਾ ਵਾਸੀ ਪਿੰਡ ਅਲਾਦੀਨਪੁਰ, ਤਰਨਤਾਰਨ ਦੀ ਗ੍ਰਿਫ਼ਤਾਰੀ ਨਾਲ ਸੂਬੇ 'ਚ ਮਿੱਥ ਕੇ ਹਤਿਆਵਾਂ ਕਰਨ ਦੀ ਸਾਜ਼ਿਸ਼ ਨੂੰ ਨਾਕਾਮ ਕੀਤਾ ਹੈ।

ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਗੌਰਵ ਯਾਦਵ ਨੇ ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਲਜ਼ਮ ਹੈਪੀ ਬਾਬਾ ਕਤਲ ਅਤੇ ਕਤਲ ਕਰਨ ਦੀ ਕੋਸ਼ਿਸ਼ ਦੇ ਕਈ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਿਲ ਹੈ। ਪੁਲਿਸ ਟੀਮ ਨੇ ਉਸਦੇ ਕਬਜ਼ੇ 'ਚੋਂ ਇੱਕ 30 ਬੋਰ ਦਾ ਆਟੋਮੈਟਿਕ ਪਿਸਤੌਲ, ਇੱਕ ਮੈਗਜ਼ੀਨ ਅਤੇ ਤਿੰਨ ਜ਼ਿੰਦਾ ਕਾਰਤੂਸ ਵੀ ਬਰਾਮਦ ਕੀਤੇ ਹਨ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਲੋੜੀਂਦਾ ਗੈਂਗਸਟਰ ਹਰਪ੍ਰੀਤ ਸਿੰਘ ਉਰਫ਼ ਹੈਪੀ ਜੱਟ ਵਾਸੀ ਜੰਡਿਆਲਾ ਦਾ ਸੰਚਾਲਕ ਹੈ, ਜੋ ਸਰਹੱਦੀ ਸੂਬੇ ਪੰਜਾਬ ਵਿੱਚ ਸ਼ਾਂਤੀ ਅਤੇ ਫਿਰਕੂ ਸਦਭਾਵਨਾ ਨੂੰ ਭੰਗ ਕਰਨ ਲਈ ਟਾਰਗੇਟ ਕਿਲਿੰਗ ਨੂੰ ਅੰਜਾਮ ਦੇਣ ਦੀ ਸਾਜ਼ਿਸ਼ ਰਚ ਰਿਹਾ ਸੀ ਅਤੇ ਵੱਡੀ ਰਕਮ ਬਦਲੇ ਇਹ ਕੰਮ ਹੈਪੀ ਬਾਬਾ ਨੂੰ ਸੌਂਪਿਆ ਹੋਇਆ ਸੀ।



ਉਹਨਾਂ ਅੱਗੇ ਦੱਸਿਆ ਕਿ ਦੋਸ਼ੀ ਹੈਪੀ ਬਾਬਾ ਪੰਜਾਬ ਵਿੱਚ ਹਥਿਆਰਾਂ ਦਾ ਸਭ ਤੋਂ ਵੱਡਾ ਸਪਲਾਇਰ ਵੀ ਹੈ ਅਤੇ ਮੱਧ ਪ੍ਰਦੇਸ਼ ਦੇ ਹਥਿਆਰ ਸਪਲਾਇਰਾਂ ਨਾਲ ਨੇੜਿਓਂ ਜੁੜਿਆ ਹੋਇਆ ਸੀ।

ਇਹ ਕਾਰਵਾਈ ਕਾਊਂਟਰ ਇੰਟੈਲੀਜੈਂਸ ਜਲੰਧਰ ਵੱਲੋਂ ਤਰਨਤਾਰਨ ਦੇ ਨਾਨਕਸਰ ਮੁਹੱਲੇ ਦੇ ਵਿਕਰਮਜੀਤ ਸਿੰਘ ਉਰਫ ਵਿੱਕੀ ਭੱਟੀ ਨੂੰ ਉਸ ਦੇ ਕਬਜ਼ੇ 'ਚੋਂ ਦੋ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕਰਨ ਤੋਂ 25 ਦਿਨਾਂ ਬਾਅਦ ਅਮਲ ਵਿੱਚ ਲਿਆਂਦੀ ਗਈ।

ਵਧੇਰੇ ਜਾਣਕਾਰੀ ਦਿੰਦਿਆਂ ਏਆਈਜੀ ਕਾਊਂਟਰ ਇੰਟੈਲੀਜੈਂਸ ਜਲੰਧਰ ਨਵਜੋਤ ਸਿੰਘ ਮਾਹਲ ਨੇ ਦੱਸਿਆ ਕਿ ਮੁਲਜ਼ਮ ਵਿੱਕੀ ਭੱਟੀ ਤੋਂ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਹੈਪੀ ਜੱਟ ਨੇ ਹੈਪੀ ਬਾਬਾ ਨੂੰ ਸੂਬੇ ਵਿੱਚ ਟਾਰਗੇਟ ਕਿਲਿੰਗ ਨੂੰ ਅੰਜਾਮ ਦੇਣ ਦੀ ਜ਼ਿੰਮੇਵਾਰੀ ਸੌਂਪੀ ਹੈ।

ਉਨ੍ਹਾਂ ਕਿਹਾ ਕਿ ਤੇਜ਼ੀ ਨਾਲ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਦੋਸ਼ੀ ਹੈਪੀ ਬਾਬਾ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਪੁੱਛਗਿੱਛ ਦੌਰਾਨ ਹੈਪੀ ਬਾਬਾ ਨੇ ਕਬੂਲ ਕੀਤਾ ਕਿ ਉਹ ਨਾਜਾਇਜ਼ ਹਥਿਆਰਾਂ ਦੀ ਅੰਤਰ-ਰਾਜੀ ਤਸਕਰੀ ਵਿੱਚ ਸ਼ਾਮਲ ਹੈ ਅਤੇ ਸਾਲ 2020-21 ਤੋਂ ਹੁਣ ਤੱਕ ਮੱਧ ਪ੍ਰਦੇਸ਼ ਤੋਂ ਹਥਿਆਰਾਂ ਦੀ ਤਸਕਰੀ ਕਰਕੇ ਤਰਨਤਾਰਨ ਅਤੇ ਅੰਮ੍ਰਿਤਸਰ ਦੇ ਖੇਤਰ ਵਿੱਚ ਘੱਟੋ-ਘੱਟ 100 ਨਾਜਾਇਜ਼ ਹਥਿਆਰ ਵੇਚ ਚੁੱਕਾ ਹੈ। ਉਨ੍ਹਾਂ ਕਿਹਾ ਕਿ ਅਗਲੇਰੀ ਜਾਂਚ ਜਾਰੀ ਹੈ।

ਇਸ ਸਬੰਧੀ ਐਫ.ਆਈ.ਆਰ. ਨੰਬਰ 57 ਮਿਤੀ 29.12.2023 ਨੂੰ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸ.ਐਸ.ਓ.ਸੀ.) ਅੰਮ੍ਰਿਤਸਰ ਵਿਖੇ ਅਸਲਾ ਐਕਟ ਦੀਆਂ ਧਾਰਾਵਾਂ 25 ਅਤੇ 25(8) ਅਧੀਨ ਕੇਸ ਦਰਜ ਕੀਤਾ ਗਿਆ ਹੈ।

# ਅਧਿਕਾਰੀਆਂ ਨੇ ਵਿਦਿਆਰਥੀਆਂ ਨੂੰ ਫੌਜ ਵਿੱਚ ਭਰਤੀ ਹੋਣ ਸਬੰਧੀ ਜਾਗਰੂਕ ਕੀਤਾ




**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਫੌਜ ਭਰਤੀ ਦਫਤਰ, ਪਟਿਆਲਾ ਵੱਲੋਂ ਸ਼ਹੀਦ ਊਧਮ ਸਿੰਘ ਸਰਕਾਰੀ ਉਦਯੋਗਿਕ ਸਿਖਲਾਈ ਕੇਂਦਰ ਸੁਨਾਮ ਵਿਖੇ ਸੈਮੀਨਾਰ ਆਯੋਜਿਤ ਕੀਤਾ ਗਿਆ। ਇਸ ਮੌਕੇ ਤੇ ਵੱਖ-ਵੱਖ ਆਈ.ਟੀ.ਆਈਜ ਤੋਂ ਲਗਭਗ 200 ਵਿੱਦਿਆਰਥੀਆਂ ਨੇ ਭਾਗ ਲਿਆ ਜਿਸ ਵਿੱਚ ਫੌਜ ਭਰਤੀ ਦਫ਼ਤਰ ਦੇ ਅਧਿਕਾਰੀ ਮੇਜਰ ਸੱਤਿਆਨਰਾਇਣ ਵੱਲੋਂ ਵਿਦਿਆਰਥੀਆਂ ਨੂੰ ਅਗਨੀਵੀਰ ਸਕੀਮ ਤਹਿਤ ਭਰਤੀ ਹੋਣ ਦੀ ਪ੍ਰਕਿਰਿਆ ਜਿਵੇਂ ਲਿਖਤੀ ਪੇਪਰ ਅਤੇ ਸਰੀਰਕ ਫਿੱਟਨੈੱਸ ਟੈਸਟ ਦੀ ਤਿਆਰੀ, ਵਿੱਦਿਅਕ ਯੋਗਤਾਵਾਂ, ਲੋੜੀਂਦੇ ਦਸਤਾਵੇਜਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਅਗਨੀਵੀਰ ਸਕੀਮ ਤਹਿਤ ਭਰਤੀ ਲਈ ਰਜਿਸਟ੍ਰੇਸ਼ਨ 8 ਫਰਵਰੀ 2024 ਤੋਂ ਵੈੱਬਸਾਈਟ www.joinindianarmy.nic ਤੇ ਸ਼ੁਰੂ ਹੋਣ ਜਾ ਰਹੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਵਿਦਿਆਰਥੀ ਆਪਣੇ ਨਜ਼ਦੀਕੀ ਸੀ-ਪਾਈਟ ਕੇਂਦਰ ਵਿਖੇ ਸਰੀਰਕ ਟੈਸਟ ਦੀ ਸਿਖਲਾਈ ਵੀ ਪ੍ਰਾਪਤ ਕਰ ਸਕਦੇ ਹਨ। ਇਸ ਦੌਰਾਨ ਉਨ੍ਹਾਂ ਨੇ ਫੌਜ ਵਿੱਚ ਅਫ਼ਸਰ ਬਣਨ ਲਈ ਐਨਡੀਏ ਅਤੇ ਸੀਡੀਐਸ ਦੀਆਂ ਪ੍ਰੀਖਿਆਵਾਂ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ। ਇਸ ਸੈਮੀਨਾਰ ਮੌਕੇ ਜ਼ਿਲ੍ਹਾ ਰੋਜ਼ਗਾਰ ਅਫਸਰ ਸਿੰਪੀ ਸਿੰਗਲਾ, ਪ੍ਰਿੰਸੀਪਲ ਸ਼ਹੀਦ ਊਧਮ ਸਿੰਘ ਸਰਕਾਰੀ ਆਈ.ਟੀ.ਆਈ, ਸੁਨਾਮ ਰਣਜੀਤ ਸਿੰਘ, ਰੋਜ਼ਗਾਰ ਜਨਰੇਸ਼ਨ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਰਵਿੰਦਰ ਸਿੰਘ ਅਤੇ ਸਮੂਹ ਆਈ.ਟੀ.ਆਈ ਸਟਾਫ ਵੀ ਹਾਜ਼ਰ ਸੀ।

# ਤਨਖਾਹ ਨਾ ਮਿਲਣ ਕਾਰਨ ਬਿਜਲੀ ਕਾਮਿਆਂ ਨੇ ਕੀਤਾ ਰੋਸ ਮੁਜਾਹਰਾ



**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਟੈਕਨੀਕਲ ਸਰਵਿਸ ਯੂਨੀਅਨ ਸਰਕਲ ਪਟਿਆਲਾ ਦੇ ਪ੍ਰਧਾਨ ਹਰਜੀਤ ਸਿੰਘ ਅਤੇ ਸਰਕਲ ਸਹਾਇਕ ਸਕੱਤਰ ਇੰਦਰਜੀਤ ਸਿੰਘ ਨੇ ਸਾਂਝੇ ਬਿਆਨ ਰਾਹੀਂ ਦੱਸਿਆ ਕਿ ਤਨਖਾਹਾਂ ਨਾ ਮਿਲਣ ਕਰਕੇ ਟੈਕਨੀਕਲ ਸਰਵਿਸ ਯੂਨੀਅਨ ਸਰਕਲ ਪਟਿਆਲਾ ਦੀਆਂ ਲੋਕਲ ਸਬ ਡਵੀਜਨਾਂ ਨੇ ਇਕੱਠੇ ਹੋ ਕੇ ਸਰਕਲ ਦਫਤਰ ਅੱਗੇ ਰੋਸ ਰੈਲੀ ਕੀਤੀ। ਇਸ ਰੈਲੀ ਨੂੰ ਹਰਜੀਤ ਸਿੰਘ ਸਰਕਲ ਪ੍ਰਧਾਨ, ਇੰਦਰਜੀਤ ਸਿੰਘ, ਪ੍ਰਦੀਪ ਕੁਮਾਰ, ਦਰਸ਼ਨ ਕੁਮਾਰ, ਹੈਪੀ, ਭਗਵਾਨ ਦਾਸ ਤੋਂ ਇਲਾਵਾ ਵਿਜੇ ਦੇਵ ਸਾਬਕਾ ਮੀਤ ਪ੍ਰਧਾਨ ਟੀ.ਐਸ.ਯੂ. ਪੰਜਾਬ, ਜਤਿੰਦਰ ਸਿੰਘ ਚੱਢਾ ਸਾਬਕਾ ਸਰਕਲ ਪ੍ਰਧਾਨ ਅਤੇ ਗੁਰਦੀਪ ਸਿੰਘ ਸਾਬਕਾ ਸਰਕਲ ਖਜਾਨਚੀ ਨੇ ਸੰਬੋਧਨ ਕੀਤਾ। ਇਸ ਤੋਂ ਇਲਾਵਾ ਭਰਾਤਰੀ ਜਥੇਬੰਦੀਆਂ ਵੱਲੋਂ ਸੁਰਿੰਦਰ ਸਿੰਘ ਖਾਲਸਾ, ਗੁਰਬਚਨ ਸਿੰਘ ਨੇ ਵੀ ਸੰਬੋਧਨ ਕੀਤਾ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਜਿੱਥੇ ਤਨਖਾਹ ਨਾ ਮਿਲਣ ਦੀ ਨਿਖੇਧੀ ਕੀਤੀ ਉੱਥੇ ਮੁਲਾਜਮਾਂ ਦੀ ਸੰਘਰਸ਼ ਕਰਨ ਦੀ ਤਾਕਤ ਨਾਲ ਤਨਖਾਹ ਲੈਣ ਨੂੰ ਮੁਲਾਜਮਾਂ ਦੀ ਜਿੱਤ ਆਖਿਆ ਤੇ ਨਿਜੀਕਰਨ ਦੀਆਂ ਨੀਤੀਆਂ ਦੇ ਖਿਲਾਫ ਲੜਨ ਲਈ ਲੋਕਾਂ ਨੂੰ ਸੁਨੇਹਾ ਦਿੱਤਾ। ਮਿਤੀ 16—02—2024 ਨੂੰ ਨਿੱਜੀਕਰਨ ਦੀਆਂ ਨੀਤੀਆਂ ਵਿਰੁੱਧ ਹੋ ਰਹੀ ਦੇਸ਼ ਭਰ ਵਿੱਚ ਲੜਨ ਵਾਲੀਆਂ ਜਥੇਬੰਦੀਆਂ ਦੇ ਨਾਲ ਇਕੱਠੇ ਹੋ ਕੇ ਹੜਤਾਲ ਕਰਨ ਦਾ ਫੈਸਲਾ ਕੀਤਾ।

# ਪਟਿਆਲਾ ਹੈਰੀਟੇਜ ਤੇ ਮਿਲਟਰੀ ਲਿਟਰੇਚਰ ਫੈਸਟੀਵਲ 'ਚ ਆਈ.ਟੀ.ਬੀ.ਪੀ. ਦੇ ਬੈਂਡ ਨੇ ਭਰਿਆ ਦੇਸ਼ ਭਗਤੀ ਦਾ ਰੰਗ

## ਦੇਸ਼ ਭਗਤੀ ਦੀਆਂ ਧੁਨਾਂ ਨੇ ਸਰੋਤਿਆਂ ਨੂੰ ਕੀਤਾ ਮੰਤਰ ਮੁਗਧ

**ਪਟਿਆਲਾ, 5 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿਖੇ ਅੱਜ ਸ਼ੁਰੂ ਹੋਏ ਪਟਿਆਲਾ ਹੈਰੀਟੇਜ ਤੇ ਮਿਲਟਰੀ ਲਿਟਰੇਚਰ ਫੈਸਟੀਵਲ ਦੌਰਾਨ ਇੰਡੋ ਤਿੱਬਤੀਅਨ ਬਾਰਡਰ ਪੁਲਿਸ ਬਲ ਦੇ ਬੈਂਡ ਵੱਲੋਂ ਵਜਾਈਆਂ ਗਈਆਂ ਦੇਸ਼ ਭਗਤੀ ਦੀਆਂ ਧੁਨਾਂ ਨੇ ਪਟਿਆਲਾ ਦੀ ਫ਼ਿਜ਼ਾ 'ਚ ਦੇਸ਼ ਭਗਤੀ ਦਾ ਰੰਗ ਬਿਖੇਰਿਆ ਤੇ ਹਰੇਕ ਉਮਰ ਵਰਗ 'ਚ ਜੋਸ਼ੀਲੀਆਂ ਧੁਨਾਂ ਨੇ ਨਵਾਂ ਜੋਸ਼ ਪੈਦਾ ਕੀਤਾ।

ਖਾਲਸਾ ਕਾਲਜ ਦੇ ਮੈਦਾਨ 'ਚ ਇਕ ਪਾਸੇ ਖੜੇ ਜੰਗੀ ਸਾਜੋ ਸਾਮਾਨ ਅਤੇ ਸਾਹਮਣੇ ਵੱਜ ਰਹੀਆਂ ਦੇਸ਼ ਭਗਤੀ ਦੀਆਂ ਧੁਨਾਂ ਨੇ ਹਰੇਕ ਸਰੋਤੇ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ। ਆਈ.ਟੀ.ਬੀ.ਪੀ. ਬੈਂਡ ਦੇ ਬੈਂਡ ਮਾਸਟਰ ਤੁਫ਼ਾਨ ਸਿੰਘ ਦੀ ਅਗਵਾਈ ਵਿਚ 25 ਮੈਂਬਰਾਂ ਦੀ ਟੀਮ ਨੇ 'ਏ ਮੇਰੇ ਵਤਨ ਕੇ ਲੋਗੋ', 'ਦਿਲ ਦੀਆਂ ਹੈ ਜਾਨ ਬੀ ਦੇਗੇ ਏ ਵਤਨ ਤੇਰੇ ਲੀਏ', 'ਸੰਦੇਸ਼ੇ ਆਤੇ ਹੈਂ', ਤੁਮ ਦਿਲ ਦੀ ਧੜਕਨ ਹੋ' ਅਤੇ 'ਸਾਰੇ ਜਾਹਾਂ ਸੇ ਅੱਛਾ' ਵਰਗੀਆਂ ਦੇਸ਼ ਭਗਤੀ ਦੀਆਂ ਧੁਨਾਂ ਰਾਹੀਂ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ।



ਆਈ.ਟੀ.ਬੀ.ਪੀ. ਦਾ ਬੈਂਡ ਜੋਸ਼ੀਲੀਆਂ ਧੁੰਨਾਂ ਨਾਲ ਪੇਸ਼ਕਾਰੀ ਕਰਦਾ ਹੋਇਆ।

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਨੇ ਆਈ.ਟੀ.ਬੀ.ਪੀ. ਵੱਲੋਂ ਕੀਤੀ ਪੇਸ਼ਕਾਰੀ ਦੀ ਸਰਾਹਨਾਂ ਕਰਦਿਆਂ ਕਿਹਾ ਕਿ ਮਿਲਟਰੀ ਲਿਟਰੇਚਰ ਫੈਸਟੀਵਲ ਵਿਚ ਸ਼ਾਮਲ ਭਾਵੇਂ ਹਰੇਕ ਪੇਸ਼ਕਾਰੀ ਮਹੱਤਵਪੂਰਨ ਹੈ ਪਰ ਬੈਂਡ ਨੇ ਫੈਸਟੀਵਲ ਵਿਚ ਸ਼ਾਮਲ ਹੋਏ ਦਰਸ਼ਕਾਂ ਵਿਚ ਆਪਣੇ ਦੇਸ਼ ਲਈ ਕੁਝ ਕਰਨ ਦਾ ਜਜ਼ਬਾ ਪੈਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਪੇਸ਼ਕਾਰੀਆਂ ਬੱਚਿਆਂ ਤੇ ਨੌਜਵਾਨਾਂ ਵਿਚ ਦੇਸ਼ ਭਗਤੀ ਦੀ ਭਾਵਨਾ ਦੇ ਅਨੁਸ਼ਾਸਨ ਵੀ ਪੈਦਾ ਕਰਦੀਆਂ ਹਨ।

ਇਸ ਮੌਕੇ ਮਿਲਟਰੀ ਲਿਟਰੇਚਰ ਫੈਸਟੀਵਲ ਐਸੋਸੀਏਸ਼ਨ ਦੇ ਚੇਅਰਮੈਨ ਲੈਫ. ਜਨ. ਟੀ.ਐਸ. ਸ਼ੇਰਗਿੱਲ, ਲੈਫ.ਜਨ (ਰਿਟਾ.) ਚੇਤਿੰਦਰ ਸਿੰਘ, ਕਰਨਲ ਪੈਰੀ ਗਰੇਵਾਲ, ਏ.ਡੀ.ਸੀ. ਅਨੁਪ੍ਰਿਤਾ ਜੌਹਲ, ਮੇਲੇ ਦੇ ਨੋਡਲ ਅਫ਼ਸਰ ਐਸ.ਡੀ.ਐਮ ਚਰਨਜੀਤ ਸਿੰਘ, ਤਹਿਸੀਲਦਾਰ ਲਾਰਸਨ ਸਿੰਗਲਾ ਵੀ ਮੌਜੂਦ ਸਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜ਼ੋਮੈਟੋ ਦੇ ਵਰਕਰਾਂ ਨੂੰ ਦਿੱਤੀ ਗਈ ਟਰੈਫ਼ਿਕ ਨਿਯਮਾਂ ਦੀ ਜਾਣਕਾਰੀ



**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ -ਕਮ- ਚੇਅਰਪਰਸਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰੁਪਿੰਦਰਜੀਤ ਚਾਹਲ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਕਚਹਿਰੀ ਕੰਪਲੈਕਸ, ਪਟਿਆਲਾ ਦੇ ਅੰਦਰ ਏ.ਡੀ.ਆਰ. ਸੈਂਟਰ ਵਿਖੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਵੱਲੋਂ ਇੱਕ ਵਿਆਪਕ ਕਾਨੂੰਨੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਦੁਆਰਾ ਆਯੋਜਿਤ ਇਸ ਪਹਿਲਕਦਮੀ ਦਾ ਉਦੇਸ਼ ਜ਼ੋਮੈਟੋ ਡਿਲਿਵਰੀ ਕਰਮਚਾਰੀਆਂ ਅਤੇ ਆਮ ਲੋਕਾਂ ਨੂੰ ਟਰੈਫ਼ਿਕ ਨਿਯਮਾਂ, ਪੰਜਾਬ ਵਿਕਟਿਮ ਕੰਪਨਸੇਸ਼ਨ ਸਕੀਮ (2017), ਮੁਫ਼ਤ ਕਾਨੂੰਨੀ ਸੇਵਾਵਾਂ, ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ) ਅਤੇ ਆਗਾਮੀ ਨੈਸ਼ਨਲ ਲੋਕ ਅਦਾਲਤ ਜੋ ਕਿ 9 ਮਾਰਚ, 2024 ਨੂੰ ਨਿਯਤ ਕੀਤੀ ਗਈ ਹੈ, ਵਰਗੇ ਮਹੱਤਵਪੂਰਨ ਵਿਸ਼ਿਆਂ ਬਾਰੇ ਜਾਗਰੂਕ ਕਰਨਾ ਹੈ। ਜਾਣਕਾਰੀ ਨਾਲ ਭਰਪੂਰ ਇਸ ਸੈਸ਼ਨ ਦੀ ਅਗਵਾਈ ਸ਼੍ਰੀਮਤੀ ਮਾਨੀ ਅਰੋੜਾ, ਸੀ.ਜੇ.ਐਮ ਕਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ, ਮਨਦੀਪ ਵਰਮਾ ਐਡਵੋਕੇਟ, ਬਿਮਲ ਕੁਮਾਰ, ਪੈਨਲ ਐਡਵੋਕੇਟ ਅਤੇ ਇੰਸਪੈਕਟਰ ਕਰਮਜੀਤ ਕੌਰ, ਟਰੈਫ਼ਿਕ ਰੂਲਜ਼ ਐਜੂਕੇਸ਼ਨ ਸੈੱਲ, ਪਟਿਆਲਾ ਦੇ ਇੰਚਾਰਜ ਨੇ ਕੀਤੀ।

ਸਮਾਗਮ ਦੌਰਾਨ ਮਾਨੀ ਅਰੋੜਾ ਨੇ ਲੋੜਵੰਦਾਂ ਲਈ ਮੁਫ਼ਤ ਕਾਨੂੰਨੀ ਸਹਾਇਤਾ ਦੀ ਪਹੁੰਚ 'ਤੇ ਜ਼ੋਰ ਦਿੱਤਾ, ਅਤੇ ਵਿਅਕਤੀਆਂ ਨੂੰ ਵਿਅਕਤੀਗਤ ਤੌਰ 'ਤੇ ਜਾਂ ਫ਼ੋਨ (0175-2306500) ਰਾਹੀਂ ਜ਼ਿਲ੍ਹਾ ਕਚਹਿਰੀਆਂ ਕੰਪਲੈਕਸ ਦੇ ਅੰਦਰ ਏ.ਡੀ.ਆਰ. ਸੈਂਟਰ ਵਿਖੇ ਫ਼ਰੰਟ ਆਫ਼ਿਸ ਤੱਕ ਪਹੁੰਚਣ ਲਈ ਉਤਸ਼ਾਹਿਤ ਕੀਤਾ।

# ਪਟਿਆਲਾ ਹੈਰੀਟੇਜ ਫੈਸੀਟਵਲ ਦੌਰਾਨ ਲਗਾਈ ਪੁਰਾਤਨ ਸਿੱਕਿਆਂ ਤੇ ਹੱਥ ਲਿਖਤਾਂ ਦੀ ਪ੍ਰਦਰਸ਼ਨੀ ਬਣੀ ਖਿੱਚ ਦਾ ਕੇਂਦਰ



**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਖਾਲਸਾ ਕਾਲਜ ਵਿਖੇ ਚੱਲ ਰਹੇ ਪਟਿਆਲਾ ਹੈਰੀਟੇਜ ਤੇ ਮਿਲਟਰੀ ਲਿਟਰੇਚਰ ਫੈਸਟੀਵਲ 'ਚ ਜਿਥੇ ਪਟਿਆਲਵੀਆਂ ਨੂੰ ਭਾਰਤੀ ਫੌਜ ਦੇ ਗੌਰਵਮਈ ਇਤਿਹਾਸ ਨੂੰ ਨੇੜੇ ਤੋਂ ਜਾਨਣ ਦਾ ਮੌਕਾ ਮਿਲ ਰਿਹਾ ਹੈ, ਉਥੇ ਹੀ ਲੱਗੀ ਪ੍ਰਦਰਸ਼ਨੀ 'ਚ ਆਰਮਡ ਰੈਜੀਮੈਂਟ ਕਵਰ, ਪਰਮਵੀਰ ਚੱਕਰ, ਪਟਿਆਲਾ ਹੈਰੀਟੇਜ, ਨਾਭਾ, ਪਟਿਆਲਾ, ਕੈਥਲ, ਜੀਂਦ ਤੇ ਮਲੇਰਕੋਟਲਾ ਰਿਆਸਤਾਂ ਦੇ ਸਿੱਕੇ, ਬ੍ਰਿਟਿਸ਼ ਸਮੇਂ ਦੀਆਂ ਡਾਕ ਟਿਕਟਾਂ, ਨਾਨਕਸ਼ਾਹੀ ਸਿੱਕੇ, ਹੱਥ ਲਿਖਤ ਸ੍ਰੀ ਭਗਵਤ ਗੀਤਾ, ਰਮਾਇਣ ਅਤੇ 400 ਸਾਲ ਪੁਰਾਣੀ ਹੱਥ ਲਿਖਤ ਕੁਰਾਨ ਸਮੇਤ ਰਿਆਸਤੀ ਸਮੇਂ ਦੇ ਹਥਿਆਰਾਂ ਨੂੰ ਜਿਥੇ ਆਮ ਲੋਕਾਂ ਵੱਲੋਂ ਬੜੇ ਧਿਆਨ ਨਾਲ ਵਾਚਿਆਂ ਗਿਆ ਉਥੇ ਹੀ ਇਸ ਮੌਕੇ ਏ.ਐਸ. ਚਾਹਲ, ਅਕਾਲ ਸਹਾਇ ਅਜਾਇਬ ਘਰ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਅਤੇ ਯੰਗ ਹਿਸਟੋਰੀਅਨ ਸਿਮਰ ਸਿੰਘ ਵੱਲੋਂ ਇਨ੍ਹਾਂ ਵਸਤਾਂ ਦੇ ਇਤਿਹਾਸ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਗਿਆ।

ਪ੍ਰਦਰਸ਼ਨੀ ਦਾ ਦੌਰਾ ਕਰਨ ਉਪਰੰਤ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਨੇ ਕਿਹਾ ਕਿ ਇਥੇ ਪਟਿਆਲਾ ਵਾਸੀਆਂ ਨੂੰ ਨਾ ਕੇਵਲ ਫੌਜ ਸਗੋਂ ਭਾਰਤ ਦੇ ਗੌਰਵਮਈ ਇਤਿਹਾਸ ਨੂੰ ਜਾਨਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਪੁਰਾਤਨ ਸਿੱਕੇ, ਡਾਕ ਟਿਕਟਾਂ, ਧਰਮ ਗ੍ਰੰਥ ਸਾਨੂੰ ਸਾਡੀ ਅਮੀਰ ਵਿਰਾਸਤ ਤੋਂ ਜਾਣੂ ਕਰਵਾਉਂਦੇ ਹਨ ਤੇ ਵਿਦਿਆਰਥੀਆਂ ਨੂੰ ਅਜਿਹੀਆਂ ਪ੍ਰਦਰਸ਼ਨੀਆਂ ਵਿਚੋਂ ਕਾਫ਼ੀ ਕੁਝ ਨਵਾਂ ਸਿੱਖਣ ਨੂੰ ਮਿਲਦਾ ਹੈ।

ਇਸ ਮੌਕੇ ਪ੍ਰਦਰਸ਼ਨੀ ਦੇਖਣ ਆਏ ਵਿਦਿਆਰਥੀਆਂ ਨੇ ਕਿਹਾ ਕਿ ਅਜਿਹੀਆਂ ਪੁਰਾਤਨ ਵਸਤਾਂ ਸਾਨੂੰ ਸਾਡੀ ਅਮੀਰ ਵਿਰਾਸਤ ਅਤੇ ਸਭਿਆਚਾਰ ਤੋਂ ਜਾਣੂ ਕਰਵਾਉਂਦੀਆਂ ਅਤੇ ਸਾਡੀ ਨੌਜਵਾਨ ਪੀੜ੍ਹੀ ਨੂੰ ਸੇਧ ਦੇਣ ਦਾ ਕੰਮ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਪ੍ਰਦਰਸ਼ਨੀ ਵਿੱਚ ਆਕੇ ਫੂਲਕੀਆਂ ਅਸਟੇਟ ਨਾਲ ਸਬੰਧਤ ਇਤਿਹਾਸ ਨੂੰ ਜਾਣਨ ਵਿਚ ਮਦਦ ਮਿਲੀ ਹੈ।

ਇਸ ਮੌਕੇ ਏ.ਐਸ. ਚਾਹਲ ਤੇ ਨਰਿੰਦਰਪਾਲ ਸਿੰਘ ਨੇ ਦੱਸਿਆ ਕਿ ਇਹ ਪ੍ਰਦਰਸ਼ਨੀ 5 ਫਰਵਰੀ ਤੱਕ ਲਗਾਈ ਜਾਵੇਗੀ। ਅਕਾਲ ਸਹਾਇ ਅਜਾਇਬ ਘਰ ਦੇ ਚੇਅਰਮੈਨ ਸ. ਨਰਿੰਦਰਪਾਲ ਸਿੰਘ ਨੇ ਦੱਸਿਆ ਕਿ ਇਸ ਪ੍ਰਦਰਸ਼ਨੀ ਵਿਚ ਪੰਜਾਬ ਦੀ ਵਿਰਾਸਤ ਨਾਲ ਸਬੰਧਤ ਵਸਤੂ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ।

ਇਸ ਮੌਕੇ ਏ.ਡੀ.ਸੀ. ਅਨੁਪ੍ਰਿਤਾ ਜੌਹਲ, ਐਸ.ਡੀ.ਐਮ. ਸਮਾਣਾ ਚਰਨਜੀਤ ਸਿੰਘ, ਤਹਿਸੀਲਦਾਰ ਲਾਰਸਨ ਸਿੰਗਲਾ ਵੀ ਮੌਜੂਦ ਸਨ।

# ਪੰਚਾਇਤੀ ਗਊਸ਼ਾਲਾ ਵਿਖੇ ਨਵੇਂ ਸ਼ੈੱਡ ਦਾ ਰੱਖਿਆ ਗਿਆ ਨੀਂਹ ਪੱਥਰ



**ਗੋਨੇਆਣਾ, 5 ਫਰਵਰੀ**
**-ਪ੍ਰੈਸ ਕੀ ਤਾਕਤ ਬਿਊਰ-**

ਅੱਜ ਸ਼੍ਰੀ ਪੰਚਾਇਤੀ ਗਊਸ਼ਾਲਾ ਵਿੱਖੇ ਗਊ ਮਾਤਾ ਦੇ ਲਈ ਨਵੇਂ ਸ਼ੈੱਡ ਦਾ ਨੀਂਹ ਪੱਥਰ ਜਨਕ ਰਾਜ ਖਿਆਲੀਵਾਲੇ ਜੀ ਦੇ ਪਰਿਵਾਰ ਦੇ ਵਿਸ਼ੇਸ਼ ਯੋਗਦਾਨ ਨਾਲ ਅਤੇ ਸਮੂਹ ਮੰਡੀ ਨਿਵਾਸੀਆਂ ਦੇ ਸਹਿਯੋਗ ਨਾਲ ਰੱਖਿਆ ਗਿਆ,, ਇਸ ਸ਼ੈੱਡ ਦੇ ਬਣ ਜਾਣ ਨਾਲ ਗਊ ਵੰਸ਼ ਦੀ ਹੋਰ ਸੁੱਚਜੇ ਢੰਗ ਨਾਲ ਸਾਂਭ ਸੰਭਾਲ ਕੀਤੀ ਜਾ ਸਕੇਗੀ, ਇਹ ਸ਼ੈੱਡ ਗਰਮੀਆਂ ਵਿੱਚ ਗਰਮੀ ਅਤੇ ਸਰਦੀਆਂ ਵਿੱਚ ਠੰਡ ਤੋ ਬਚਾਅ ਕਰੇਗਾ , ਇਸ ਸ਼ੈੱਡ ਦੇ ਬਣ ਜਾਣ ਨਾਲ ਗਊਸ਼ਾਲਾ ਦੇ ਕਵਰ ਏਰੀਏ ਵਿੱਚ ਵਾਧਾ ਹੋਵੇਗਾ ਜਿਸ ਦੀ ਬਦੋਲਤ ਗਊਸ਼ਾਲਾ ਦੇ ਪ੍ਰਬੰਧ ਪਹਿਲਾਂ ਨਾਲੋਂ ਵਧੀਆ ਹੋਣਗੇ, ਇਸ ਮੌਕੇ ਗਊਸ਼ਾਲਾ ਦੇ ਪ੍ਰਧਾਨ ਪ੍ਰਿੰਸ ਰੋਮਾਣਾ , ਸੈਕਟਰੀ ਵਿਕਾਸ ਕੁਮਾਰ, ਰਜਨੀਸ਼ ਕੁਮਾਰ ਰਾਜੂ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ, ਨਗਰ ਕੌਂਸਲ ਦੇ ਪ੍ਰਧਾਨ ਕਸ਼ਮੀਰੀ ਲਾਲ ਗਰਗ, ਬਵਨਿਸ਼ ਮੋਂਗਾ, ਨਰਿੰਦਰ ਬਾਂਸਲ, ਦੀਪਕ ਭਗਤ, ਸੁਦਰਸ਼ਨ ਕੁਮਾਰ, ਡਿੰਪਲ ਗਰਗ, ਆਚਾਰੀਆ ਗਜੇਂਦਰ ਦੱਤ ਸ਼ਾਸ਼ਤਰੀ, ਪ੍ਰੰਨੂ ਰੋਮਾਣਾ, ਵਰਿੰਦਰ ਧਿੰਗੜਾ , ਅਮਨ ਜਿੰਦਲ ਆਦਿ ਹਾਜ਼ਿਰ ਸਨ, ਇਸ ਮੌਕੇ ਗਊਸ਼ਾਲਾ ਕਮੇਟੀ ਨੇ ਜਨਕ ਰਾਜ ਜੀ ਦੇ ਪਰਿਵਾਰ ਅਤੇ ਗੋਨੇਆਣਾ ਮੰਡੀ ਦੇ ਹੋਰ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਕਾਰਜ ਆਰੰਭ ਹੋ ਸਕਿਆ

# ਯੂਸੀਸੀ ਦਾ ਖਰੜਾ ਉੱਤਰਖੰਡ ਦੇ ਮੁੱਖ ਮੰਤਰੀ ਨੂੰ ਸੌਂਪਿਆ

**ਦੇਹਰਾਦੂਨ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰਾਖੰਡ ਸਰਕਾਰ ਵੱਲੋਂ ਸਾਂਝਾ ਸਿਵਲ ਕੋਡ (ਯੂਸੀਸੀ) ਦਾ ਖਰੜਾ ਤਿਆਰ ਕਰਨ ਲਈ ਕਾਇਮ ਕਮੇਟੀ ਨੇ ਅੱਜ ਇਥੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੂੰ ਖਰੜੇ ਦੇ ਦਸਤਾਵੇਜ਼ ਸੌਂਪੇ। ਇੱਥੇ ਸਮਾਗਮ ਵਿੱਚ ਪੰਜ ਮੈਂਬਰੀ ਕਮੇਟੀ ਦੀ ਚੇਅਰਪਰਸਨ ਅਤੇ ਸੁਪਰੀਮ ਕੋਰਟ ਦੀ ਸਾਬਕਾ ਜੱਜ ਰੰਜਨਾ ਪ੍ਰਕਾਸ਼ ਦੇਸਾਈ ਨੇ ਮੁੱਖ ਮੰਤਰੀ ਧਾਮੀ ਨੂੰ



ਯੂਸੀਸੀ ਦਾ ਖਰੜਾ ਸੌਂਪਿਆ। ਇਸ ਦੌਰਾਨ ਕਮੇਟੀ ਦੇ ਹੋਰ ਮੈਂਬਰ ਵੀ ਹਾਜ਼ਰ ਸਨ। ਯੂਸੀਸੀ ਰਾਜ ਵਿੱਚ ਸਾਰੇ ਨਾਗਰਿਕਾਂ ਲਈ ਇੱਕਸਾਰ ਵਿਆਹ, ਤਲਾਕ, ਜ਼ਮੀਨ, ਜਾਇਦਾਦ ਅਤੇ ਵਿਰਾਸਤ ਕਾਨੂੰਨਾਂ ਲਈ ਸਾਂਝਾ ਕਾਨੂੰਨੀ ਢਾਂਚਾ ਪ੍ਰਦਾਨ ਕਰੇਗਾ, ਚਾਹੇ ਉਨ੍ਹਾਂ ਦਾ ਧਰਮ ਕੋਈ ਵੀ ਹੋਵੇ। ਜੇ ਇਸ ਨੂੰ ਲਾਗੂ ਕੀਤਾ ਜਾਂਦਾ ਹੈ, ਤਾਂ ਉੱਤਰਾਖੰਡ ਆਜ਼ਾਦੀ ਤੋਂ ਬਾਅਦ ਯੂਸੀਸੀ ਨੂੰ ਅਪਣਾਉਣ ਵਾਲਾ ਦੇਸ਼ ਦਾ ਪਹਿਲਾ ਰਾਜ ਬਣ ਜਾਵੇਗਾ। ਯੂਸੀਸੀ ਗੋਆ ਵਿੱਚ ਪੁਰਤਗਾਲੀ ਸ਼ਾਸਨ ਦੇ ਦਿਨਾਂ ਤੋਂ ਲਾਗੂ ਹੈ।

# ਸੜਕ ਸੁਰੱਖਿਆ ਨਿਯਮਾਂ ਬਾਰੇ ਜਾਗਰੂਕਤਾ ਅਭਿਆਨ ਜਾਰੀ



**ਸੰਗਰੂਰ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਸੰਗਰੂਰ ਵਿਖੇ ਸੜਕ ਸੁਰੱਖਿਆ ਨਿਯਮਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਅਭਿਆਨ ਨਿਯਮਤ ਪੱਧਰ 'ਤੇ ਜਾਰੀ ਹੈ।

ਹਰੇਕ ਵਾਹਨ ਚਾਲਕ ਨੂੰ ਆਵਾਜਾਈ ਨਿਯਮਾਂ ਦੀ ਪਾਲਣਾ ਲਈ ਸੁਚੇਤ ਕਰਨ ਹਿੱਤ ਚੱਲ ਰਹੇ ਯਤਨਾਂ ਦੀ ਕੜੀ ਤਹਿਤ ਹੀ ਜ਼ਿਲ੍ਹਾ ਟਰੈਫ਼ਿਕ ਪੁਲਿਸ ਵੱਲੋਂ ਐਸ.ਐਸ.ਪੀ ਸਰਤਾਜ ਸਿੰਘ ਚਹਿਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹੇ ਦੇ ਸਮੂਹ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵਿਖੇ ਜਾਗਰੂਕਤਾ ਸੈਮੀਨਾਰ ਕਰਵਾਏ ਜਾ ਰਹੇ ਹਨ।

ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਟਰੈਫ਼ਿਕ ਐਜੂਕੇਸ਼ਨ ਇੰਚਾਰਜ ਥਾਣੇਦਾਰ ਪਵਨ ਸ਼ਰਮਾ ਨੇ ਦੱਸਿਆ ਕਿ ਸਰਕਾਰੀ ਕੰਨਿਆ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਸੰਗਰੂਰ ਅਤੇ ਸਪਰਿੰਗਡੇਲ ਸਕੂਲ ਵਿਖੇ ਆਯੋਜਿਤ ਸੈਮੀਨਾਰਾਂ ਨੂੰ ਵਿਦਿਆਰਥੀਆਂ ਨੇ ਭਰਵਾਂ ਹੁੰਗਾਰਾ ਦਿੱਤਾ ਅਤੇ ਟਰੈਫਿਕ ਸੈੱਲ ਦੇ ਮਾਹਿਰਾਂ ਨੇ ਬੱਚਿਆਂ ਨੂੰ ਸੜਕ 'ਤੇ ਚੱਲਣ ਦੇ ਨਿਯਮਾਂ, ਸੰਕੇਤਾਂ, ਟਰੈਫਿਕ ਲਾਈਟਾਂ, ਵਾਹਨ ਚਲਾਉਣ ਲਈ ਜ਼ਰੂਰੀ ਹਦਾਇਤਾਂ ਦੀ ਪਾਲਣਾ ਆਦਿ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਜਾਗਰੂਕਤਾ ਅਭਿਆਨ ਨਿਰੰਤਰ ਜਾਰੀ ਰੱਖਦੇ ਹੋਏ ਹਰੇਕ ਵਿਦਿਅਕ ਅਦਾਰੇ ਵਿੱਚ ਪਹੁੰਚ ਕੀਤੀ ਜਾਵੇਗੀ ਤਾਂ ਜੋ ਸੜਕ ਹਾਦਸਿਆਂ ਨੂੰ ਠੱਲ੍ਹ ਪਾਈ ਜਾ ਸਕੇ।

# ਬਿਜ਼ਨਸ ਦੇ ਉਦੇਸ਼ ਹਨ-ਆਮਦਨ, ਮੁਨਾਫਾ ਅਤੇ ਸਵੈ-ਨਿਰਭਰਤਾ: ਬਾਜਪਾਈ



**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਦੇ ਪ੍ਰਿੰਸੀਪਲ ਸ਼੍ਰੀਮਤੀ ਚਰਨਜੀਤ ਕੌਰ ਅਤੇ ਵਾਈਸ ਪ੍ਰਿੰਸੀਪਲ ਪ੍ਰੋ. ਗੁਰਵੀਨ ਕੌਰ ਦੀ ਯੋਗ ਅਗਵਾਈ ਹੇਠ ਅਤੇ ਕਾਲਜ ਦੀ ਇੰਸਟੀਟਿਊਸ਼ਨਲ ਇਨੋਵੇਸ਼ਨ ਕਾਉਂਸਲ ਦੇ ਪ੍ਰੈਜ਼ੀਡੈਂਟ ਡਾ. ਅਨਿਲਾ ਸੁਲਤਾਨਾ ਅਤੇ ਨੋਡਲ ਅਫਸਰ ਡਾ. ਹਰਪ੍ਰੀਤ ਕੌਰ ਦੀ ਦੇਖਰੇਖ ਹੇਠ ਕਾਲਜ ਵਿੱਚ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਜਿਸ ਦਾ ਵਿਸ਼ਾ ÷ਮੈਨਟੋਰਿੰਗ ਇਵੈਂਟ: ਪੋਸਟਰ ਪ੍ਰੈਜ਼ੈਂਟੇਸ਼ਨ ਆਫ ਆਈਡੀਆਸ ਐਂਡ ਲਿੰਕੇਜ ਵਿਦ ਇਨੋਵੇਸ਼ਨ ਐਕਸਪਰਟਸ ਫੋਰ ਮੈਂਟੋਰਸ਼ਿਪ ਸਪੋਰਟ÷ ਸੀ। ਇਸ ਪ੍ਰੋਗਰਾਮ ਵਿੱਚ ਡਾ.ਅਵਿਨਾਸ਼ ਬਾਜਪਾਈ, ਸੀਨੀਅਰ ਫੈਕਲਟੀ ਅਤੇ ਮੁੱਖੀ, ਰਿਟੇਲ ਮੈਨੇਜਮੈਂਟ ਵਿਭਾਗ, ਐਫ.ਡੀ.ਡੀ.ਆਈ, ਚੰਡੀਗੜ੍ਹ ਨੇ ਮੁੱਖ ਮਹਿਮਾਨ ਅਤੇ ਮੈਂਟੋਰ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਆਪਣਾ ਲੈਕਚਰ ਦਿੰਦੇ ਹੋਏ ਦੱਸਿਆ ਕਿ ਬਿਜ਼ਨਸ ਦੇ ਉਦੇਸ਼ ਹਨ- ਆਮਦਨ, ਮੁਨਾਫਾ ਅਤੇ ਸਵੈ-ਨਿਰਭਰਤਾ। ਬਿਜ਼ਨਸ ਨਾਲ ਜੁੜੇ ਜ਼ਰੂਰੀ ਹਿੱਸੇ ਜਿਵੇਂ ਕਿ ਵਿਕਰੀ ਕਰਤਾ, ਕੱਚਾ ਮਾਲ, ਮਸ਼ੀਨਾਂ, ਉਤਪਾਦ, ਸੇਵਾਵਾਂ ਅਤੇ ਖਰੀਦਕਾਰ ਨਾਲ ਸਬੰਧਿਤ ਸਾਰੇ ਪਹਿਲੂਆਂ ਉਪਰ ਉਨ੍ਹਾਂ ਨੇ ਚਾਨਣਾ ਪਾਇਆ। ਇਸ ਤੋਂ ਬਾਅਦ ਵਿਦਿਆਰਥਣਾਂ ਨੇ ਪੋਸਟਰਾਂ ਦੇ ਰੂਪ ਵਿੱਚ ਆਪਣੇ ਵੱਖ-ਵੱਖ ਨਵੀਨਤਾਕਾਰੀ ਵਿਚਾਰ ਸਭ ਦੇ ਸਨਮੁੱਖ ਪੇਸ਼ ਕੀਤੇ, ਜਿਵੇਂ ਕਿ ਕਲਾਊਡ ਕਿਚਨ, ਟਿਊਸ਼ਨ ਕਲਾਸਜ਼, ਆਰਟ ਐਂਡ ਕਰਾਫਟ, ਮੈਡੀਸਨਲ ਪੌਦੇ ਅਤੇ ਉਹਨਾਂ ਦੇ ਉਤਪਾਦ ਅਤੇ ਹੋਰ। ਡਾ.ਅਵਿਨਾਸ਼ ਬਾਜਪਾਈ ਨੇ ਆਪਣੇ ਵਿਆਪਕ ਤਜ਼ਰਬੇ ਨਾਲ ਇਨ੍ਹਾਂ ਵਿਦਿਆਰਥਣਾਂ ਨੂੰ ਉਨ੍ਹਾਂ ਦੇ ਪੋਸਟਰ ਦੇ ਸਬੰਧਿਤ ਸਲਾਹ ਅਤੇ ਸੁਝਾਅ ਪੇਸ਼ ਕੀਤੇ। ਇਸ ਮੌਕੇ ਕਾਲਜ ਦੇ ਇੰਸਟੀਟਿਊਸ਼ਨਲ ਇਨੋਵੇਸ਼ਨ ਕਾਉਂਸਲ ਦੇ ਮੈਂਬਰ ਡਾ. ਸ਼ਿਵਾਨੀ ਸ਼ਰਮਾ ਅਤੇ ਪ੍ਰੋ. ਸੰਦੀਪ ਸਿੰਘ ਵੀ ਮੌਜੂਦ ਸਨ।

# ਭਗਵੰਤ ਮਾਨ ਕੇਜਰੀਵਾਲ ਦਾ ਡਰਾਈਵਰ : ਸੁਖਬੀਰ ਬਾਦਲ

**ਅਜਨਾਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਯਾਤਰਾ ਦੇ ਦੂਜੇ ਦਿਨ ਅਜਨਾਲਾ ਨੇ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਵਰਕਰਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸੁਪਰੀਮੋ ਅਰਵਿੰਦ ਕੇਜਰੀਵਾਲ ਦਾ ਡਰਾਈਵਰ ਦੱਸਦਿਆਂ ਕਿਹਾ ਕਿ 5 ਸਾਲ ਕਾਂਗਰਸ ਸਰਕਾਰ ਤੇ ਹੁਣ 'ਆਪ' ਸਰਕਾਰ ਨੇ ਪੰਜਾਬ ਨੂੰ ਬਰਬਾਦ ਕਰ ਦਿੱਤਾ ਹੈ।

ਪੰਜਾਬ ਬਚਾਓ ਯਾਤਰਾ ਦਾ ਅੱਜ ਦੂਜਾ ਦਿਨ, ਸੁਖਬੀਰ ਬਾਦਲ ਨੇ ਭਗਵੰਤ ਮਾਨ ਨੂੰ ਦੱਸਿਆ ਕੇਜਰੀਵਾਲ ਦਾ ਡਰਾਈਵਰ



ਸਟਾਫ ਰਿਪੋਰਟਰ, ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵਰਕਰਾਂ ਨੂੰ ਲੋਕ ਸਭਾ ਚੋਣਾਂ ਦੀ ਤਿਆਰੀ ਲਈ ਕਮਰਕੱਸੇ ਕਰਨ ਦਾ ਸੱਦਾ ਦਿੱਤਾ ਹੈ। 'ਪੰਜਾਬ ਬਚਾਓ ਯਾਤਰਾ' ਦੇ ਦੂਜੇ ਦਿਨ ਅਜਨਾਲਾ ਹਲਕੇ ਤੋਂ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਵਰਕਰਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸੁਪਰੀਮੋ ਅਰਵਿੰਦ ਕੇਜਰੀਵਾਲ ਦਾ ਡਰਾਈਵਰ ਦੱਸਦਿਆਂ ਕਿਹਾ ਕਿ 5 ਸਾਲ ਕਾਂਗਰਸ ਸਰਕਾਰ ਤੇ ਹੁਣ 'ਆਪ' ਸਰਕਾਰ ਨੇ ਪੰਜਾਬ ਨੂੰ ਬਰਬਾਦ ਕਰ ਦਿੱਤਾ ਹੈ। ਪੰਜਾਬੀ ਪੀੜ੍ਹੀ ਤਬਾਹੀ ਵੱਲ ਧੱਕੀ ਗਈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਵਿਕਾਸ ਕਰਵਾਉਣ 'ਚ ਪੂਰੀ ਤਰ੍ਹਾਂ ਅਸਫਲ ਰਹੀ ਹੈ।

ਸਰਕਾਰ ਨੇ ਆਪਣੀ ਸਰਕਾਰ ਦੀਆਂ ਝੂਠੀਆਂ ਪ੍ਰਾਪਤੀਆਂ ਨੂੰ ਸਿਰਫ਼ ਕਾਗਜ਼ਾਂ 'ਤੇ ਹੀ ਫੈਲਾਉਣ ਲਈ ਪ੍ਰਚਾਰ ਕੀਤੇ ਹਨ।

# ਯੂਥ ਅਕਾਲੀ ਦਲ ਤੇ ਐਸ ਓ ਆਈ ਮਿਲ ਕੇ ਸੂਬੇ ਅੰਦਰ ਮੁੜ ਇਤਿਹਾਸ ਰੱਚਣਗੇ: ਸਰਬਜੀਤ ਸਿੰਘ ਝਿੰਜਰ

## ਐਸ ਓ ਆਈ ਦੇ ਨਵਨਿਯੁਕਤ ਕੌਮੀ ਪ੍ਰਧਾਨ ਰਣਬੀਰ ਸਿੰਘ ਰਾਣਾ ਦਾ ਕੀਤਾ ਯੂਥ ਆਗੂਆਂ ਵਿਸ਼ੇਸ਼ ਸਨਮਾਨ

**ਫਤਹਿਗੜ੍ਹ ਸਾਹਿਬ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਨੂੰ ਹੇਠਲੇ ਪੱਧਰ ਤੇ ਮਜਬੂਰ ਕਰਕੇ ਯੂਥ ਅਕਾਲੀ ਦਲ ਦੇ ਨੌਜਵਾਨ ਤੇ ਵਿਦਿਆਰਥੀ ਜਥੇਬੰਦੀ ਐਸ ਓ ਆਈ ਪੰਜਾਬ ਅੰਦਰ ਮੁੜ ਇਤਿਹਾਸ ਰਚੇਗੀ। ਤੇ ਆਉਣ ਵਾਲੇ ਸਮੇਂ ਵਿੱਚ ਸੂਬੇ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦਾ ਗਠਨ ਕਰਨ ਵਿੱਚ ਮੋਹਰੀ ਰੋਲ ਅਦਾ ਕਰਨਗੀਆਂ। ਇਸ ਗੱਲ ਦਾ ਪ੍ਰਗਟਾਵਾ ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਅੱਜ ਐਸ ਓ ਆਈ ਦੇ ਨਵਨਿਯੁਕਤ ਕੌਮੀ ਪ੍ਰਧਾਨ ਰਣਬੀਰ ਸਿੰਘ ਰਾਣਾ ਦਾ ਯੂਥ ਆਗੂਆਂ ਨੂੰ ਨਾਲ ਲੈਕੇ ਕਿ ਵਿਸ਼ੇਸ਼ ਸਨਮਾਨ ਕਰਨ ਸਮੇਂ ਕੀਤਾ। ਸ ਝਿੰਜਰ ਨੇ ਕਿਹਾ ਕਿ ਇਸ ਪਾਰਟੀ ਅੰਦਰ ਨੌਜਵਾਨਾਂ ਦਾ ਵੱਡਾ ਸਮੂਹ ਹੋਵੇ ਉਹ ਪਾਰਟੀ ਹਮੇਸ਼ਾ ਚੜ੍ਹਦੀ ਤੇ



ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦੀ ਅਗਵਾਈ ਵਿੱਚ ਐਸ ਓ ਆਈ ਦੇ ਨਵਨਿਯੁਕਤ ਕੌਮੀ ਪ੍ਰਧਾਨ ਰਣਬੀਰ ਸਿੰਘ ਰਾਣਾ ਦਾ ਸਨਮਾਨ ਕਰਨ ਸਮੇਂ ਯੂਥ ਆਗੂ। ਫ਼ੋਟੋ : ਪ੍ਰੈਸ ਕੀ ਤਾਕਤ

ਬੁਲੰਦੀਆਂ ਨੂੰ ਛੂਹ ਲੈਂਦੀ ਹੈ। ਇਸ ਤਹਿਤ ਜਿਥੇ ਸਮੁੱਚੇ ਪੰਜਾਬ ਅੰਦਰ ਯੂਥ ਅਕਾਲੀ ਦਲ ਦੇ ਨੌਜਵਾਨ ਲਾਮਵੰਦ ਹੋ ਕੇ ਪਾਰਟੀ ਦੀ ਮਜ਼ਬੂਤੀ ਲਈ ਦਿਨ ਰਾਤ ਮਿਹਨਤ ਕਰ ਰਹੇ ਹਨ। ਉਥੇ ਐਸ ਓ ਆਈ ਦੇ ਨਵਨਿਯੁਕਤ ਪ੍ਰਧਾਨ ਰਣਬੀਰ ਸਿੰਘ ਰਾਣਾ ਦੀ ਅਗਵਾਈ ਵਿੱਚ ਯੂਨੀਵਰਸਿਟੀਆਂ, ਕਾਲਜਾਂ ਤੇ ਸਕੂਲਾਂ ਵਿੱਚ ਵੀ ਵਿਦਿਆਰਥੀਆਂ ਨੂੰ ਲਾਮਵੰਦ ਕਰਕੇ ਸ਼੍ਰੋਮਣੀ ਅਕਾਲੀ ਦਲ ਦੇ ਝੰਡੇ ਹੇਠ ਇਕੱਠਾਂ ਕੀਤਾ ਜਾ ਰਿਹਾ ਹੈ ਤਾ ਜੋ ਆਉਣ ਵਾਲੇ ਸਮੇਂ ਵਿੱਚ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਜੜ੍ਹਾਂ ਪੁੱਟ ਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਸੂਬੇ ਅੰਦਰ ਲੋਕ ਹਿਤੈਸ਼ੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਈ ਜਾ ਸਕੇ। ਇਸ ਮੌਕੇ ਤੇ ਐਸ ਓ ਆਈ ਦੇ ਪ੍ਰਧਾਨ ਰਣਬੀਰ ਸਿੰਘ ਰਾਣਾ ਨੇ ਜਿਥੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਮੁੱਚੀ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕੀਤਾ ਉਥੇ ਉਹਨਾਂ ਅੱਜ ਸਰਬਜੀਤ ਸਿੰਘ ਝਿੰਜਰ ਦੀ ਅਗਵਾਈ ਵਿੱਚ ਯੂਥ ਨੌਜਵਾਨਾਂ ਵੱਲੋਂ ਦਿੱਤੇ ਮਾਣ ਸਤਿਕਾਰ ਤੇ ਧੰਨਵਾਦ ਕਰਦੇ ਹੋਏ ਪਾਰਟੀ ਦੀ ਚੜਦੀ ਕਲਾ ਲਈ ਦਿਨ ਰਾਤ ਮਿਹਨਤ ਕਰਨ ਦਾ ਭਰੋਸਾ ਵੀ ਦਿੱਤਾ।

ਇਸ ਮੌਕੇ ਤੇ ਯੂਥ ਆਗੂ ਰਵਿੰਦਰ ਸਿੰਘ ਖੇੜਾ,ਜਿੰਮੀ ਵਾਲੀਆਂ, ਰਣਦੀਪ ਸਿੰਘ ਢਿੱਲਵਾਂ, ਗੁਰਦੀਪ ਸਿੰਘ ਟੋਡਰਪੁਰ,ਟਿੰਮੀ ਪੂਨੀਆ, ਜਸਵਿੰਦਰ ਸਿੰਘ ਚਕੇਰੀਆਂ,ਤ੍ਰਿਪਤਇੰਦਰ ਸਿੰਘ,ਜੱਗੀ ਦੋਰਾਹਾ,ਰਾਣਾ ਉਦੇਸ਼ ਅਗੰਮਪੁਰ,ਹਰਕਮਲ ਭੂਰੇਗਿੱਲ,ਹਰਮਨ ਰੰਧਾਵਾ, ਅਕਾਸ਼ਦੀਪ ਭੂਰੇਗਿੱਲ, ਗੁਰਪ੍ਰੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਯੂਥ ਆਗੂ ਮੌਜੂਦ ਸਨ।

# ਹਰਮੋਹਨ ਧਵਨ ਦੀ ਯਾਦ 'ਚ ਅੰਤਿਮ ਭਜਨ ਤੇ ਕਥਾ ਦਾ ਆਯੋਜਨ

**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਦੇ ਹਰਮਨ ਪਿਆਰੇ ਨੇਤਾ ਜਿਹਨਾਂ ਨੂੰ ਚੰਡੀਗੜ੍ਹ ਦੀ ਜਨਤਾ ਰੱਬ ਵਾਂਗ ਮੰਨਦੀ ਸੀ ਜਿਸ ਨੂੰ ਚੰਡੀਗੜ੍ਹ ਦੀ ਸਿਆਸਤ ਦਾ ਪੈਰੋਕਾਰ ਮੰਨਿਆ ਜਾਂਦਾ ਸੀ ਕਿਸੇ ਵੀ ਰਾਜਨੀਤਿਕ ਪਾਰਟੀ ਦੇ ਕਿਸੇ ਵੀ ਵਰਕਰ ਜਾਂ ਨੇਤਾਵਾਂ ਵਿੱਚ ਹਰਮੋਹਨ ਧਵਨ ਦੀ ਕੋਠੀ ਦੀ ਚਾਰ ਦੀਵਾਰੀ ਅੰਦਰ ਕੋਈ ਵਿਤਕਰਾ ਜਾਂ ਭੇਦਭਾਵ ਮੈਂ ਤਾਂ ਚਾਲੀ ਸਾਲਾਂ ਦੌਰਾਨ ਕਦੇ ਨਹੀਂ ਦੇਖਿਆ ਸੀ ਹਰਮੋਹਨ ਧਵਨ ਦੇ ਸਸਕਾਰ ਮੌਕੇ ਸ਼ਮਸ਼ਾਨ ਘਾਟ ਅੰਦਰ ਤਿਲ ਸੁੱਟਣ ਜਗ੍ਹਾ ਨਹੀਂ ਮਿਲੀ ਸੀ ਅੱਜ ਉਹਨਾਂ ਦੀ ਯਾਦ ਵਿੱਚ ਅੰਤਿਮ ਭਜਨ ਤੇ ਕੱਥਾ ਦਾ ਆਯੋਜਨ ਕੀਤਾ ਗਿਆ ਸੀ ਸ਼ਹਿਰ ਦੀਆਂ ਸਾਰੀਆਂ ਰਾਜਨੀਤਕ, ਧਾਰਮਿਕ,ਪਾਰਟੀਆਂ ਦੇ ਆਗੂ, ਮਾਰਕੀਟਾਂ,ਤੇ ਯੂਨੀਅਨਾਂ ਦੇ ਨੇਤਾ ਸੀਨੀਅਰ ਐਡਵੋਕੇਟ, ਰਿਟਾਇਰ ਅਫਸਰ, ਮੌਜੂਦਾ ਸਰਕਾਰਾਂ ਦੇ ਵੱਡੇ ਵੱਡੇ ਅਫਸਰ ਤੇ ਹੋਰ ਮਿੱਤਰ,ਬਚਪਨ ਦੇ ਦੋਸਤਾਂ, ਰਿਸ਼ਤੇਦਾਰਾਂ ਕੋਈ ਐਸਾ ਵਿਅਕਤੀ ਨਹੀਂ ਸੀ ਜਿਸਨੇ ਨਮ ਅੱਖਾਂ ਦੇ ਨਾਲ ਹਰਮੋਹਨ ਧਵਨ ਨੂੰ ਯਾਦ ਨਾ ਕੀਤਾ ਹੋਵੇ ਹਰਮੋਹਨ ਧਵਨ ਨੂੰ ਯਾਦ ਕਰਦਿਆਂ ਨੇਤਾਵਾਂ ਨੇ ਬਿਨਾਂ ਕਿਸੇ ਝਿਜਕ ਦੇ ਆਖਿਆ ਕਿ ਹਰਮੋਹਨ ਧਵਨ ਵਰਗਾ ਨਾ ਕੋਈ ਨੇਤਾ ਅੱਜ ਤੱਕ ਪੈਦਾ ਹੋਇਆ ਹੈ ਨਾਹੀਂ ਕੋਈ ਪੈਦਾ ਹੋਵੇਗਾ ਜੋ ਆਪਣੇ ਘਰ ਮਿਲਣ ਆਏ ਵਿਅਕਤੀ ਨੂੰ ਕਦੇ ਮਹਿਸੂਸ ਨਹੀਂ ਹੋਣ ਦਿੰਦਾ ਸੀ ਕਿ ਉਹ ਕਿਸੇ ਹੋਰ ਰਾਜਨੀਤਕ ਪਾਰਟੀ ਨਾਲ ਸਬੰਧ ਰੱਖਦਾ ਹੈ ਸਾਬਕਾ ਸਾਂਸਦ ਸਤਪਾਲ ਜੈਨ ਨੇ ਇਕ ਉਸ ਵੇਲੇ ਦਾ ਕਿਸਾ ਸੁਣਾਕੇ ਸੱਭ ਨੂੰ ਹੈਰਾਨ ਕਰ ਦਿੱਤਾ ਜਦ ਹਰਮੋਹਨ ਧਵਨ ਆਪਣੇ ਕਿਸੇ ਵਰਕਰ ਨੂੰ ਕਿਸੇ ਵਾਰਡ ਦੀ ਟਿਕਟ ਦਿਵਾਉਣ ਬਦਲੇ ਸਾਫ ਸਤਪਾਲ ਜੈਨ ਨੂੰ ਕਹਿ ਦਿੱਤਾ ਸੀ ਜੇਕਰ ਇਸ ਨੂੰ ਟਿਕਟ ਨਾ ਦਿੱਤਾ ਤਾਂ ਕੋਈ ਗਠਬੰਧਨ ਨਹੀ ਹੋਵੇਗਾ ਉਹਨਾਂ ਨਾਲ ਯਾਦਾਂ ਸਾਂਝੀਆਂ ਕਰਨ ਵਾਲਿਆਂ ਵਿੱਚ ਅਰੁਣ ਸੂਦ, ਦਵਿੰਦਰ ਸਿੰਘ ਕੋਕਾ, ਮਹਿਲਾ ਕਾਂਗਰਸ ਪ੍ਰਧਾਨ ਦੀਪਾ ਦੂਬੇ ਜਿਹਨਾਂ ਨੂੰ ਹਰਮੋਹਨ ਧਵਨ ਛੋਟੀ ਭੈਣ ਕਰਕੇ ਬੁਲਾਂਦੇ ਸਨ, ਦਵਿੰਦਰ ਸਿੰਘ ਬਬਲਾ ਸਮੇਤ ਜੋ ਵੀ ਵਿਅਕਤੀ ਸ਼ਰਧਾਂਜਲੀ ਭੇਟ ਕਰਨ ਆਇਆ ਸਭ ਨੇ ਧਵਨ ਸਾਹਿਬ ਨੂੰ ਦੋਸਤ, ਪਿਤਾ ,ਭਰਾ,ਅਤੇ ਰਾਜਨੀਤਕ ਗੁਰੂ ਮੰਨਦੇ ਹੋਏ ਨਮਸਕਾਰ ਕਰਕੇ ਗਿਆ ਸਮਾਪਤੀ ਵੇਲੇ ਧਵਨ ਸਾਹਿਬ ਦੀ ਦੋਹਤੀ ਨੰਦਿਨੀ ਦੀ ਅਗਵਾਈ ਹੇਠ ਦੋਹਤੇ, ਪੋਤਰੇ ਅਤੇ ਪੋਤਰੀਆਂ ਨੇ ਧਵਨ ਸਾਹਿਬ ਨੂੰ ਯਾਦ ਕਰਦਿਆਂ ਦੱਸਿਆ ਕਿ ਜਦ ਵੀ ਅਸੀਂ ਘਰ ਆਉਂਦੇ ਸਾਂ ਤਾਂ ਨਾਨੂੰ (ਹਰਮੋਹਨ ਧਵਨ) ਨੇ ਕਹਿ ਦੇਣਾ ਕਲ ਕੋਈ ਸਕੂਲ ਨਹੀਂ ਜਾਵੇਗਾ ਅਸੀਂ ਖੁਸ਼ ਹੋ ਜਾਣਾ ਕਿ ਸਾਡੀ ਛੁੱਟੀ ਹੋ ਗਈ ਤਾਂ ਸਾਰੀ ਇਸ ਸ਼ੋਕ ਸੱਭਾ ਵਿੱਚ ਕੋਈ ਵੀ ਐਸਾ ਸ਼ਖ਼ਸ ਨਹੀਂ ਦਿੱਸਿਆ ਜਿਸ ਦੀਆਂ ਅੱਖਾਂ ਵਿੱਚੋ ਹੰਝੂਆ ਨਾਂਹ ਵੱਗੇ ਹੋਣ ਸੱਭ ਤੋਂ ਬਾਅਦ ਹਰਮੋਹਨ ਧਵਨ ਦੇ ਛੋਟੇ ਬੇਟੇ ਹਰਮਨ ਧਵਨ ਨੇ ਦੱਸਿਆ ਕਿ ਮੇਰੇ ਪਿਤਾ ਦੀ ਚੜਦੀਕਲਾ ਦਾ ਕੀ ਫਲਸਫਾ ਸੀ ਜਿਸ ਦੇ ਫਲਸਰੂਪ ਸਾਡਾ ਪੂਰਾ ਪਰਿਵਾਰ ਹਮੇਸ਼ਾ ਉਚਾਈਆਂ ਛੂਹਦਾਂ ਰਿਹਾ ਹੈ ਉਸ ਨੇ ਦੱਸਿਆ ਕਿ ਕਿਵੇਂ ਪਾਪਾ ਨੇ ਸੱਭ ਨੂੰ ਗੱਡੀਆਂ ਲੈਕੇ ਦਿੱਤੀਆਂ ਜਦ ਮੈਂਨੂੰ ਪੁੱਛਿਆ ਤਾਂ ਭੋਲਾ ਜਿਹਾ ਮੂੰਹ ਬਣਾ ਕੇ ਉਸ ਗੱਡੀ ਦੀ ਡਿਮਾਂਡ ਕਰ ਦਿੱਤੀ ਜਿਸਨੂੰ ਸਾਡੇ ਫਾਇਨਾਂਸ ਸਲਾਹਕਾਰ ਨੇ ਸਾਫ ਕਹਿ ਦਿੱਤਾ ਕਿ ਧਵਨ ਸਾਹਿਬ ਇਹ ਬਹੁਤ ਮਹਿੰਗੀ ਗੱਡੀ ਹੈ ਤਾਂ ਪਾਪਾ ਨੇ ਕਿਹਾ ਕੋਈ ਗੱਲ ਨਹੀਂ ਲੈਣ ਦਿਉਂ ਮੈਨੂੰ ਬਾਹਰ ਵਿਦੇਸ਼ ਵਿਚ ਗਏ ਨੂੰ ਕਦੇ ਪਤਾ ਨਹੀਂ ਹੁੰਦਾ ਸੀ ਕਿ ਜਦ ਮੇਲਾ ਦਿਲ ਉਦਾਸ ਹੁੰਦਾ ਮੈਂ ਪਾਪਾ ਨਾਲ ਫੋਨ ਤੇ ਗੱਲ ਕਰਦਾ ਤਾਂ ਤੁਰੰਤ ਮੇਰੇ ਲਈ ਟਿਕਟ ਮੰਗਵਾ ਦੇਂਦੇ ਮੇਰੇ ਮੰਮੀ ਸੱਗੋਂ ਕਹਿੰਦੇ ਅਜੇ ਹੁਣੇ ਤਾਂ ਹੋਕੇ ਗਿਆ ਸੀ ਇਹ ਕਹਿੰਦੇ ਹੋਏ ਹਰਮਨ ਦਾ ਗੱਲਾਂ ਭਰ ਆਇਆ ਤਾਂ ਉਹ ਕੁੱਝ ਬੋਲ ਨਾ ਸਕਿਆ ਰਸਮ ਪਗੜੀ ਵੇਲੇ ਰਿਸ਼ਤੇਦਾਰਾਂ ਸਾਕ ਸਬੰਧੀਆਂ ਨੇ ਬਿਕਰਮ ਧਵਨ ਅਤੇ ਹਰਮਨ ਧਵਨ ਨੂੰ ਪਗੜੀਆਂ ਬੰਧਵਾਈਆਂ।

# ਮੁੱਖ ਮੰਤਰੀ ਦਾ 'ਰੋਜ਼ਗਾਰ ਮਿਸ਼ਨ' ਜਾਰੀ, 518 ਹੋਰ ਨੌਜਵਾਨਾਂ ਨੂੰ ਸੌਂਪੇ ਨਿਯੁਕਤੀ ਪੱਤਰ

**➢ ਪੰਜਾਬ ਸਰਕਾਰ ਵੱਲੋਂ ਗੈਰ-ਕਾਨੂੰਨੀ ਟਰੈਵਲ ਏਜੰਟਾਂ ਨਾਲ ਕਤਈ ਲਿਹਾਜ਼ ਨਾ ਵਰਤਣ ਵਾਲੀ ਨੀਤੀ ਅਪਨਾਉਣ ਦੀ ਗੱਲ ਦੁਹਰਾਈ**

**➢ ਪਰਵਾਸ ਨੂੰ ਪੁੱਠਾ ਗੇੜ ਆਉਣ ਦਾ ਗਵਾਹ ਬਣਿਆ ਪੰਜਾਬ, ਵਿਦੇਸ਼ਾਂ ਤੋਂ ਪਰਤ ਰਹੇ ਨੌਜਵਾਨਾਂ ਨੂੰ ਪੰਜਾਬ ਵਿੱਚ ਮਿਲ ਰਹੀਆਂ ਨੇ ਨੌਕਰੀਆਂ**

**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਨੌਕਰੀਆਂ ਮੁਹੱਈਆ ਕਰਕੇ ਸੂਬੇ ਦੇ ਨੌਜਵਾਨਾਂ ਨੂੰ ਅਖ਼ਤਿਆਰ ਦੇਣ ਦਾ ਆਪਣਾ ਮਿਸ਼ਨ ਜਾਰੀ ਰੱਖਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਨੂੰ ਸਿੱਖਿਆ, ਉਚੇਰੀ ਸਿੱਖਿਆ, ਵਿੱਤ, ਆਮ ਰਾਜ ਪ੍ਰਬੰਧ, ਸਹਿਕਾਰਤਾ, ਬਿਜਲੀ ਤੇ ਹੋਰ ਮਹਿਕਮਿਆਂ ਵਿੱਚ ਭਰਤੀ ਹੋਏ 518 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ।

ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪਣ ਮੌਕੇ ਕਰਵਾਏ ਸਮਾਰੋਹ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵਿਭਾਗਾਂ ਵਿੱਚ ਖ਼ਾਲੀ ਪਈਆਂ ਸਾਰੀਆਂ ਆਸਾਮੀਆਂ ਉਤੇ ਜਲਦੀ ਤੋਂ ਜਲਦੀ ਭਰਤੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਮੁੱਚੀ ਭਰਤੀ ਪ੍ਰਕਿਰਿਆ ਲਈ ਪੁਖ਼ਤਾ ਪ੍ਰਬੰਧ ਅਪਣਾਏ ਗਏ ਹਨ, ਜਿਸ ਕਾਰਨ 40 ਹਜ਼ਾਰ ਤੋਂ ਵੱਧ ਹੋਈ ਇਸ ਭਰਤੀ ਵਿੱਚੋਂ ਕਿਸੇ ਇਕ ਨੂੰ ਵੀ ਅਦਾਲਤ ਵਿੱਚ ਚੁਣੌਤੀ ਨਹੀਂ ਮਿਲੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਲਈ ਇਹ ਮਾਣ ਵਾਲੀ ਗੱਲ ਹੈ ਕਿ ਇਨ੍ਹਾਂ ਨੌਜਵਾਨਾਂ ਨੂੰ ਮੁਕੰਮਲ ਮੈਰਿਟ ਦੇ ਆਧਾਰ ਉਤੇ ਸਰਕਾਰੀ ਨੌਕਰੀਆਂ ਮਿਲੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਸੰਸਦ ਮੈਂਬਰ ਵਜੋਂ ਆਪਣੇ ਕਾਰਜਕਾਲ ਦੌਰਾਨ ਵੀ ਗ਼ੈਰ ਕਾਨੂੰਨੀ ਟਰੈਵਲ ਏਜੰਟਾਂ ਵਿਰੁੱਧ ਜ਼ੋਰਦਾਰ ਢੰਗ ਨਾਲ ਆਵਾਜ਼ ਉਠਾਉਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਤੋਂ ਸਾਡੀ ਸਰਕਾਰ ਨੇ ਕਾਰਜਕਾਲ ਸੰਭਾਲਿਆ ਹੈ, ਉਦੋਂ ਤੋਂ ਲੋਕਾਂ ਨਾਲ ਠੱਗੀਆਂ ਮਾਰਨ ਤੇ ਮਨੁੱਖੀ ਤਸਕਰੀ ਵਿੱਚ ਸ਼ਾਮਲ ਗ਼ੈਰ ਕਾਨੂੰਨੀ ਟਰੈਵਲ ਏਜੰਟਾਂ ਨਾਲ ਕਤਈ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਗਈ ਹੈ। ਉਨ੍ਹਾਂ ਕਿਹਾ ਕਿ ਅਜਿਹੇ ਟਰੈਵਲ ਏਜੰਟਾਂ ਖ਼ਿਲਾਫ਼ ਮਿਸਾਲੀ ਕਾਰਵਾਈ ਕਰਦਿਆਂ ਸੂਬਾ ਸਰਕਾਰ ਨੇ ਵੱਡੀ ਜਾਗਰੂਕਤਾ ਮੁਹਿੰਮ ਚਲਾਈ ਹੈ ਤਾਂ ਕਿ ਲੋਕਾਂ ਨੂੰ ਅਜਿਹੇ ਟਰੈਵਲ ਏਜੰਟਾਂ ਬਾਰੇ ਜਾਣੂੰ ਕਰਵਾਇਆ ਜਾਵੇ। ਭਗਵੰਤ ਸਿੰਘ ਮਾਨ ਨੇ ਇਹ ਵੀ ਆਖਿਆ ਕਿ ਪਰਵਾਸ ਐਕਟ ਵਿੱਚ ਵੀ ਲੋੜੀਂਦੀਆਂ ਸੋਧਾਂ ਕੀਤੀਆਂ ਗਈਆਂ ਹਨ ਤਾਂ ਕਿ ਅਜਿਹੇ ਟਰੈਵਲ ਏਜੰਟਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਯਕੀਨੀ ਬਣੇ।

ਮੁੱਖ ਮੰਤਰੀ ਨੇ ਇਹ ਵੀ ਆਖਿਆ ਕਿ ਸੂਬੇ ਦੇ ਨੌਜਵਾਨ ਸਬਰ ਤੋਂ ਕੰਮ ਲੈਣ ਅਤੇ ਵੰਡ-ਪਾਊ ਤਾਕਤਾਂ ਦੇ ਗੁਮਰਾਹਕੁੰਨ ਪ੍ਰਚਾਰ ਦਾ ਸ਼ਿਕਾਰ ਨਾ ਹੋਣ। ਉਨ੍ਹਾਂ ਕਿਹਾ ਕਿ ਇਹ ਪੰਜਾਬ ਵਿਰੋਧੀ ਤਾਕਤਾਂ ਸੂਬੇ ਦੀ ਤਰੱਕੀ ਤੇ ਖ਼ੁਸ਼ਹਾਲੀ ਨੂੰ ਲੀਹੋਂ ਲਾਹੁਣਾ ਚਾਹੁੰਦੀਆਂ ਹਨ, ਜਿਸ ਲਈ ਉਹ ਸੂਬੇ ਵਿੱਚ ਜ਼ਹਿਰ ਫੈਲਾ ਰਹੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਸਮਝਦਾਰ ਨੌਜਵਾਨ ਅਜਿਹੇ ਏਜੰਡੇ ਵਿੱਚ ਨਹੀਂ ਫਸਣਗੇ ਅਤੇ ਇਨ੍ਹਾਂ ਤਾਕਤਾਂ ਨੂੰ ਢੁਕਵਾਂ ਜਵਾਬ ਦੇਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਲਈ ਰੋਜ਼ਗਾਰ ਯਕੀਨੀ ਬਣਾਉਣ ਦਾ ਇਕੋ-ਇਕ ਮੰਤਵ ਉਨ੍ਹਾਂ ਨੂੰ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਤੇ ਤਰੱਕੀ ਵਿੱਚ ਸਰਗਰਮ ਭਾਈਵਾਲ ਬਣਾਉਣਾ ਹੈ ਤਾਂ ਕਿ ਉਹ ਗ਼ੈਰ ਕਾਨੂੰਨੀ ਟਰੈਵਲ ਏਜੰਟਾਂ ਦਾ ਸ਼ਿਕਾਰ ਨਾ ਬਣਨ। ਉਨ੍ਹਾਂ ਕਿਹਾ ਕਿ ਇਹ ਮਿਊਂਸਿਪਲ ਭਵਨ ਅਜਿਹੇ ਕਈ ਮੌਕਿਆਂ ਦਾ ਗਵਾਹ ਹੈ, ਜਿਸ ਦੌਰਾਨ ਨੌਜਵਾਨਾਂ ਨੂੰ ਵੱਖ-ਵੱਖ ਸਰਕਾਰੀ ਮਹਿਕਮਿਆਂ ਵਿੱਚ ਨੌਕਰੀਆਂ ਮਿਲੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਤੋਂ ਸੂਬਾ ਸਰਕਾਰ ਦੀ ਨੌਜਵਾਨਾਂ ਦੀ ਭਲਾਈ ਯਕੀਨੀ ਬਣਾਉਣ ਅਤੇ ਉਨ੍ਹਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਸਿਰਜਣ ਦੀ ਦ੍ਰਿੜ੍ਹ ਵਚਨਬੱਧਤਾ ਝਲਕਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਅਣਥੱਕ ਕੋਸ਼ਿਸ਼ਾਂ ਨਾਲ ਸੂਬੇ ਵਿੱਚ ਪਰਵਾਸ ਨੂੰ ਪੁੱਠਾ ਗੇੜ ਆਉਣਾ ਸ਼ੁਰੂ ਹੋਇਆ ਹੈ। ਉਨ੍ਹਾਂ ਕਿਹਾ ਕਿ ਹੁਣ ਚੰਗੇ ਮੌਕਿਆਂ ਦੀ ਭਾਲ ਵਿੱਚ ਵਿਦੇਸ਼ ਜਾਣ ਦੀ ਬਜਾਏ ਨੌਜਵਾਨ ਨੌਕਰੀਆਂ ਲਈ ਪੰਜਾਬ ਵਿੱਚ ਸਖ਼ਤ



ਮਿਹਨਤ ਕਰ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲਾਂ ਦੂਜੇ ਮੁਲਕਾਂ ਵਿੱਚ ਗਏ ਨੌਜਵਾਨ ਵੀ ਹੁਣ ਵਾਪਸ ਆ ਰਹੇ ਹਨ ਅਤੇ ਆਪਣੀ ਸਖ਼ਤ ਮਿਹਨਤ ਨਾਲ ਇੱਥੇ ਨੌਕਰੀਆਂ ਹਾਸਲ ਕਰ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਉਨ੍ਹਾਂ ਲਈ ਬੜੇ ਮਾਣ ਅਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਇਨ੍ਹਾਂ ਅਸਾਮੀਆਂ ਲਈ ਸਾਰੇ ਨੌਜਵਾਨਾਂ ਦੀ ਚੋਣ ਨਿਰੋਲ ਮੈਰਿਟ ਦੇ ਆਧਾਰ 'ਤੇ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਕੋਈ ਪਹਿਲਾ ਸਮਾਗਮ ਨਹੀਂ ਹੈ, ਜਦੋਂ ਸੂਬਾ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ ਹਨ ਕਿਉਂਕਿ ਇਸ ਤੋਂ ਪਹਿਲਾਂ ਵੀ ਅਜਿਹੇ ਕਈ ਸਮਾਗਮ ਹੋ ਚੁੱਕੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਇਸ ਨੇਕ ਕਾਰਜ ਵਿੱਚ ਭਾਈਵਾਲ ਬਣਾ ਕੇ ਪੰਜਾਬ ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਅਣਥੱਕ ਯਤਨ ਕਰ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਧਰਤੀ ਇਕ ਪਵਿੱਤਰ ਧਰਤੀ ਹੈ ਕਿਉਂਕਿ ਸੂਬੇ ਦਾ ਹਰ ਦੂਜਾ ਪਿੰਡ ਮਹਾਨ ਗੁਰੂਆਂ ਦੀ ਚਰਨ ਛੋਹ ਪ੍ਰਾਪਤ ਹੈ ਅਤੇ ਅਤੇ ਸੂਬੇ ਨੇ ਦੇਸ਼ ਲਈ ਆਪਣੀਆਂ ਜਾਨਾਂ ਵਾਰਨ ਵਾਲੇ ਸੂਰਬੀਰ ਪੈਦਾ ਕੀਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਜਨਮ ਤੋਂ ਹੀ ਮਿਹਨਤਕਸ਼ ਹੁੰਦੇ ਹਨ, ਜਿਸ ਕਰ ਕੇ ਪੰਜਾਬੀਆਂ ਨੇ ਦੁਨੀਆ ਭਰ ਵਿੱਚ ਆਪਣੀ ਕਾਬਲੀਅਤ ਦਾ ਲੋਹਾ ਮੰਨਵਾਇਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬੀ ਅਥਾਹ ਹੌਸਲੇ ਵਾਲੇ ਅਤੇ ਮਿਹਨਤੀ ਲੋਕ ਹਨ, ਜਿਸ ਸਦਕਾ ਪੰਜਾਬੀਆਂ ਨੇ ਹਰ ਖੇਤਰ ਵਿੱਚ ਮੱਲਾਂ ਮਾਰੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀਆਂ ਦਾ ਇਹ ਜਜ਼ਬਾ ਸੂਬੇ ਨੂੰ ਬਹੁਤ ਅੱਗੇ ਲਿਜਾ ਸਕਦਾ ਹੈ ਅਤੇ ਸੂਬਾ ਸਰਕਾਰ ਇਸ ਦਿਸ਼ਾ ਵਿੱਚ ਠੋਸ ਉਪਰਾਲੇ ਕਰਨ ਲਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ ਬੜੇ ਮਾਣ ਅਤੇ ਤਸੱਲੀ ਦੀ ਗੱਲ ਹੈ ਕਿ ਲੜਕੀਆਂ ਹਰ ਖੇਤਰ ਵਿੱਚ ਲੜਕਿਆਂ ਨਾਲੋਂ ਅੱਗੇ ਹਨ ਅਤੇ ਅੱਜ ਵੀ ਜ਼ਿਆਦਾਤਰ ਨੌਕਰੀਆਂ ਲੜਕੀਆਂ ਨੇ ਹੀ ਹਾਸਲ ਕੀਤੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਲੜਕੀਆਂ ਦੇ ਸੁਪਨਿਆਂ ਨੂੰ ਪਰਵਾਜ਼ ਦਿੱਤੀ ਜਾਵੇ ਤਾਂ ਜੋ ਉਹ ਹਰ ਖੇਤਰ ਵਿੱਚ ਮੱਲਾਂ ਮਾਰਦਿਆਂ ਸਫ਼ਲਤਾ ਦੀ ਨਵੀਂ ਇਬਾਰਤ ਲਿਖ ਸਕਣ।

ਪੁਰਾਣੀਆਂ ਸਰਕਾਰਾਂ ਉਤੇ ਨਿਸ਼ਾਨਾ ਸੇਧਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੇ ਆਪਣੇ ਸਰਕਾਰੀ ਅਹੁਦਿਆਂ ਦੀ ਦੁਰਵਰਤੋਂ ਕਰਦਿਆਂ ਬੇਸ਼ੁਮਾਰ ਦੌਲਤ ਇਕੱਠੀ ਕਰਕੇ ਆਪਣੇ ਲਈ ਮਹਿਲਨੁਮਾ ਘਰ ਉਸਾਰੇ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਘਰਾਂ ਦੀਆਂ ਕੰਧਾਂ ਤਾਂ ਉੱਚੀਆਂ ਹਨ ਪਰ ਦਰਵਾਜ਼ੇ ਆਮ ਲੋਕਾਂ ਲਈ ਹਮੇਸ਼ਾ ਬੰਦ ਹੀ ਰਹਿੰਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਆਗੂ ਲੋਕਾਂ ਦੀ ਪਹੁੰਚ ਤੋਂ ਦੂਰ ਰਹੇ, ਜਿਸ ਕਰ ਕੇ ਲੋਕਾਂ ਨੇ ਉਨ੍ਹਾਂ ਨੂੰ ਸੱਤਾ ਤੋਂ ਬਾਹਰ ਦਾ ਰਾਹ ਦਿਖਾ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਦੀ ਭਲਾਈ ਲਈ ਠੋਸ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਨੌਜਵਾਨ ਨੌਕਰੀ ਭਾਲਣ ਦੀ ਬਜਾਏ ਨੌਕਰੀ ਦੇਣ ਵਾਲੇ ਬਣਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਨੌਜਵਾਨਾਂ ਦੀ ਸਰਗਰਮ ਸ਼ਮੂਲੀਅਤ ਨੂੰ ਯਕੀਨੀ ਬਣਾਉਂਦਿਆਂ ਅਗਾਂਹਵਧੂ ਅਤੇ ਖੁਸ਼ਹਾਲ ਪੰਜਾਬ ਦੀ ਸਿਰਜਣਾ ਕੀਤੀ ਜਾਵੇ।

ਮੁੱਖ ਮੰਤਰੀ ਨੇ ਵਿਅੰਗ ਕਸਦਿਆਂ ਆਖਿਆ ਕਿ ਸੂਬੇ ਦੇ ਇੱਕ ਸਾਬਕਾ ਵਿੱਤ ਮੰਤਰੀ ਨੌਂ ਸਾਲਾਂ ਤੱਕ 'ਸਰਕਾਰੀ ਖ਼ਜ਼ਾਨਾ ਖਾਲੀ ਹੈ' ਦਾ ਗੁਮਰਾਹਕੁੰਨ ਰਾਗ ਅਲਾਪਦਾ ਰਿਹਾ, ਜਿਸ ਨਾਲ ਪੰਜਾਬ ਦੇ ਨੌਜਵਾਨਾਂ ਦੇ ਹੌਸਲੇ ਨੂੰ ਵੱਡੀ ਸੱਟ ਵੱਜੀ। ਉਨ੍ਹਾਂ ਕਿਹਾ ਕਿ ਹੁਣ ਸੂਬਾ ਸਰਕਾਰ ਪੰਜਾਬ ਦੇ ਨੌਜਵਾਨਾਂ ਨੂੰ ਹਰ ਲੰਘਦੇ ਦਿਨ ਨੌਕਰੀਆਂ ਦੇ ਰਹੀ ਹੈ, ਜਿਸ ਕਾਰਨ ਨੌਜਵਾਨ ਪੀੜ੍ਹੀ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵੱਧ ਤੋਂ ਵੱਧ ਨੌਜਵਾਨਾਂ ਨੂੰ ਅਖ਼ਤਿਆਰ ਦੇਣ ਲਈ ਇਸ ਵਿਸ਼ਾਲ ਮੁਹਿੰਮ ਨੂੰ ਹੋਰ ਅੱਗੇ ਵਧਾਇਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਹੁਣ ਸੂਬੇ ਵਿੱਚ ਮੁਕੰਮਲ ਤਬਦੀਲੀ ਦਾ ਦੌਰ ਚੱਲ ਰਿਹਾ ਹੈ ਕਿਉਂਕਿ ਆਮ ਆਦਮੀ ਦੀ ਭਲਾਈ ਲਈ ਨਵੇਂ ਹਸਪਤਾਲ, ਸਕੂਲ ਅਤੇ ਨਵੇਂ ਮੈਡੀਕਲ ਕਾਲਜ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਲੋਕ-ਪੱਖੀ ਫੈਸਲੇ ਉਨ੍ਹਾਂ ਲੋਕਾਂ ਵੱਲੋਂ ਹੀ ਲਏ ਜਾ ਰਹੇ ਹਨ, ਜੋ ਜ਼ਮੀਨੀ ਪੱਧਰ 'ਤੇ ਲੋਕਾਂ ਦੀਆਂ ਸਮੱਸਿਆਵਾਂ ਤੋਂ ਭਲੀ-ਭਾਂਤ ਜਾਣੂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਨੇ ਸੂਬੇ ਨੂੰ ਬਰਬਾਦ ਕਰ ਦਿੱਤਾ ਹੈ ਅਤੇ ਹੁਣ ਉਹ ਬੜੀ ਬੇਸ਼ਰਮੀ ਨਾਲ ਨੈਤਿਕਤਾ ਦੇ ਦਮਗਜ਼ੇ ਮਾਰ ਰਹੀਆਂ ਹਨ। ਅਕਾਲੀ ਦਲ ਦੀ 'ਪੰਜਾਬ ਬਚਾਓ ਯਾਤਰਾ' ਉਤੇ ਸਵਾਲ ਚੁੱਕਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਆਗੂ ਇਹ ਸਪੱਸ਼ਟ ਕਰਨ ਕਿ 15 ਸਾਲਾਂ ਸੂਬੇ ਨੂੰ ਲੁੱਟਣ ਤੋਂ ਬਾਅਦ ਉਹ ਕਿਸ ਕੋਲੋਂ ਸੂਬੇ ਨੂੰ ਬਚਾਉਣ ਦੀਆਂ ਗੱਲਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀਆਂ ਨੇ ਸੂਬੇ ਨੂੰ ਬੜੀ ਬੇਰਹਿਮੀ ਨਾਲ ਲੁੱਟਣ ਤੋਂ ਇਲਾਵਾ ਪੰਜਾਬੀਆਂ ਦੀ ਮਾਨਸਿਕਤਾ ਨੂੰ ਜਜ਼ਬਾਤੀ ਤੌਰ 'ਤੇ ਠੇਸ ਪਹੁੰਚਾਈ ਹੈ ਅਤੇ ਸੂਬੇ ਅੰਦਰ ਕਈ ਤਰ੍ਹਾਂ ਦੇ ਮਾਫੀਆ ਦੀ ਸਰਪ੍ਰਸਤੀ ਕੀਤੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕ ਅਕਾਲੀਆਂ ਅਤੇ ਬਾਦਲ ਪਰਿਵਾਰ ਦੇ ਦੋਗਲੇ ਕਿਰਦਾਰ ਤੋਂ ਭਲੀ-ਭਾਂਤ ਜਾਣੂ ਹਨ, ਇਸ ਕਰ ਕੇ ਹੁਣ ਅਕਾਲੀਆਂ ਦੀਆਂ ਡਰਾਮੇਬਾਜ਼ੀਆਂ ਕੰਮ ਨਹੀਂ ਕਰਨਗੀਆਂ।

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਸੂਬਾ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਮੁਕਾਬਲਾ ਪ੍ਰੀਖਿਆਵਾਂ ਲਈ ਸਿਖਲਾਈ ਦੇਣ ਸਬੰਧੀ ਅੱਠ ਹਾਈ-ਟੈਕ ਕੇਂਦਰ ਖੋਲ੍ਹੇ ਜਾ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਕੇਂਦਰ ਨੌਜਵਾਨਾਂ ਨੂੰ ਯੂ.ਪੀ.ਐਸ.ਸੀ. ਦੀ ਪ੍ਰੀਖਿਆ ਪਾਸ ਕਰਨ ਅਤੇ ਸੂਬੇ ਤੇ ਦੇਸ਼ ਵਿੱਚ ਨਾਮਵਰ ਅਹੁਦਿਆਂ 'ਤੇ ਬੈਠਣ ਲਈ ਮਿਆਰੀ ਸਿਖਲਾਈ ਪ੍ਰਦਾਨ ਕਰਨਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਟੀਚਾ ਨੌਜਵਾਨਾਂ ਨੂੰ ਉੱਚ ਅਹੁਦਿਆਂ 'ਤੇ ਬਿਠਾ ਕੇ ਦੇਸ਼ ਦੀ ਸੇਵਾ ਵਿੱਚ ਲਾਉਣਾ ਹੈ।

# ਭਾਸ਼ਾ ਵਿਭਾਗ ਪੰਜਾਬ, ਜ਼ਿਲ੍ਹਾ ਬਠਿੰਡਾ ਵੱਲੋਂ ਤ੍ਰੈ ਭਾਸ਼ੀ ਕਵੀ ਦਰਬਾਰ ਦਾ ਕੀਤਾ ਆਯੋਜਨ



**ਬਠਿੰਡਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ, ਮਾਣਯੋਗ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਸਰਪ੍ਰਸਤੀ ਅਤੇ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਹਰਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਭਾਸ਼ਾ ਵਿਭਾਗ ਪੰਜਾਬ, ਜ਼ਿਲ੍ਹਾ ਬਠਿੰਡਾ ਵੱਲੋਂ 'ਤ੍ਰੈ-ਭਾਸ਼ੀ ਕਵੀ ਦਰਬਾਰ ਸਰਕਾਰੀ ਰਜਿੰਦਰਾ ਕਾਲਜ ਦੇ ਆਡੀਟੋਰੀਅਮ ਵਿਖੇ ਆਯੋਜਿਤ ਕੀਤਾ ਗਿਆ। ਇਹ ਕਵੀ ਦਰਬਾਰ ਸਰਕਾਰੀ ਰਜਿੰਦਰਾ ਕਾਲਜ ਦੇ ਭਾਸ਼ਾ ਮੰਚ ਦੇ ਸਹਿਯੋਗ ਨਾਲ ਕਰਵਾਇਆ ਗਿਆ, ਜਿਸ ਵਿੱਚ ਪੰਜਾਬੀ, ਹਿੰਦੀ ਅਤੇ ਉਰਦੂ ਭਾਸ਼ਾ ਦੇ ਨਾਮਵਰ ਕਵੀਆਂ ਨੇ ਭਾਗ ਲਿਆ।ਮੁੱਖ ਮਹਿਮਾਨ ਵਜੋਂ ਵਧੀਕ ਡਿਪਟੀ ਕਮਿਸ਼ਨਰ ਬਠਿੰਡਾ ਮਿਸ ਪੂਨਮ ਸਿੰਘ ਨੇ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਸਥਾਪਤ ਸ਼ਾਇਰ ਅਤੇ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਦਰਸ਼ਨ ਬੁੱਟਰ ਨੇ ਕੀਤੀ। ਜਸਪਾਲ ਮਾਨਖੇੜਾ ਮੈਂਬਰ ਸਲਾਹਕਾਰ ਬੋਰਡ ਭਾਰਤੀ ਸਾਹਿਤ ਅਕਾਦਮੀ ਦਿੱਲੀ ਅਤੇ ਰਿਸ਼ੀ ਹਿਰਦੇਪਾਲ, ਮੈਂਬਰ ਅਕਾਦਮਿਕ ਕੌਂਸਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ।ਮੁੱਖ ਮਹਿਮਾਨ ਮਿਸ ਪੂਨਮ ਸਿੰਘ ਵਧੀਕ ਡਿਪਟੀ ਕਮਿਸ਼ਨਰ, ਬਠਿੰਡਾ ਨੇ ਬੋਲਦਿਆਂ ਕਿਹਾ ਕਿ ਉਨ੍ਹਾਂ ਨੂੰ ਕਵਿਤਾ ਵਿੱਚ ਹਮੇਸ਼ਾਂ ਹੀ ਦਿਲਚਸਪੀ ਰਹੀ ਹੈ ਕਿਉਂਕਿ ਕਵਿਤਾ ਦਾ ਸਿੱਧਾ ਸਬੰਧ ਰੂਹ ਨਾਲ ਹੁੰਦਾ ਹੈ। ਇਸ ਦੌਰਾਨ ਉਨ੍ਹਾਂ ਪਾਸ਼ ਅਤੇ ਸਾਹਿਰ ਦੀਆਂ ਕਵਿਤਾਵਾਂ 'ਚੋਂ ਕੁਝ ਸਤਰਾਂ ਬੋਲਦਿਆਂ ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਨੂੰ ਇਸ ਉਪਰਾਲੇ ਲਈ ਵਧਾਈ ਦਿੱਤੀ।ਕੀਰਤੀ ਕਿਰਪਾਲ ਜ਼ਿਲ੍ਹਾ ਭਾਸ਼ਾ ਅਫ਼ਸਰ ਬਠਿੰਡਾ ਨੇ ਮੁੱਖ ਮਹਿਮਾਨ ਅਤੇ ਸਾਹਿਤ ਜਗਤ ਦੀਆਂ ਉੱਘੀਆਂ ਸ਼ਖ਼ਸੀਅਤਾਂ ਦਾ ਸੁਆਗਤ ਕਰਦਿਆਂ ਕਿਹਾ ਕਿ ਇਹਨਾਂ ਸਾਹਿਤਕ ਸਰਗਰਮੀਆਂ ਰਾਹੀਂ ਭਾਸ਼ਾ ਵਿਭਾਗ ਦਾ ਹਮੇਸ਼ਾਂ ਮਕਸਦ ਵਿਦਿਆਰਥੀਆਂ ਦੇ ਰੂ-ਬ-ਰੂ ਹੋਣਾ ਹੁੰਦਾ ਹੈ। ਉਨ੍ਹਾਂ ਅੱਗੇ ਬੋਲਦਿਆਂ ਕਿਹਾ ਕਿ ਇਹਨਾਂ ਨਾਮਵਰ ਕਵੀਆਂ ਨੂੰ ਸੁਣ ਕੇ ਵਿਦਿਆਰਥੀ ਉੱਚ ਪੱਧਰ ਦੇ ਸਾਹਿਤ ਤੋਂ ਜਾਣੂ ਹੋਣਗੇ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਉੱਘੇ ਕਵੀ ਦਰਸ਼ਨ ਬੁੱਟਰ ਨੇ ਭਾਸ਼ਾ ਵਿਭਾਗ ਪੰਜਾਬ ਜ਼ਿਲ੍ਹਾ ਬਠਿੰਡਾ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮੌਜੂਦਾ ਹਾਲਾਤ ਵਿੱਚ ਅਜਿਹੇ ਸਮਾਗਮ ਸਮੇਂ ਦੀ ਲੋੜ ਹਨ ਅਤੇ ਕਵੀਆਂ ਨੂੰ ਕਲਮਾਂ ਤਿੱਖੀਆਂ ਕਰਨ ਲਈ ਵੰਗਾਰਿਆ। ਉਨ੍ਹਾਂ ਨੇ ਆਪਣੀ ਕਵਿਤਾ ਰਾਹੀਂ 'ਕਵਿਤਾ' ਸ਼ਬਦ ਨੂੰ ਵੱਖ-ਵੱਖ ਸੰਦਰਭ ਵਿੱਚ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕੀਤਾ। ਕਵੀ ਦਰਬਾਰ ਵਿੱਚ ਬਲਵਿੰਦਰ ਸੰਧੂ, ਤਰਸੇਮ, ਸਵਤੰਤਰ ਦੇਵ ਆਰਿਫ਼, ਪਰਮਜੀਤ ,ਮਨਜੀਤ ਸੂਖਮ, ਰਣਬੀਰ ਰਾਣਾ, ਜਨਕ ਰਾਜ ਜਨਕ, ਅਜਮੇਰ ਦੀਵਾਨਾ, ਜੈਨੇਂਦਰ ਚੌਹਾਨ, ਰਣਜੀਤ ਗੌਰਵ,ਮੰਗਤ ਕੁਲਜਿੰਦ, ਦਵੀ ਸਿੱਧੂ,ਅੰਮ੍ਰਿਤਪਾਲ ਕਲੇਰ, ਕੁਲਦੀਪ ਬੰਗੀ ਅਤੇ ਸਨੇਹ ਲਤਾ ਗੋਸਵਾਮੀ ਆਦਿ ਸਿਰਮੌਰ ਸ਼ਾਇਰਾਂ ਨੇ ਸ਼ਿਰਕਤ ਕੀਤੀ।ਹਾਜ਼ਰ ਕਵੀਆਂ ਨੇ ਅਜੋਕੇ ਸਮੇਂ ਦੇ ਹਾਣ ਦੀਆਂ ਕਵਿਤਾਵਾਂ ਸੁਣਾ ਕੇ ਇੰਜ ਸਮਾਂ ਬੰਨ੍ਹਿਆ ਕਿ ਸਰੋਤੇ ਉਸ ਵਿੱਚ ਮੁਗਧ ਹੋ ਗਏ। ਮੰਚ ਸੰਚਾਲਨ ਮਨਜੀਤ ਸੂਖ਼ਮ ਨੇ ਕੀਤਾ। ਇਸ ਮੌਕੇ ਭਾਸ਼ਾ ਵਿਭਾਗ ਪੰਜਾਬ, ਜ਼ਿਲ੍ਹਾ ਬਠਿੰਡਾ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ।ਅੰਤ ਵਿੱਚ ਪ੍ਰਿੰਸੀਪਲ ਸਰਕਾਰੀ ਰਜਿੰਦਰਾ ਕਾਲਜ ਬਠਿੰਡਾ, ਡਾ ਜਯੋਤਸਨਾ ਸਿੰਗਲਾ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਅਨੀਮੀਆ ਮੁਕਤ ਕਰਨ ਲਈ ਚਲਾਏ ਪ੍ਰੋਜੈਕਟ ਦੇ ਸਾਰਥਕ ਨਤੀਜੇ ਆਉਣੇ ਸ਼ੁਰੂ: ਜਤਿੰਦਰ ਜੋਰਵਾਲ

**ਸੰਗਰੂਰ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸੰਗਰੂਰ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਅਨੀਮੀਆ ਮੁਕਤ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਰੰਭੇ ਯਤਨਾਂ ਦੇ ਸਾਰਥਕ ਨਤੀਜੇ ਸਾਹਮਣੇ ਆਉਣ ਲੱਗ ਪਏ ਹਨ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇਸ ਪ੍ਰੋਜੈਕਟ ਦੀ ਪ੍ਰਗਤੀ ਬਾਰੇ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਸ਼ੁਰੂਆਤੀ ਸਮੇਂ ਵਿੱਚ ਪਹਿਲਾਂ ਜ਼ਿਲ੍ਹੇ ਦੇ 21 ਸਰਕਾਰੀ ਸਕੂਲਾਂ ਵਿਖੇ ਇਸ ਨੂੰ ਪਾਇਲਟ ਪ੍ਰੋਜੈਕਟ ਵਜੋਂ ਲਿਆ ਗਿਆ ਸੀ ਅਤੇ ਸਕੂਲੀ ਵਿਦਿਆਰਥੀਆਂ ਵਿੱਚ ਅਨੀਮੀਆ (ਖ਼ੂਨ ਦੀ ਕਮੀ) ਪਾਏ ਜਾਣ 'ਤੇ



ਸਿਹਤ ਤੇ ਸਿੱਖਿਆ ਵਿਭਾਗ ਦੇ ਤਾਲਮੇਲ ਨਾਲ ਇਨ੍ਹਾਂ ਵਿਦਿਆਰਥੀਆਂ ਨੂੰ ਸਮੇਂ ਸਿਰ ਆਇਰਨ ਤੇ ਫੋਲਿਕ ਐਸਿਡ ਦੀ ਗੋਲੀ ਖੁਆਉਣ ਦੇ ਨਾਲ ਨਾਲ ਸਾਰੇ ਸਕੂਲਾਂ ਵਿੱਚ ਘਰੇਲੂ ਬਗੀਚੀਆਂ (ਕਿਚਨ ਗਾਰਡਨ) ਵਿਕਸਤ ਕਰਕੇ ਮਿਡ ਡੇਅ ਮੀਲ ਦਾ ਭੋਜਨ ਖੁਰਾਕੀ ਤੱਤਾਂ ਭਰਪੂਰ ਬਣਾਉਣ ਵੱਲ ਧਿਆਨ ਦਿੱਤਾ ਗਿਆ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਿਹੜੇ 21 ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਵਿੱਚ ਅਨੀਮੀਆ ਦੇ ਲੱਛਣ ਪਾਏ ਗਏ ਸਨ ਉਨ੍ਹਾਂ ਦੇ ਖ਼ੂਨ ਦੇ ਮੁੜ ਸੈਂਪਲ ਜਾਂਚ ਲਈ ਭੇਜੇ ਗਏ ਹਨ ਅਤੇ ਹੁਣ ਤੱਕ ਪ੍ਰਾਪਤ 2 ਸਕੂਲਾਂ ਦੇ 29 ਵਿਦਿਆਰਥੀਆਂ ਦੀ ਰਿਪੋਰਟ ਸਾਹਮਣੇ ਆਉਣ ਤੋਂ ਬਾਅਦ ਅਸੀਂ ਆਪਣੇ ਨਿਰਧਾਰਿਤ ਟੀਚੇ ਨੂੰ ਸਾਕਾਰ ਕਰਨ ਵਿੱਚ ਸਫ਼ਲਤਾ ਦੇ ਬਿਲਕੁਲ ਕਰੀਬ ਹਾਂ। ਉਨ੍ਹਾਂ ਕਿਹਾ ਕਿ ਧੂਰੀ ਦੇ ਸਿਹਤ ਬਲਾਕ ਅਧੀਨ ਆਉਂਦੇ ਇਨ੍ਹਾਂ ਸਕੂਲਾਂ ਦੇ ਬੱਚੇ ਪਹਿਲਾਂ ਅਨੀਮੀਆ ਪੀੜਤ ਸਨ ਪਰ ਹੁਣ ਦੀ ਲੈਬ ਰਿਪੋਰਟ ਵਿੱਚ ਇਹ ਅਨੀਮੀਆ ਮੁਕਤ ਪਾਏ ਗਏ ਹਨ।ਡਿਪਟੀ ਕਮਿਸ਼ਨਰ ਨੇ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਬੱਚਿਆਂ ਦੀ ਸਿਹਤ ਦੀ ਨਿਰੰਤਰ ਨਿਗਰਾਨੀ ਨਾਲ ਅਨੀਮੀਆ ਤੇ ਹੋਰ ਰੋਗਾਂ ਦੀ ਮਾਰ ਤੋਂ ਬਚਾਉਣ ਦੀ ਦਿਸ਼ਾ ਵਿੱਚ ਇਹ ਇੱਕ ਚੰਗਾ ਸੰਕੇਤ ਹੈ ਅਤੇ ਜਲਦੀ ਹੀ ਹੋਰਨਾਂ ਸਕੂਲਾਂ ਦੇ ਵਿਦਿਆਰਥੀਆਂ ਦੇ ਬਲੱਡ ਟੈਸਟ ਨਤੀਜੇ ਸਾਡੇ ਸਾਹਮਣੇ ਹੋਣਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਇਹ ਪ੍ਰੋਜੈਕਟ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਚੱਲ ਰਹੇ ਹੈ ਤਾਂ ਜੋ ਕੋਈ ਵੀ ਵਿਦਿਆਰਥੀ ਅਨੀਮੀਆ ਨਾਲ ਪੀੜਤ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਸੰਤੁਲਿਤ ਆਹਾਰ ਬੱਚਿਆਂ ਦੀ ਜੀਵਨ ਸ਼ੈਲੀ 'ਤੇ ਵਧੀਆ ਪ੍ਰਭਾਵ ਪਾਉਂਦਾ ਹੈ ਅਤੇ ਅਧਿਆਪਕਾਂ ਦੇ ਨਾਲ ਨਾਲ ਇਹ ਮਾਪਿਆਂ ਦੀ ਵੀ ਜਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਦੀ ਪੜਾਈ ਦੇ ਨਾਲ ਨਾਲ ਸਿਹਤ ਪ੍ਰਤੀ ਵੀ ਜਾਗਰੂਕਤਾ ਵਧਾਉਣ ਤੇ ਸਾਰੇ ਆਪਸੀ ਸਹਿਯੋਗ ਨਾਲ ਅਨੀਮੀਆ ਦੇ ਖਾਤਮੇ ਦੀ ਮੁਹਿੰਮ ਵਿੱਚ ਯੋਗਦਾਨ ਪਾ ਸਕਣ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਸਿਵਲ ਸਰਜਨ ਡਾ. ਕਿਰਪਾਲ ਸਿੰਘ, ਜ਼ਿਲ੍ਹਾ ਸਕੂਲ ਸਿਹਤ ਮੈਡੀਕਲ ਅਫ਼ਸਰ ਡਾ. ਅਮਨਜੋਤ, ਪ੍ਰੋਜੈਕਟ ਨੋਡਲ ਅਫ਼ਸਰ ਮਨਜੋਤ ਕੌਰ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਪ੍ਰਦੀਪ ਗਿੱਲ, ਡੀ.ਡੀ.ਐਫ ਮੇਘਾ ਚੌਧਰੀ ਵੀ ਹਾਜ਼ਰ ਸਨ।

## 36 ਸਾਲਾਂ ਦੀ ਸੇਵਾ ਪੂਰੀ ਕਰਨ ਉਪਰੰਤ ਹੰਸ ਰਾਜ ਨੂੰ ਦਿੱਤੀ ਵਿਦਾਇਗੀ ਪਾਰਟੀ




**ਨਾਭਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਫਤਰ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਭਾਦਸੋਂ 1 ਦੇ ਸਮੂਹ ਸਟਾਫ ਵੱਲੋਂ ਬੀ ਪੀ ਈ ਓ ਭਾਦਸੋਂ ਸ਼੍ਰੀ ਹੰਸਰਾਜ ਜੀ ਦੇ ਸਫਲਤਾ ਪੂਰਨ ਆਪਣੀ 36 ਸਾਲਾਂ ਦੀ ਸੇਵਾ ਪੂਰੀ ਕਰਨ ਉਪਰੰਤ ਅੱਜ ਅਖੀਰਲੇ ਦਿਨ ਵਿਦਾਇਗੀ ਪਾਰਟੀ ਦਿੱਤੀ ਗਈ ਜਿਸ ਵਿੱਚ ਸਮੂਹ ਸਟਾਫ ਮੈਂਬਰ ਬਲਾਕ ਸਪੋਰਟਸ ਅਫਸਰ ਸ੍ਰੀਮਤੀ ਰਵਿੰਦਰ ਕੌਰ, ਸ. ਪਰਮਿੰਦਰ ਸਿੰਘ ,ਸ. ਹਰਮਿੰਦਰ ਸਿੰਘ ,ਮੈਡਮ ਪਰਮਜੀਤ ਕੌਰ ,ਸ੍ਰੀ ਰਾਕੇਸ਼ ਕੁਮਾਰ,ਮੈਡਮ ਸਸੀ ਬਾਲਾ, ਸੀ ਐਚ ਟੀ ਭੁਪਿੰਦਰ ਸਿੰਘ,ਅਨਿਲ ਕੁਮਾਰ, ਰਾਜਵਿੰਦਰ ਕੌਰ,ਨਾਰੰਗ ਸਿੰਘ, ਰਘੁਵੀਰ ਸਿੰਘ, ਹਰਜਿੰਦਰ ਸਿੰਘ ,ਗੁਰਤੇਜ ਸਿੰਘ, ਬੀ ਐਮ ਟੀ ਪ੍ਰਦੀਪ ਕੁਮਾਰ ਸ਼ਰਮਾ ਅਤੇ ਰਾਜੇਸ਼ ਕੁਮਾਰ ਅਤੇ ਦਰਸ਼ਨ ਸਿੰਘ ਸ਼ਾਮਿਲ ਸਨ।

## ਰਿਸ਼ਵਤ ਲੈਣ ਦੇ ਦੋਸ਼ 'ਚ ਪੀ.ਐਸ.ਪੀ.ਸੀ.ਐਲ. ਮੀਟਰ ਰੀਡਰ ਵਿਰੁੱਧ ਭ੍ਰਿਸ਼ਟਾਚਾਰ ਦਾ ਕੇਸ ਦਰਜ

**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਪੀ.ਐਸ.ਪੀ.ਸੀ.ਐਲ. ਸਬ-ਡਵੀਜ਼ਨ ਫਿਰੋਜ਼ਪੁਰ ਸ਼ਹਿਰ ਵਿਖੇ ਤਾਇਨਾਤ ਮੀਟਰ ਰੀਡਰ ਨਵਦੀਪ ਸਿੰਘ ਵਿਰੁੱਧ ਬਿਜਲੀ ਖਪਤਕਾਰਾਂ ਨੂੰ ਡਰਾ ਧਮਕਾ ਕੇ ਰਿਸ਼ਵਤ ਲੈਣ ਦੇ ਦੋਸ਼ ਹੇਠ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਵਿਰੁੱਧ ਇਹ ਕੇਸ ਰਘਬੀਰ ਸਿੰਘ ਵਾਸੀ ਕੀਰਤੀ ਨਗਰ, ਫਿਰੋਜ਼ਪੁਰ ਸ਼ਹਿਰ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵਿਖੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਅਧਾਰ 'ਤੇ ਦਰਜ ਕੀਤਾ ਗਿਆ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਹੈ ਕਿ ਉਕਤ ਮੀਟਰ ਰੀਡਰ ਉਸਦੇ ਘਰ 'ਚ ਲੱਗੇ ਬਿਜਲੀ ਮੀਟਰ ਵਿੱਚ ਖਰਾਬੀ ਹੋਣ ਦਾ ਡਰਾਵਾ ਦੇ ਕੇ ਉਸ ਤੋਂ ਰਿਸ਼ਵਤ ਦੀ ਮੰਗ ਕਰ ਰਿਹਾ ਸੀ। ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਾਇਆ ਕਿ ਉਕਤ ਦੋਸ਼ੀ ਪਹਿਲਾਂ ਵੀ ਇਸ ਸਬੰਧੀ ਉਸ ਤੋਂ ਅਤੇ ਉਸ ਦੀ ਭਰਜਾਈ ਤੋਂ ਕ੍ਰਮਵਾਰ 2,000 ਅਤੇ 5,000 ਰੁਪਏ ਰਿਸ਼ਵਤ ਲੈ ਚੁੱਕਾ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਇਸ ਸਬੰਧੀ ਪੀ.ਐਸ.ਪੀ.ਸੀ.ਐਲ. ਦੇ ਸਬੰਧਤ ਐਸ.ਡੀ.ਓ ਨੂੰ ਵੀ ਵਿਸਥਾਰ ਸਹਿਤ ਸ਼ਿਕਾਇਤ ਕੀਤੀ ,ਪਰ ਉਸ ਦੀਆਂ ਸ਼ਿਕਾਇਤਾਂ ਦੇ ਨਿਵਾਰਨ ਲਈ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ। ਸ਼ਿਕਾਇਤਕਰਤਾ ਦੀ ਭਤੀਜੀ ਵੱਲੋਂ ਰਿਸ਼ਵਤ ਦੀ ਮੰਗ ਕਰ ਕਰੇ ਉਕਤ ਮੀਟਰ ਰੀਟਰ ਦੀ ਗੱਲਬਾਤ ਦੀ ਰਿਕਾਰਡਿੰਗ ਵੀ ਬਣਾਈ ਗਈ ਸੀ, ਜੋ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਪੇਸ਼ ਕਰ ਦਿੱਤੀ ਗਈ।

ਇਸ ਸਬੰਧੀ ਵੀ.ਬੀ ਰੇਂਜ ਫਿਰੋਜ਼ਪੁਰ ਨੇ ਸ਼ਿਕਾਇਤ ਦੀ ਪੜਤਾਲ ਕੀਤੀ ਦੋਸ਼ਾਂ ਨੂੰ ਸਹੀ- ਵ- ਦਰੁਸਤ ਪਾਇਆ। ਇਸ ਰਿਪੋਰਟ ਦੇ ਆਧਾਰ 'ਤੇ ਉਕਤ ਮੁਲਜ਼ਮ ਖਿਲਾਫ ਵਿਜੀਲੈਂਸ ਬਿਊਰੋ ਦੇ ਥਾਣਾ ਫਿਰੋਜ਼ਪੁਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਅਗਲੇਰੀ ਜਾਂਚ ਜਾਰੀ ਹੈ।

# ਨਹਿਰੀ ਵਿਭਾਗ ਨੇ ਹੁਣ ਤੱਕ 150 ਕਰੋੜ ਤੋਂ ਵੱਧ ਜ਼ਿਲ੍ਹਾ ਬਰਨਾਲਾ ਦੇ ਵਿਕਾਸ ਕਾਰਜਾਂ 'ਚ ਲਗਾਏ ਮੀਤ ਹੇਅਰ



**ਬਰਨਾਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਹਿਰੀ ਵਿਭਾਗ ਵੱਲੋਂ ਜ਼ਿਲ੍ਹਾ ਬਰਨਾਲਾ ਵਿਖੇ 150 ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ, ਜਿਸ ਵਿੱਚ ਮੋਘਿਆਂ ਦਾ ਕੰਮ, ਨਿਹਰੀ ਪਾਣੀ ਜ਼ਮੀਨ ਦੋਜ਼ ਪਾਈਪਾਂ ਰਾਹੀਂ ਖੇਤਾ ਤੱਕ ਲੈ ਕੇ ਜਾਣ ਦਾ ਪ੍ਰਬੰਧ ਕਰਨਾ ਆਦਿ ਸ਼ਾਮਲ ਹਨ। ਇਸ ਗੱਲ ਦਾ ਪ੍ਰਗਟਾਵਾ ਸ ਗੁਰਮੀਤ ਸਿੰਘ ਮੀਤ ਹੇਅਰ, ਖੇਡ ਮੰਤਰੀ ਪੰਜਾਬ ਨੇ ਅੱਜ ਵਾਰਡ ਨੰਬਰ 31 ਚ ਇੰਟਰ ਲਾਕਿੰਗ ਟਾਇਲਾਂ ਦਾ ਕੰਮ ਸ਼ੁਰੂਆਤ ਕਰਨ ਮੌਕੇ ਕੀਤਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਜ਼ਿਲ੍ਹਾ ਬਰਨਾਲਾ ਚ ਕਈ ਵਿਕਾਸ ਕਾਰਜ ਕੀਤੇ ਜਾ ਰਹੇ ਹਨ, ਜਿਨ੍ਹਾਂ ਦੀ ਲੋਕਾਂ ਵੱਲੋਂ ਚਿਰਾਂ ਤੋਂ ਮੰਗ ਸੀ। ਉਨ੍ਹਾਂ ਕਿਹਾ ਕਿ ਬਰਨਾਲਾ ਦੇ ਪਿੰਡਾਂ ਵਿੱਚ ਛੱਪੜਾਂ ਨੂੰ ਥਾਪਰ ਮਾਡਲ ਉੱਤੇ ਅਧਾਰਿਤ ਨਵਿਆਉਣ ਦਾ ਕੰਮ ਕੀਤਾ ਜਾ ਰਿਹਾ ਹੈ ਤਾਂ ਜੋ ਪਿੰਡ ਵਾਸੀਆਂ ਨੂੰ ਗੰਦੇ ਪਾਣੀ ਦੀ ਸਮੱਸਿਆ ਤੋਂ ਛੁਟਕਾਰਾ ਮਿਲ ਸਕੇ। ਵਧੇਰੀ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ ਬਰਨਾਲਾ ਨੂੰ 25 ਕਰੋੜ ਰੁਪਏ ਦੀ ਗ੍ਰਾਂਟ ਪੰਜਾਬ ਸਰਕਾਰ ਵੱਲੋਂ ਦਿੱਤੀ ਜਾਣੀ ਹੈ, ਜਿਸ ਸਬੰਧੀ ਵਿਉਂਤਬੰਦੀ ਕੀਤੀ ਜਾ ਰਹੀ ਹੈ। ਇਸ ਗ੍ਰਾਂਟ ਨਾਲ ਹਸਪਤਾਲ ਵਿਖੇ ਮਰੀਜ਼ਾਂ ਨੂੰ ਮਿਆਰੀ ਸਿਹਤ ਸਹੂਲਤਾਂ ਮਿਲਣਗੀਆਂ। ਮੰਤਰੀ ਸ ਗੁਰਮੀਤ ਸਿੰਘ ਮੀਤ ਹੇਅਰ ਨੇ ਵਾਰਡ ਨੰਬਰ 31 ਚ 44 ਲੱਖ ਰੁਪਏ ਅਤੇ ਵਾਰਡ ਨੰਬਰ 15 ਚ 35 ਲੱਖ ਰੁਪਏ ਦੀ ਲਾਗਤ ਨਾਲ ਕਰਵਾਏ ਜਾਣ ਵਾਲੇ ਇੰਟਰ ਲਾਕਿੰਗ ਟਾਇਲਾਂ ਦੇ ਕੰਮਾਂ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਕਿਹਾ ਕਿ ਇਨ੍ਹਾਂ ਵਾਰਡਾਂ ਦੀਆਂ ਗਲੀਆਂ ਚ ਟਾਇਲਾਂ ਦਾ ਕੰਮ ਸਮੇਂ-ਸਿਰ ਅਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਹਮੇਸ਼ਾ ਹੀ ਲੋੜਵੰਦ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਜਿਥੇ ਸਰਕਾਰ ਨੇ 300 ਯੂਨਿਟ ਮੁਫ਼ਤ ਬਿਜਲੀ ਦੇ ਕੇ ਆਮ ਆਦਮੀ ਦੇ ਬੋਝ ਨੂੰ ਘਟਾਇਆ ਹੈ ਉਥੇ ਨਾਲ ਹੀ ਸਰਕਾਰ ਵੱਲੋਂ ਲੋਕਾਂ ਲਈ ਨਿਰੰਤਰ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਬਰਨਾਲਾ ਦੇ 400 ਸਫਾਈ ਕਰਮਚਾਰੀਆਂ ਦੀਆਂ ਪਿਛਲੇ ਕਈ ਸਾਲਾਂ ਦੀ ਮੰਗ ਪੂਰੀ ਕਰਦੇ ਹੋਏ ਉਨ੍ਹਾਂ ਨੂੰ ਠੇਕੇ ਉੱਤੇ ਭਰਤੀ ਕੀਤਾ ਗਿਆ ਹੈ। ਇਸ ਮੌਕੇ ਸ੍ਰੀ ਰਾਮ ਤੀਰਥ ਮੰਨਾ ਚੇਅਰਮੈਨ ਨਗਰ ਸੁਧਾਰ ਟਰੱਸਟ, ਓ ਐੱਸ ਡੀ ਸ੍ਰੀ ਹਸਨਪ੍ਰੀਤ ਭਾਰਦਵਾਜ, ਸਹਾਇਕ ਕਮਿਸ਼ਨਰ ਸ ਸੁਖਪਾਲ ਸਿੰਘ, ਕਾਰਜ ਸਾਧਕ ਅਫਸਰ ਨਗਰ ਕੌਂਸਲ ਬਰਨਾਲਾ ਸ੍ਰੀ ਵਿਸ਼ਾਲ ਦੀਪ, ਸ ਰੁਪਿੰਦਰ ਬੰਟੀ, ਕੌਂਸਲਰ ਸ਼੍ਰੀਮਤੀ ਦੀਪ ਮਾਲਾ, ਸ਼੍ਰੀਮਤੀ ਸਰੋਜ ਰਾਣੀ ਹਾਜ਼ਰ ਸਨ।

# ਸਰਕਾਰ ਦੇ ਗਲਤ ਫੈਸਲੇ ਨਾਲ ਬੱਚੇ ਠੰਢੀਆਂ ਪੂੜੀਆਂ ਖਾਣ ਲਈ ਹੋਏ ਮਜਬੂਰ



**ਸਮਾਣਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਦਿਨੀਂ ਭਗਵੰਤ ਮਾਨ ਸਰਕਾਰ ਨੇ ਸਕੂਲਾਂ ਵਿੱਚ ਚੱਲ ਰਹੇ ਮਿਡ ਡੇ ਮੀਲ ਵਿੱਚ ਹਰ ਬੁੱਧਵਾਰ ਨੂੰ ਬੱਚਿਆਂ ਲਈ ਪੂੜੀਆਂ ਛੋਲੇ ਬਣਾਉਣ ਦਾ ਫ਼ੈਸਲਾ ਕਰ ਦਿੱਤਾ ਹੈ। ਇਸ ਫ਼ੈਸਲੇ ਦੇ ਨਾਲ ਅਧਿਆਪਕਾਂ ਵਿੱਚ ਵੱਡੇ ਪੱਧਰ ਤੇ ਨਿਰਾਸ਼ਾ ਤੇ ਬੈਚੇਨੀ ਪਾਈ ਜਾ ਰਹੀ ਹੈ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਇਕਾਈ ਪਟਿਆਲਾ ਦੇ ਜ਼ਿਲ੍ਹਾ ਪ੍ਰਧਾਨ ਪੁਸ਼ਪਿੰਦਰ ਸਿੰਘ ਹਰਪਾਲਪੁਰ ਨੇ ਕਿਹਾ ਕਿ ਸਰਕਾਰ ਦਾ ਇਹ ਫੈਸਲਾ ਅਧਿਆਪਕਾਂ ਵਿੱਚ ਬੈਚੇਨੀ ਦਾ ਮਾਹੌਲ ਪੈਦਾ ਕਰ ਰਿਹਾ ਹੈ। ਬੱਚਿਆਂ ਨੂੰ ਗਰਮਾ ਗਰਮ ਪੂੜੀਆਂ ਖਵਾਉਣ ਲਈ ਸਾਰਾ ਦਿਨ ਇਸ ਕੰਮ ਵਿੱਚ ਲੰਘ ਜਾਂਦਾ ਹੈ ਤੇ ਸਕੂਲ ਵਿੱਚ ਪੜ੍ਹਾਈ ਦਾ ਮਾਹੌਲ ਨਹੀਂ ਬਣਦਾ। ਘੱਟ ਸਮੇਂ ਵਿੱਚ ਜ਼ਿਆਦਾ ਗਿਣਤੀ ਵਾਲੇ ਸਕੂਲਾਂ ਵਿੱਚ ਗਰਮਾ ਗਰਮ ਪੂੜੀਆਂ ਨਹੀਂ ਦਿੱਤੀਆਂ ਜਾ ਸਕਦੀਆਂ ਤੇ ਠੰਡੀਆਂ ਪੂੜੀਆਂ ਬੱਚਿਆਂ ਲਈ ਬਿਮਾਰੀ ਦਾ ਕਾਰਨ ਬਣ ਰਹੀਆਂ ਹਨ।

ਉਹਨਾਂ ਕਿਹਾ ਬਿਨਾਂ ਕੁਕਿੰਗ ਕੋਸਟ ਵਧਾਏ ਸਰਕਾਰ ਨੇ ਅਧਿਆਪਕਾਂ ਉੱਪਰ ਵਿੱਤੀ ਬੋਝ ਵੀ ਪਾ ਦਿੱਤਾ ਹੈ। ਪਰਮਜੀਤ ਸਿੰਘ ਪਟਿਆਲਾ , ਜਸਵਿੰਦਰ ਸਿੰਘ ਸਮਾਣਾ , ਸੰਦੀਪ ਰਾਜਪੁਰਾ ਨੇ ਕਿਹਾ ਕਿ ਸਰਕਾਰ ਨੇ ਪੂੜੀਆਂ ਬਣਾਉਣ ਲਈ ਸਕੂਲਾਂ ਵਿੱਚ ਕੜਾਹੀ ਛਾਣਨੀ ਤੇ ਹੋਰ ਸਮਾਨ ਲਈ ਪਹਿਲਾਂ ਕੋਈ ਗਰਾਂਟ ਨਹੀ ਭੇਜੀ ਅਤੇ ਇਹ ਸਾਰਾ ਸਮਾਨ ਖਰੀਦਣ ਲਈ ਅਧਿਆਪਕ ਆਪਣੀਆ ਜੇਬਾਂ ਵਿਚੋਂ ਖਰਚ ਕਰ ਰਹੇ ਹਨ।

ਉਹਨਾਂ ਕਿਹਾ ਬਦਲਾਅ ਦੇ ਨਾਮ ਤੇ ਬਣੀ ਸਰਕਾਰ ਇਹ ਕਿਦਾ ਦਾ ਬਦਲਾਅ ਲੈ ਕੇ ਆਈ ਰਹੀ ਹੈ ਕਿ ਸਾਰਾ ਸਾਰਾ ਦਿਨ ਸਕੂਲਾਂ ਵਿੱਚ ਪੜ੍ਹਾਈ ਨਾ ਹੋਵੇ ਅਧਿਆਪਕ ਹੋਰ ਹੀ ਕੰਮਾਂ ਵਿੱਚ ਲੱਗੇ ਰਹਿਣ। ਹਿੰਮਤ ਸਿੰਘ, ਸ਼ਿਵਪ੍ਰੀਤ ਸਿੰਘ ਪਟਿਆਲਾ , ਟਹਿਲਬੀਰ ਸਿੰਘ ,ਹਰਪ੍ਰੀਤ ਉੱਪਲ, ਜਗਪ੍ਰੀਤ ਸਿੰਘ ਭਾਟੀਆ, ਕੰਵਲ ਨੈਣ ਸਮਾਣਾ ,ਸੁਖਵਿੰਦਰ ਸਿੰਘ ਨਾਭਾ, ਮਨਜਿੰਦਰ ਸਿੰਘ ਗੋਲਡੀ ਤੇ ਭੁਪਿੰਦਰ ਸਿੰਘ ਕੌੜਾ ਨੇ ਕਿਹਾ ਕਿ ਸਰਕਾਰ ਨੂੰ ਇਹ ਫੈਸਲਾ ਵਾਪਸ ਲੈਣਾ ਚਾਹੀਦਾ ਹੈ ਤਾਂ ਜੋਂ ਸਕੂਲਾਂ ਵਿੱਚ ਪੜ੍ਹਾਈ ਦਾ ਮਾਹੌਲ ਬਣਿਆ ਰਹਿ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭੀਮ ਸਿੰਘ, ਵਿਕਾਸ ਸਹਿਗਲ, ਜੁਗਪ੍ਰਗਟ ਸਿੰਘ, ਹਰਵਿੰਦਰ ਸੰਧੂ, ਗੁਰਵਿੰਦਰ ਸਿੰਘ ਖੰਗੂੜਾ, ਗੁਰਵਿੰਦਰ ਪਾਲ ਸਿੰਘ, ਸੁਰੇਸ਼ ਕੁਮਾਰ, ਸੁਸ਼ੀਲ ਕੁਮਾਰ, ਗੁਰਪ੍ਰੀਤ ਸਿੱਧੂ, ਦੀਦਾਰ ਸਿੰਘ, ਹਰਪ੍ਰੀਤ ਸਿੰਘ, ਸੰਦੀਪ ਸ਼ਰਮਾ, ਜਤਿੰਦਰ ਵਰਮਾ, ਜਸਵੰਤ ਸਿੰਘ ਨਾਭਾ ਅਧਿਆਪਕ ਹਾਜ਼ਰ ਸਨ।

# ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਬੀਬੀਆਂ ਲਈ ਨਵੇਂ ਇਸ਼ਨਾਨ ਘਰ ਦੀ ਸੇਵਾ ਆਰੰਭੀ

**ਗੁਰਦੁਆਰਾ ਪ੍ਰਬੰਧ ਅਧੀਨ ਕੀਤੇ ਜਾ ਰਹੇ ਇਤਿਹਾਸਕ ਕਾਰਜਾਂ ਨੂੰ ਜਲਦ ਕਰਾਂਗੇ ਮੁਕੰਮਲ : ਬਾਬਾ ਇੰਦਰ ਸਿੰਘ ਕਾਰ ਸੇਵਾ ਵਾਲੇ**

**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਬੀਬੀਆਂ ਲਈ ਨਵੇਂ ਬਣਨ ਜਾ ਰਹੇ ਇਸ਼ਨਾਨ ਘਰ ਦੀ ਸੇਵਾ ਅਰਦਾਸ ਉਪਰੰਤ ਆਰੰਭ ਕੀਤੀ ਗਈ। ਗੁਰਦੁਆਰਾ ਸਾਹਿਬ ਵਿਖੇ ਬੀਬੀਆਂ ਲਈ ਨਵੇਂ ਇਸ਼ਨਾਨ ਘਰ ਦੀ ਕਾਰ ਸੇਵਾ ਦੇ ਲੈਂਟਰ ਪਾ ਕੇ ਮੁਕੰਮਲ ਕਰਨ ਦੇ ਕਾਰਜ ਦੀ ਸ਼ੁਰੂਆਤ ਬਾਬਾ ਇੰਦਰ ਸਿੰਘ ਕਾਰ ਸੇਵਾ ਵਾਲਿਆਂ ਦੀ ਯੋਗ ਅਗਵਾਈ ਵਿਚ ਹੋਈ। ਇਸ ਮੌਕੇ ਭਾਈ ਗੁਲਵਿੰਦਰ ਸਿੰਘ ਵੱਲੋਂ ਕੀਤੀ ਅਰਦਾਸ ਉਪਰੰਤ ਨਵੇਂ ਬਣਨ ਵਾਲੇ ਇਸ਼ਨਾਨ ਘਰ ਦੇ ਲੈਂਟਰ ਪਾਉਣ ਦੀ ਸ਼ੁਰੂਆਤ ਕੀਤੀ ਗਈ। ਇਸ ਦੌਰਾਨ ਗੁਰਦੁਆਰਾ ਪ੍ਰਬੰਧਕ ਮੈਨੇਜਰ ਕਰਨੈਲ



ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਨਵੇਂ ਬਣਨ ਜਾ ਰਹੇ ਇਸ਼ਨਾਨ ਘਰ 'ਤੇ ਪਾਏ ਜਾਣ ਵਾਲੇ ਲੈਂਟਰ ਦੌਰਾਨ ਗੁਰਦੁਆਰਾ ਪ੍ਰਬੰਧਕ ਮੈਨੇਜਰ ਕਰਨੈਲ ਸਿੰਘ, ਬਾਬਾ ਇੰਦਰ ਸਿੰਘ ਕਾਰ ਸੇਵਾ ਵਾਲੇ।

ਸਿੰਘ ਵਿਰਕ ਨੇ ਦੱਸਿਆ ਕਿ ਗੁਰਦੁਆਰਾ ਪ੍ਰਬੰਧ ਅਧੀਨ ਸਾਲ 2024 ਵਿਚ ਇਤਿਹਾਸਕ ਕਾਰਜਾਂ ਨੂੰ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਦੀ ਯੋਗ ਅਗਵਾਈ ਵਿਚ ਮੁਕੰਮਲ ਕੀਤਾ ਜਾਵੇਗਾ, ਜਿਨ੍ਹਾਂ ਵਿਚ ਇਕ ਕਾਰਜ ਬੀਬੀਆਂ ਲਈ ਨਵੇਂ ਇਸ਼ਨਾਨ ਘਰ ਵਿਚ ਸਨ। ਉਨ੍ਹਾਂ ਦੱਸਿਆ ਕਿ ਬਸੰਤ ਪੰਚਮੀ ਦੇ ਸਾਲਾਨਾ ਜੋੜ ਮੇਲ ਦੌਰਾਨ ਸੰਗਤਾਂ ਦੀ ਵੱਡੀ ਗਿਣਤੀ ਵਿਚ ਆਮਦ ਹੁੰਦੀ ਇਸ ਕਰਕੇ ਸਾਲਾਨਾ ਜੋੜ ਮੇਲੇ ਤੋਂ ਪਹਿਲਾਂ ਇਸ਼ਨਾਨ ਘਰ ਦਾ ਕਾਰਜ ਮੁਕੰਮਲ ਕਰ ਲਿਆ ਜਾਵੇਗਾ। ਇਸ ਉਪਰੰਤ ਗੱਲਬਾਤ ਕਰਦਿਆਂ ਬਾਬਾ ਇੰਦਰ ਸਿੰਘ ਕਾਰ ਸੇਵਾ ਵਾਲਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਪ੍ਰਬੰਧ ਅਧੀਨ ਕਾਰਜਾਂ ਨੂੰ ਮੁਕੰਮਲ ਕਰਨ ਦੀ ਸੇਵਾ ਸੌਂਪੀ ਗਈ, ਜਿਨ੍ਹਾਂ ਨੂੰ ਸਮੇਂ ਸਿਰ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਦੀ ਯੋਗ ਅਗਵਾਈ ਵਿਚ ਚੱਲ ਰਹੇ ਕਾਰਜਾਂ ਵਿਚ ਸੰਗਤਾਂ ਆਪਣਾ ਵੱਡਮੁੱਲਾ ਯੋਗਦਾਨ ਪਾਉਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੀਤ ਮੈਨੇਜਰ ਜਰਨੈਲ ਸਿੰਘ ਮਕਰੌੜ ਸਾਹਿਬ, ਮਨਦੀਪ ਸਿੰਘ ਭਲਵਾਨ, ਅਕਾਊਂਟੈਂਟ ਵਰਿੰਦਰ ਸਿੰਘ ਗੋਲਡੀ, ਸਰਬਜੀਤ ਸਿੰਘ, ਗੁਰਤੇਜ ਸਿੰਘ, ਹਰਵਿੰਦਰ ਸਿੰਘ ਕਾਹਲਵਾਂ, ਮਨਦੀਪ ਸਿੰਘ, ਜਸਵਿੰਦਰਪਾਲ ਸਿੰਘ ਬਿੱਲਾ, ਲਖਵਿੰਦਰ ਸਿੰਘ ਲੱਖਾ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਅਧਿਕਾਰੀ ਤੇ ਸਟਾਫ ਮੈਂਬਰ ਆਦਿ ਸ਼ਾਮਲ ਸਨ।

# ਨਸ਼ਿਆਂ ਦੇ ਖਾਤਮੇ ਲਈ ਖੇਡਾਂ ਕਾਰਗਰ ਹਥਿਆਰ: ਹਰਚੰਦ ਸਿੰਘ ਬਰਸਟ

## ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਇੰਟਰ ਸਕੂਲ ਅਥਲੈਟਿਕ ਚੈਂਪੀਅਨਸ਼ਿਪ ਵਿੱਚ ਵਿਦਿਆਰਥੀਆਂ ਨੂੰ ਵੱਧ ਚੜ ਕੇ ਹਿੱਸਾ ਲੈਣ ਦੀ ਕੀਤੀ ਅਪੀਲ

**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ੇ ਦੇ ਖਾਤਮੇ ਲਈ ਖੇਡਾਂ ਸਭ ਤੋਂ ਕਾਰਗਰ ਹਥਿਆਰ ਸਾਬਤ ਹੋ ਸਕਦੀਆਂ ਹਨ। ਇਸ ਲਈ ਹਰ ਵਿਦਿਆਰਥੀ ਨੂੰ ਖੇਡਾਂ ਦੇ ਖੇਤਰ ਵਿੱਚ ਵੱਧ ਚੜ ਕੇ ਹਿੱਸਾ ਲੈਣਾ ਚਾਹੀਦਾ ਹੈ। ਇਸਦੇ ਨਾਲ ਜਿੱਥੇ ਸਾਰੇ ਤੰਦਰੁਸਤ ਰਹਿਣਗੇ, ਉੱਥੇ ਹੀ ਇੱਕ ਖੁਸ਼ਹਾਲ ਸਮਾਜ ਦਾ ਵੀ ਨਿਰਮਾਣ ਹੋਵੇਗਾ। ਇਹਨਾਂ ਗੱਲਾਂ ਦਾ ਪ੍ਰਗਟਾਵਾ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਸ੍ਰੀ ਬਾਲਾਜੀ ਲਿਟਰੇਰੀ ਅਤੇ ਚੈਰੀਟੇਬਲ ਸੁਸਾਇਟੀ ਪਟਿਆਲਾ ਵਿਖੇ ਨਸ਼ਾ ਕਰੇ ਵਿਨਾਸ਼, ਖੇਲ ਕਰੇ ਵਿਕਾਸ ਥੀਮ ਤਹਿਤ ਕਰਵਾਏ ਇੰਟਰ ਸਕੂਲ ਅਥਲੈਟਿਕ ਚੈਂਪੀਅਨਸ਼ਿਪ ਵਿੱਚ ਬਤੌਰ ਮੁੱਖ ਮਹਿਮਾਨ ਵਜੋਂ ਪਹੁੰਚ ਕੇ ਆਪਣੇ ਸੰਬੋਧਨ ਵਿੱਚ ਕੀਤਾ।



ਸ. ਬਰਸਟ ਨੇ ਕਿਹਾ ਕਿ ਨੌਜਵਾਨ ਸਿੱਖਿਅਤ ਅਤੇ ਖੇਡਾਂ ਵਿੱਚ ਹਿੱਸਾ ਲੈ ਕੇ ਹੀ ਆਪਣੇ ਜੀਵਨ ਵਿੱਚ ਇੱਕ ਕਾਮਯਾਬ ਮਨੁੱਖ ਬਣ ਸਕਦੇ ਹਨ। ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਲਈ ਢੁਕਵਾਂ ਮਾਹੌਲ ਦਿੱਤਾ ਜਾ ਰਿਹਾ ਹੈ। ਇਸ ਲਈ ਜਿੱਥੇ ਸੂਬੇ ਦੇ ਸਾਰੇ ਜ਼ਿਲਿਆਂ ਵਿੱਚ ਖੇਡ ਨਰਸਰੀਆਂ ਨੂੰ ਵਿਕਸਿਤ ਕੀਤਾ ਜਾ ਰਿਹਾ ਹੈ। ਉੱਥੇ ਹੀ ਨੌਜਵਾਨਾਂ ਨੂੰ ਵੀ ਖੇਡਾਂ ਦੇ ਖੇਤਰ ਵਿੱਚ ਵੱਧ ਚੜ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਖੇਡਾਂ ਵਿੱਚ ਏਸ਼ੀਅਨ ਅਤੇ ਓਲੰਪਿਕ ਪੱਧਰ ਦੇ ਮੁਕਾਬਲੇ ਦੀਆਂ ਤਿਆਰੀਆਂ ਕਰਨ ਵਾਲੇ ਖਿਡਾਰੀਆਂ ਨੂੰ ਲੋੜੀਦਾ ਫੰਡ ਮੁਹਈਆ ਕਰਵਾਇਆ ਜਾ ਰਿਹਾ ਹੈ ਅਤੇ ਜੇਤੂ ਖਿਡਾਰੀਆਂ ਨੂੰ ਵੀ ਸਰਕਾਰ ਵੱਲੋਂ ਵਿਸ਼ੇਸ਼ ਗਰਾਂਟ ਦਿੱਤੀ ਜਾ ਰਹੀ ਹੈ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਨਸ਼ਿਆਂ ਨੂੰ ਜੜ ਤੋਂ ਖਤਮ ਕਰਨ ਲਈ ਪੁਰਜ਼ੋਰ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵਿੱਚੋਂ ਬਾਹਰ ਕੱਢ ਕੇ ਸਹੀ ਪਾਸੇ ਲਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਮੰਡੀ ਬੋਰਡ ਵੱਲੋਂ ਵੀ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਸੂਬਾ ਸਰਕਾਰ ਦਾ ਸਹਿਯੋਗ ਕੀਤਾ ਜਾ ਰਿਹਾ ਹੈ। ਇਸਦੇ ਚਲਦਿਆਂ ਪੰਜਾਬ ਮੰਡੀ ਬੋਰਡ ਵੱਲੋਂ ਆਫ ਸੀਜ਼ਨ ਵਿੱਚ ਮੰਡੀਆਂ ਵਿਖੇ ਵਿਦਿਆਰਥੀਆਂ ਨੂੰ ਖੇਡਾਂ ਦੀ ਸਿਖਲਾਈ ਦੇਣ ਲਈ ਪੰਜਾਬ ਦੇ ਖੇਡ ਵਿਭਾਗ ਨੂੰ ਪੱਤਰ ਲਿਖ ਕੇ ਪੇਸ਼ਕਸ਼ ਕੀਤੀ ਗਈ ਹੈ। ਇਸਦੇ ਸਦਕਾ ਜਿਲਾ ਮੰਡੀ ਅਫਸਰ ਬਠਿੰਡਾ ਵਲੋਂ ਪਹਿਲ ਕਰਦੇ ਹੋਏ ਮਾਰਕੀਟ ਕਮੇਟੀ ਰਾਮਪੁਰਾ ਫੂਲ ਮੰਡੀ ਦੇ ਫੜ ਉੱਪਰ ਛੋਟੇ ਬੱਚਿਆਂ ਲਈ ਸਕੇਟਿੰਗ ਗੇਮ ਦੀ ਸਿਖਲਾਈ ਵੀ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਸਮਾਜ ਦੇ ਵੱਖ-ਵੱਖ ਵਰਗਾਂ ਦੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਨਸ਼ਿਆਂ ਦੇ ਖਾਤਮੇ ਲਈ ਵੱਧ ਚੜ ਕੇ ਅੱਗੇ ਆਉਣ ਅਤੇ ਸਰਕਾਰ ਦੇ ਲੋਕ ਪੱਖੀ ਕੰਮ ਵਿੱਚ ਬਣਦਾ ਸਹਿਯੋਗ ਕਰਨ। ਮੁੱਖ ਮਹਿਮਾਨ ਵੱਲੋਂ ਜੇਤੂ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਚਿਨ ਸ਼ਰਮਾ, ਸਾਬਕਾ ਚੇਅਰਮੈਨ ਗਊ ਸੇਵਾ ਕਮਿਸ਼ਨ, ਡਾ. ਸੰਜਨ ਸਿੰਘ, ਕੈਂਪਸ ਡਾਇਰੈਕਟਰ ਅਤੇ ਸਮੂਹ ਸਟਾਫ ਮੈਂਬਰ ਮੌਜੂਦ ਰਹੇ।

# ਪਟਿਆਲਾ ਵਿੱਚ 'ਸੜਕ ਸੁਰੱਖਿਆ ਫੋਰਸ' ਨੇ ਮੋਰਚੇ ਸੰਭਾਲੇ

**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੜਕ ਹਾਦਸਿਆਂ ਦੇ ਜ਼ਖਮੀਆਂ ਦੀ ਤੁਰੰਤ ਸਾਂਭ ਸੰਭਾਲ਼ ਲਈ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਉਚੇਚੇ ਤੌਰ 'ਤੇ ਗਠਿਤ ਕੀਤੀ ਗਈ 'ਸੜਕ ਸੁਰੱਖਿਆ ਫੋਰਸ' ਵੱਲੋਂ ਪੰਜਾਬ ਭਰ 'ਚ ਮੋਰਚੇ ਸੰਭਾਲ਼ਣੇ ਸ਼ੁਰੂ ਕਰ ਦਿੱਤੇ ਗਏ ਹਨ। ਇਸੇ ਕੜੀ ਵਜੋਂ ਪਟਿਆਲਾ ਦੇ ਡੀਆਈਜੀ ਹਰਚਰਨ ਭੁੱਲਰ ਦੀ ਦੇਖ-ਰੇਖ ਅਤੇ ਐੱਸਐੱਸਪੀ ਵਰੁਣ ਸ਼ਰਮਾ ਦੀ ਅਗਵਾਈ ਹੇਠਾਂ ਪਟਿਆਲਾ ਜ਼ਿਲ੍ਹੇ ਵਿੱਚ ਵੀ ਅੱਜ ਪਹਿਲੀ ਖੇਪ ਵਜੋਂ ਪੁਲੀਸ ਹੈਡਕੁਆਰਟਰ ਤੋਂ ਭੇਜੀਆਂ ਗਈਆਂ ਪੰਜ ਗੱਡੀਆਂ ਰਵਾਨਾ ਕੀਤੀਆਂ ਗਈਆਂ ਜੋ ਚੌਵੀ ਘੰਟੇ ਸੜਕਾਂ 'ਤੇ ਮੌਜੂਦ ਰਹਿਣਗੀਆਂ। ਪਟਿਆਲਾ ਦੇ ਡੀਐੱਸਪੀ (ਟਰੈਫਿਕ) ਕਰਨੈਲ ਸਿੰਘ ਨੂੰ ਨਵੀਂ ਗਠਿਤ ਇਸ ਫੋਰਸ ਦਾ ਨੋਡਲ ਅਫਸਰ ਲਾਇਆ ਗਿਆ ਹੈ। ਭਾਵੇਂ ਅਜੇ ਪਟਿਆਲਾ ਨੂੰ ਹੋਰ ਗੱਡੀਆਂ ਵੀ ਮਿਲਣੀਆਂ ਹਨ, ਪਰ ਮੁੱਢਲੇ ਤੌਰ 'ਤੇ ਮਿਲੀਆਂ ਪੰਜ ਗੱਡੀਆਂ 'ਤੇ 60 ਮੁਲਾਜ਼ਮਾਂ ਦੀ ਤਾਇਨਾਤੀ ਹੋਈ ਹੈ। ਹਰੇਕ ਗੱਡੀ 'ਚ ਬਾਰਾਂ ਬਾਰਾਂ ਮੁਲਾਜ਼ਮ ਹੋਣਗੇ, ਜੋ ਅੱਠ ਅੱਠ ਘੰਟੇ ਦੀਆਂ ਤਿੰਨ ਤਿੰਨ ਸ਼ਿਫਟਾਂ 'ਚ ਡਿਊਟੀ ਦੇਣਗੇ। ਇਸ ਫੋਰਸ ਲਈ ਹਾਲ ਹੀ 'ਚ ਤਾਇਨਾਤ ਕੀਤੇ ਗਏ ਮੁਲਾਜ਼ਮਾਂ ਨੂੰ ਡੀਐੱਸਪੀ ਕਰਨੈਲ ਸਿੰਘ ਨੇ ਉਨ੍ਹਾਂ ਦੀ ਡਿਊਟੀ ਬਾਰੇ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਹਰੇਕ ਗੱਡੀ 'ਚ ਮੁੱਢਲੀ ਸਹਾਇਤਾ ਵਾਲੀਆਂ ਕਿੱਟਾਂ ਮੌਜੂਦ ਹਨ। ਇਹ ਮਲਾਜ਼ਮ ਜਲਦੀ ਘਟਨਾ ਸਥਾਨ 'ਤੇ ਪਹੁੰਚ ਕੇ ਜ਼ਖਮੀ/ਜ਼ਖਮੀਆਂ ਨੂੰ ਮੁਢਲੀ ਸਹਾਇਤਾ ਦੇਣਗੇ।



ਪਟਿਆਲਾ ਵਿੱਚ ਤਾਇਨਾਤ ਕੀਤੀ ਗਈ ਸੜਕ ਸੁਰੱਖਿਆ ਫੋਰਸ।

# ਪੰਜ ਸਾਲਾਂ ਤੋ ਚੁੱਲ੍ਹੇ ਦੇ ਦਰਦ ਤੋ ਪ੍ਰੇਸ਼ਾਨ ਬਜ਼ੁਰਗ 40 ਦਿਨਾਂ ਵਿੱਚ ਹੋਏ ਠੀਕ



**ਗੋਨੇਆਣਾ, 5 ਫਰਵਰੀ**
**-ਪ੍ਰੈਸ ਕੀ ਤਾਕਤ ਬਿਊਰ-**

ਭੁੱਚੋ ਮੰਡੀ ਦੇ ਰਹਿਣ ਵਾਲੇ ਮੁਖਤਿਆਰ ਸਿੰਘ ਪਿੱਛਲੇ ਪੰਜ ਸਾਲਾ ਤੋ ਚੁੱਲ੍ਹੇ ਦੇ ਦਰਦ ਨਾਲ ਬਹੁਤ ਪ੍ਰੇਸ਼ਾਨ ਸਨ ਤੇ ਆਪਣੀ ਇੱਕ ਬਾਹ ਤੋ ਕਿੱਲੋ ਭਾਰ ਤੱਕ ਨਹੀ ਚੱਕ ਸਕਦੇ ਸਨ।

ਉਨ੍ਹਾਂ ਦੱਸਿਆ ਕੀ ਬਹੁਤ ਡਾਕਟਰਾਂ ਨੂੰ ਦਿਖਾ ਚੁੱਕੇ ਹਨ ਪਰ ਹਰ ਕੋਈ ਓਪਰੇਸ਼ਨ ਦੱਸ ਦਿੰਦਾ ਹੈ ਫਿਰ ਇੱਕ ਦਿਨ ਉਨ੍ਹਾਂ ਨੂੰ ਸਾਧੂ ਸਿੰਘ ਹਸਪਤਾਲ ਗੋਨਿਆਣਾ ਮੰਡੀ ਬਾਰੇ ਪੱਤਾ ਲੱਗਾ ਤੇ ਹੁਣ ਪਿੱਛਲੇ 40 ਦਿਨਾਂ ਤੋ ਬਜ਼ੁਰਗ ਆਪਣਾ ਇਲਾਜ਼ ਡਾਕਟਰ ਬਲਜਿੰਦਰ ਸਿੰਘ ਕੋਲੋਂ ਕਰਵਾ ਰਿਹਾ ਹੈ ਤੇ ਉਨ੍ਹਾਂ ਨੇ ਕਿਹਾ ਕੀ ਪਹਿਲੇ ਦਿਨ ਤੋ ਫਰਕ ਪੈਣਾ ਸ਼ੁਰੂ ਹੋ ਗਿਆ ਸੀ ਤੇ ਹੁਣ ਉਹ 90 ਫੀਸਦੀ ਠੀਕ ਹਨ ਤੇ ਜਿਸ ਬਾਹ ਤੋ ਕਿੱਲੋ ਭਾਰ ਨਹੀ ਚੱਕ ਸਕਦੇ ਸਨ ਉਸ ਨਾਲ ਹੁਣ ਉਹ 20 ਕਿੱਲੋ ਅਰਾਮ ਨਾਲ ਚੁੱਕ ਲੈਂਦੇ ਹਨ ਮੁਖਤਿਆਰ ਸਿੰਘ ਕਹਿੰਦੇ ਕੋਈ ਇਨਸਾਨ ਰੱਬ ਤਾਂ ਨਹੀਂ ਹੋ ਸਕਦਾ, ਪਰ ਇਕ ਚੰਗੇ ਇਨਸਾਨ ਨੂੰ ਰੱਬ ਦਾ ਰੂਪ ਕਿਹਾ ਜਾ ਸਕਦਾ ਹੈ।

# ਬੱਸ ਹਾਦਸਾ: ਮੁਆਵਜ਼ੇ ਲਈ ਸਕੂਲ ਅੱਗੇ ਧਰਨਾ



ਗੰਗਾ ਇੰਟਰਨੈਸ਼ਨਲ ਸਕੂਲ ਸਾਹਮਣੇ ਧਰਨਾ ਦਿੰਦੇ ਹੋਏ ਕ੍ਰਾਂਤੀਕਾਰੀ ਯੂਨੀਅਨ ਦੇ ਵਰਕਰ।

**ਪਾਤੜਾਂ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਤੇਈਪੁਰ ਦੇ ਇੱਕ ਵਿਅਕਤੀ ਦੀ ਸਕੂਲ ਬੱਸ ਨਾਲ ਹੋਏ ਹਾਦਸੇ ਵਿੱਚ ਹੋਈ ਮੌਤ ਦੇ ਮਾਮਲੇ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪਾਤੜਾਂ ਨੇ ਪਿੰਡ ਢਾਬੀਗੁੱਜਰਾਂ ਨਿੱਜੀ ਸਕੂਲ ਸਾਹਮਣੇ ਧਰਨਾ ਦਿੱਤਾ ਤੇ ਇਕੱਤਰ ਕਿਸਾਨਾਂ ਨੇ ਸਕੂਲ ਮੈਨੇਜਮੈਂਟ ਖ਼ਿਲਾਫ਼ ਨਾਅਰੇਬਾਜ਼ੀ ਕਰ ਕੇ ਯੋਗ ਮੁਆਵਜ਼ੇ ਦੀ ਮੰਗ ਕੀਤੀ। ਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਹਰਭਜਨ ਸਿੰਘ ਬੁੱਟਰ ਨੇ ਕਿਹਾ ਕਿ ਕਰੀਬ ਦੋ ਮਹੀਨੇ ਪਹਿਲਾਂ ਪਿੰਡ ਤੇਈਪੁਰ ਦੇ ਕੁਲਦੀਪ ਸਿੰਘ ਕੋਲ ਗੰਗਾ ਇੰਟਰਨੈਸ਼ਨਲ ਸਕੂਲ ਦੀ ਬੱਸ ਦਾ ਡਰਾਈਵਰ ਕੰਮ ਕਰਵਾਉਣ ਲਈ ਆਇਆ ਸੀ। ਬੱਸ ਦੀ ਰਿਪੇਅਰ ਕਰਕੇ ਜਦੋਂ ਕੁਲਦੀਪ ਸਿੰਘ ਹਟਿਆ ਹੀ ਸੀ ਤਾਂ ਬੱਸ ਡਰਾਈਵਰ ਨੇ ਅਣਗਿਹਲੀ ਵਰਤਦਿਆਂ ਬੱਸ ਕੁਲਦੀਪ ਸਿੰਘ ਉੱਤੇ ਚੜ੍ਹਾ ਦਿੱਤੀ ਤੇ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਉਨ੍ਹਾਂ ਕਿਹਾ ਕਿ ਪਰਿਵਾਰ ਨਿੱਜੀ ਹਸਪਤਾਲ ਵਿੱਚ ਇਲਾਜ ਕਰਾਉਣ ਲਈ ਹਿਸਾਰ ਲੈ ਕੇ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਕਿਸਾਨ ਆਗੂਆਂ ਨੇ ਦੋਸ਼ ਲਗਾਇਆ ਕਿ ਸਕੂਲ ਮੈਨੇਜਮੈਂਟ ਨੇ ਮ੍ਰਿਤਕ ਦੇ ਪਰਿਵਾਰ ਦੀ ਸਾਰ ਨਹੀਂ ਲਈ ਉਨ੍ਹਾਂ ਨੂੰ ਮਜਬੂਰਨ ਸੰਘਰਸ਼ ਦਾ ਰਾਹ ਅਖਤਿਆਰ ਕਰਨਾ ਪਿਆ ਹੈ। ਉਨ੍ਹਾਂ ਸਕੂਲ ਮੈਨੇਜਮੈਂਟ ਅਤੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ 7 ਫਰਵਰੀ ਤੱਕ ਮ੍ਰਿਤਕ ਦੇ ਪਰਿਵਾਰ ਦੀ ਸਾਰ ਨਾ ਲਈ ਤਾਂ ਜਥੇਬੰਦੀ ਪਰਿਵਾਰ ਦੇ ਹੱਕ ਵਿੱਚ ਅਣਮਿਥੇ ਸਮੇਂ ਦਾ ਸੰਘਰਸ਼ ਸ਼ੁਰੂ ਕਰਨ ਲਈ ਮਜਬੂਰ ਹੋਵੇਗੀ। ਇਸ ਮੌਕੇ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਹਰਭਜਨ ਸਿੰਘ ਧੂਹੜ, ਸੁਖਦੇਵ ਸਿੰਘ ਹਰਿਆਊ, ਪ੍ਰੋਫੈਸਰ ਅਮਨਦੀਪ ਸਿੰਘ ਖਨੌਰੀ, ਸਰਪੰਚ ਸੰਦੀਪ ਸਿੰਘ ਤੇਈਪੁਰ ਆਦਿ ਹਾਜ਼ਰ ਸਨ।

# ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ ਲਈ ਜਾਰੀ 25 ਕਰੋੜ ਅਣਵਰਤੇ ਪਏ

## ਪੰਜਾਬ ਸਰਕਾਰ ਵੱਲੋਂ ਕਰੀਬ ਦਸ ਮਹੀਨੇ ਪਹਿਲਾਂ ਜਾਰੀ ਕੀਤੀ ਗਈ ਸੀ ਗਰਾਂਟ

**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

'ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ' ਲਈ ਜਾਰੀ ਕੀਤੀ ਗਈ 25 ਕਰੋੜ ਰੁਪਏ ਦੀ ਗਰਾਂਟ ਪੰਜਾਬ ਸਰਕਾਰ ਕੋਲ ਅਣਵਰਤੀ ਪਈ ਹੈ। ਕਰੀਬ ਦਸ ਮਹੀਨੇ ਬੀਤਣ ਤੋਂ ਬਾਅਦ ਵੀ ਇਹ ਗਰਾਂਟ ਵਰਤਣ ਦੀ ਕਾਰਵਾਈ ਸ਼ੁਰੂ ਨਹੀਂ ਹੋਈ ਹੈ। ਜਲੰਧਰ ਜ਼ਿਮਨੀ ਚੋਣ ਤੋਂ ਪਹਿਲਾਂ 25 ਮਾਰਚ 2023 ਨੂੰ ਡੇਰਾ ਸੱਚਖੰਡ ਬੱਲਾਂ ਨੂੰ 25 ਕਰੋੜ ਦੀ ਗਰਾਂਟ ਜਾਰੀ ਕੀਤੀ ਗਈ ਸੀ ਜੋ ਕਿ 'ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ' 'ਤੇ ਖਰਚ ਕੀਤੀ ਜਾਣੀ ਹੈ। ਪੰਜਾਬ ਸਰਕਾਰ ਨੇ ਜਲੰਧਰ ਪ੍ਰਸ਼ਾਸਨ ਨੂੰ 25 ਕਰੋੜ ਰੁਪਏ ਭੇਜ ਦਿੱਤੇ ਸਨ ਪਰ ਹਾਲੇ ਤੱਕ ਇਹ ਰਕਮ ਵਰਤੀ ਨਹੀਂ ਗਈ ਹੈ। ਆਰਟੀਆਈ ਕਾਰਕੁਨ ਪਰਵਿੰਦਰ ਸਿੰਘ ਕਿੱਤਣਾ ਵੱਲੋਂ ਡਿਪਟੀ ਕਮਿਸ਼ਨਰ ਜਲੰਧਰ ਤੋਂ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਹਾਸਲ ਕੀਤੀ ਗਈ ਜਾਣਕਾਰੀ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਨੇ 25 ਕਰੋੜ ਦੀ ਇਹ ਰਾਸ਼ੀ ਉੱਚ ਅਧਿਕਾਰੀਆਂ ਵੱਲੋਂ ਤਜਵੀਜ਼ਾਂ ਦਿੱਤੇ ਜਾਣ ਮਗਰੋਂ ਜਾਰੀ ਕਰਨੀ ਸੀ ਪਰ ਹਾਲੇ ਤੱਕ ਇਹ ਤਜਵੀਜ਼ਾਂ ਪ੍ਰਾਪਤ ਨਹੀਂ ਹੋਈਆਂ। 25 ਕਰੋੜ ਰੁਪਏ ਜ਼ਿਲ੍ਹਾ ਪ੍ਰਸ਼ਾਸਨ ਦੇ ਬੈਂਕ ਖਾਤੇ ਵਿੱਚ ਅਣਵਰਤੇ ਪਏ ਹਨ ਅਤੇ ਇਸ ਰਾਸ਼ੀ ਤੋਂ ਜੋ ਵੀ ਤਿਮਾਹੀ ਵਿਆਜ ਪ੍ਰਾਪਤ ਹੁੰਦਾ ਹੈ, ਉਸ ਨੂੰ ਸਰਕਾਰੀ ਖ਼ਜ਼ਾਨੇ ਵਿੱਚ ਈ-ਚਲਾਨ ਰਾਹੀਂ ਜਮ੍ਹਾਂ ਕਰਵਾ ਦਿੱਤਾ ਜਾਂਦਾ ਹੈ। ਇਸ ਤੋਂ ਪਹਿਲਾਂ ਜਦੋਂ ਚਰਨਜੀਤ ਸਿੰਘ ਚੰਨੀ ਸੂਬੇ ਦੇ ਮੁੱਖ ਮੰਤਰੀ ਬਣੇ ਸਨ ਤਾਂ ਉਨ੍ਹਾਂ ਨੇ ਬਤੌਰ ਮੁੱਖ ਮੰਤਰੀ 31 ਦਸੰਬਰ 2021 ਨੂੰ 25 ਕਰੋੜ ਰੁਪਏ ਦੀ ਗਰਾਂਟ ਦਾ ਚੈੱਕ ਡੇਰਾ ਮੁਖੀ ਨੂੰ ਭੇਟ ਕੀਤਾ ਸੀ। ਉਸ ਵੇਲੇ ਵੀ ਰਾਸ਼ੀ ਖਰਚੀ ਨਹੀਂ ਜਾ ਸਕੀ ਸੀ, ਜਿਸ ਮਗਰੋਂ ਜ਼ਿਲ੍ਹਾ ਪ੍ਰਸ਼ਾਸਨ ਜਲੰਧਰ ਨੇ ਅਣਵਰਤੀ ਰਾਸ਼ੀ ਪੰਜਾਬ ਸਰਕਾਰ ਨੂੰ ਵਾਪਸ ਭੇਜ ਦਿੱਤੀ ਸੀ।



ਮਿਲੇ ਵੇਰਵਿਆਂ ਅਨੁਸਾਰ ਕਾਂਗਰਸ ਸਰਕਾਰ ਨੇ 28 ਦਸੰਬਰ 2021 ਨੂੰ 'ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ' ਕਮੇਟੀ ਦੀ ਸਥਾਪਨਾ ਕੀਤੀ ਸੀ ਅਤੇ ਇਸ ਕਮੇਟੀ ਵਿੱਚ ਡੇਰਾ ਸੱਚਖੰਡ ਬੱਲਾਂ ਨਾਲ ਸਬੰਧਤ ਚੇਅਰਮੈਨ ਅਤੇ ਚਾਰ ਮੈਂਬਰਾਂ ਤੋਂ ਇਲਾਵਾ ਸੈਰ-ਸਪਾਟਾ ਵਿਭਾਗ ਦੇ ਪ੍ਰਬੰਧਕੀ ਸਕੱਤਰ ਤੇ ਡਾਇਰੈਕਟਰ, ਐੱਸਸੀ/ਬੀਸੀ ਭਲਾਈ ਵਿਭਾਗ ਦੇ ਪ੍ਰਬੰਧਕੀ ਸਕੱਤਰ, ਵਿੱਤ ਵਿਭਾਗ ਦੇ ਪ੍ਰਬੰਧਕੀ ਸਕੱਤਰ ਤੇ ਜਲੰਧਰ ਦੇ ਡਿਪਟੀ ਕਮਿਸ਼ਨਰ ਨੂੰ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ ਸੀ।

ਮੌਜੂਦਾ ਸਰਕਾਰ ਨੇ ਜਲੰਧਰ ਦੀ ਜ਼ਿਮਨੀ ਚੋਣ ਤੋਂ ਪਹਿਲਾਂ ਬਾਕਾਇਦਾ ਇੱਕ ਸਮਾਗਮ ਵਿੱਚ 25 ਕਰੋੜ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ ਸੀ।

# ਵਕੀਲਾਂ ਵੱਲੋਂ ਸਰਕਾਰ ਤੇ ਪੁਲੀਸ ਖ਼ਿਲਾ.ਫ ਨਾਅਰੇਬਾਜ਼ੀ



ਅਦਾਲਤਾਂ ਦਾ ਬਾਈਕਾਟ ਕਰ ਕੇ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਦੇ ਹੋਏ ਵਕੀਲ।

**ਫਤਹਿਗੜ੍ਹ ਸਾਹਿਬ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਬਾਰ ਐਸੋਸੀਏਸ਼ਨ ਫਤਹਿਗੜ੍ਹ ਸਾਹਿਬ ਵੱਲੋਂ ਪ੍ਰਧਾਨ ਅਮਰਦੀਪ ਸਿੰਘ ਧਾਰਨੀ ਦੀ ਅਗਵਾਈ ਵਿਚ ਇਕ ਦਿਨ ਕੰਮ ਬੰਦ ਕਰ ਕੇ ਪੰਜਾਬ ਪੁਲੀਸ ਅਤੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਹੋਏ ਜ਼ਿਲ੍ਹਾ ਅਦਾਲਤ 'ਚ ਧਰਨਾ ਦਿੱਤਾ ਗਿਆ। ਸ੍ਰੀ ਧਾਰਨੀ ਨੇ ਕਿਹਾ ਕਿ ਜੇ ਪੰਜਾਬ ਪੁਲੀਸ ਅਤੇ ਸਰਕਾਰ ਕਾਨੂੰਨ ਦੀ ਜਾਣਕਾਰੀ ਰੱਖਣ ਵਾਲੇ ਵਕੀਲਾਂ ਨਾਲ ਵੀ ਧੱਕੇਸ਼ਾਹੀ ਕਰ ਰਹੀ ਹੈ ਤਾਂ ਆਮ ਆਦਮੀ ਨੂੰ ਇਨਸਾਫ਼ ਕਿਵੇਂ ਮਿਲੇਗਾ। ਉਨ੍ਹਾਂ ਕਿਹਾ ਕਿ ਪਟਿਆਲਾ ਦੇ ਵਕੀਲਾਂ ਨਾਲ ਪੁਲੀਸ ਵੱਲੋਂ ਸਰਕਾਰ ਦੀ ਕਥਿਤ ਸ਼ਹਿ 'ਤੇ ਧੱਕੇਸ਼ਾਹੀ ਕੀਤੀ ਜਾ ਰਹੀ ਹੈ ਜਿਸ ਨੂੰ ਸਹਿਣ ਨਹੀ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪਟਿਆਲਾ ਦੇ ਦੋ ਵਕੀਲਾ 'ਤੇ ਕੁਝ ਵਿਅਕਤੀਆਂ ਵੱਲੋਂ ਹਮਲਾ ਕੀਤੇ ਜਾਣ ਤੋਂ ਬਾਅਦ ਪੁਲੀਸ ਨੇ ਕੇਸ ਦਰਜ ਕਰ ਕੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਸੀ, ਪਰ ਪੁਲੀਸ ਨੇ ਮਾਮਲੇ ਵਿਚ ਦਰਜ ਧਾਰਾਵਾ ਨੂੰ ਹਟਾ ਕੇ ਉਸ ਵਿਅਕਤੀ ਨੂੰ ਵੀ ਛੱਡ ਦਿੱਤਾ। ਉਨ੍ਹਾਂ ਕਿਹਾ ਕਿ ਵਕੀਲ ਭਾਈਚਾਰਾ ਇਕਜੁੱਟ ਹੈ।

ਉਨ੍ਹਾਂ ਕਿਹਾ ਕਿ ਜੇ ਕਿਸੇ ਵਕੀਲ ਨਾਲ ਧੱਕਾ ਕੀਤਾ ਗਿਆ ਤਾਂ ਉਹ ਸੰਘਰਸ਼ ਹੋਰ ਤੇਜ਼ ਕਰਨਗੇ। ਇਸ ਮੌਕੇ ਸਾਬਕਾ ਪ੍ਰਧਾਨ ਰਾਜਵੀਰ ਸਿੰਘ ਗਰੇਵਾਲ, ਗਗਨਦੀਪ ਵਿਰਕ, ਨਰਿੰਦਰ ਸ਼ਰਮਾ, ਸੁਮਿਤ ਗੁਪਤਾ, ਦਮਨਦੀਪ ਸਿੰਘ, ਇੰਦਰਜੀਤ ਸਿੰਘ ਚੀਮਾ, ਅਸ਼ੋਕ ਗੁਪਤਾ, ਵਿਵੇਕ ਸ਼ਰਮਾ, ਪ੍ਰੀਤ ਜੈਸਵਾਲ, ਮਯੰਕ ਖੁਰਮੀ, ਅਮਨਦੀਪ ਬਾਵਾ, ਕੁਲਵੰਤ ਖੇੜਾ, ਗੁਰਜੀਤ ਬੜਿੰਗ, ਕਰਮਜੀਤ ਮੋਹੀ, ਸਤਨਾਮ ਸਿੰਘ ਤੇ ਵਿਨੈ ਸੂਦ ਹਾਜ਼ਰ ਸਨ।

# ਕਾਂਗਰਸ ਦੀ ਸਕਰੀਨਿੰਗ ਕਮੇਟੀ ਨੇ ਆਮ ਚੋਣਾਂ ਲਈ ਸੰਭਾਵੀ ਉਮੀਦਵਾਰਾਂ ਦੇ ਨਾਮ ਮੰਗ

**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਲ ਇੰਡੀਆ ਕਾਂਗਰਸ ਕਮੇਟੀ (ਏਆਈਸੀਸੀ) ਵੱਲੋਂ ਪੰਜਾਬ ਲਈ ਕਾਇਮ ਕੀਤੀ ਗਈ ਸਕਰੀਨਿੰਗ ਕਮੇਟੀ ਨੇ ਅਗਾਮੀ ਆਮ ਚੋਣਾਂ ਲਈ ਸੰਭਾਵੀ ਉਮੀਦਵਾਰਾਂ ਦੇ ਨਾਵਾਂ ਦੀ ਮੰਗ ਕੀਤੀ ਹੈ। ਪਾਰਟੀ ਦੇ ਇੱਕ ਸੀਨੀਅਰ ਆਗੂ ਨੇ ਕਿਹਾ, 27 ਮੈਂਬਰੀ ਪੰਜਾਬ ਪ੍ਰਦੇਸ਼ ਚੋਣ ਕਮੇਟੀ (ਪੀਪੀਸੀਸੀ) ਦੇ ਸਾਰੇ 27 ਮੈਂਬਰਾਂ ਨੂੰ 5 ਫਰਵਰੀ ਤੱਕ ਸੰਭਾਵੀ ਉਮੀਦਵਾਰਾਂ ਵਜੋਂ ਤਿੰਨ-ਤਿੰਨ ਨਾਮ ਦੇਣ ਲਈ ਕਿਹਾ ਗਿਆ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਨਵਜੋਤ ਸਿੰਘ ਸਿੱਧੂ ਸਮੇਤ ਹੋਰ ਸੀਨੀਅਰ ਆਗੂ ਇਸ ਕਮੇਟੀ ਦੇ ਮੈਂਬਰ ਹਨ। ਲੰਘੀ ਸ਼ਾਮ ਹੋਈ ਮੀਟਿੰਗ 'ਚ ਸਾਰੇ ਮੈਂਬਰਾਂ ਨੂੰ ਉਮੀਦਵਾਰਾਂ ਦੀ ਚੋਣ ਜਿੱਤਣ ਦੀ ਸਮਰੱਥਾ ਬਾਰੇ ਸਰਵੇਖਣ ਕਰਨ ਤੋਂ ਪਹਿਲਾਂ ਸੰਭਾਵੀ ਉਮੀਦਵਾਰਾਂ ਦੇ ਨਾਮ ਲਿਖਤੀ ਰੂਪ ਵਿੱਚ ਦੇਣ ਲਈ ਕਿਹਾ ਗਿਆ ਹੈ।

ਪੰਜਾਬ ਕਾਂਗਰਸ ਇਹ ਸਰਵੇਖਣ ਕਰਵਾਉਣ ਲਈ ਇਕ ਏਜੰਸੀ ਦੀ ਚੋਣ ਕਰਨ ਦੀ ਪ੍ਰਕਿਰਿਆ ਵਿੱਚ ਹੈ। ਸੂਤਰਾਂ ਅਨੁਸਾਰ ਪੰਜਾਬ ਦੀ ਸਕਰੀਨਿੰਗ ਕਮੇਟੀ ਦੀ ਅਗਵਾਈ ਭਗਤ ਚਰਨ ਦਾਸ ਕਰ ਰਹੇ ਹਨ। ਕੇਂਦਰੀ ਚੋਣ ਕਮੇਟੀ ਨੂੰ ਨਾਵਾਂ ਦੀ ਸਿਫ਼ਾਰਸ਼ ਭੇਜਣ ਤੋਂ ਪਹਿਲਾਂ ਚਰਨ ਦਾਸ 11 ਫਰਵਰੀ ਤੋਂ ਬਾਅਦ ਕਮੇਟੀ ਦੇ ਹਰੇਕ ਮੈਂਬਰ ਨਾਲ ਮੀਟਿੰਗ ਕਰਨਗੇ। ਉੱਧਰ, ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਕਮੇਟੀ ਦੇ ਮੈਂਬਰਾਂ ਨੂੰ ਉਮੀਦਵਾਰਾਂ ਦੇ ਨਾਵਾਂ ਦੀ ਸਿਫਾਰਸ਼ ਕਰ ਰਸ਼ਿਪ ਨਾਲ ਵਿਚਾਰ-ਚਰਚਾ ਤੋਂ ਬਾਅਦ ਯੂਥ ਕਾਂਗਰਸ ਚੋਣਾਂ ਲੜਨ ਦੇ ਚਾਹਵਾਨ ਆਗੂਆਂ ਕੋਲੋਂ ਅਰਜ਼ੀਆਂ ਮੰਗੇਗੀ।

# ਚੰਡੀਗੜ੍ਹ ਵਿੱਚ ਡਾ. ਐੱਮ.ਐੱਸ. ਰੰਧਾਵਾ ਕਲਾ ਅਤੇ ਸਾਹਿਤ ਉਤਸਵ ਸ਼ੁਰੂ



'ਪੰਜਾਬ ਗੌਰਵ ਪੁਰਸਕਾਰ' ਨਾਲ ਸਨਮਾਨੀਆਂ ਗਈਆਂ ਸ਼ਖ਼ਸੀਅਤਾਂ ਤੇ ਹੋਰ ਪਤਵੰਤੇ।

**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੱਭਿਆਚਾਰਕ ਤੇ ਸੈਰ-ਸਪਾਟਾ ਵਿਭਾਗ ਦੇ ਮੰਤਰੀ ਅਨਮੋਲ ਗਗਨ ਮਾਨ ਨੇ ਅੱਜ ਇੱਥੇ ਡਾ. ਐੱਮ.ਐੱਸ. ਰੰਧਾਵਾ ਕਲਾ ਤੇ ਸਹਿਤ ਉਤਸਵ ਦੇ ਉਦਘਾਟਨ ਮੌਕੇ ਕਿਹਾ, "ਡਾ. ਐੱਮ.ਐੱਸ. ਰੰਧਾਵਾ ਨਵੀਂ ਪੀੜ੍ਹੀ ਲਈ ਪ੍ਰੇਰਨਾ ਸਰੋਤ ਹਨ। ਉਨ੍ਹਾਂ ਦੇ ਪੰਜਾਬ ਤੇ ਪੰਜਾਬੀ ਸੱਭਿਆਚਾਰ ਲਈ ਕੀਤੇ ਕਾਰਜ ਅੱਜ ਵੀ ਸਾਡੇ ਚੇਤਿਆਂ ਵਿੱਚ ਹਨ।" ਉਨ੍ਹਾਂ ਕਿਹਾ ਕਿ ਉਹ ਵੀ ਸਲਾਹਕਾਰ ਬੋਰਡ ਦੀ ਸਥਾਪਨਾ ਕਰ ਕੇ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਦੇ ਉਪਰਾਲੇ ਕਰਨਗੇ। ਇਸ ਮੌਕੇ ਉਨ੍ਹਾਂ ਰਾਣੀ ਬਲਬੀਰ ਕੌਰ, ਡਾ. ਮੋਹਨਜੀਤ, ਅਰਪਨਾ ਕੌਰ, ਦੇਸ਼ ਰਾਜ ਲਚਕਾਨੀ ਤੇ ਬਲਦੇਵ ਸਿੰਘ ਸੜਕਨਾਮਾ ਨੂੰ 'ਪੰਜਾਬ ਦੇ ਗੌਰਵ' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਨੂੰ ਇੱਕ ਲੱਖ ਰੁਪਏ ਨਕਦ ਅਤੇ ਪ੍ਰਸ਼ੰਸਾ ਪੱਤਰ ਦਿੱਤੇ ਗਏ। ਇਸ ਮੌਕੇ ਕਲਾ ਪਰਿਸ਼ਦ ਦਾ ਮੈਗਜ਼ੀਨ 'ਕਲਾ ਦੁਆਰ' ਵੀ ਜਾਰੀ ਕੀਤਾ ਗਿਆ। ਇਸ ਤੋਂ ਪਹਿਲਾਂ ਕਲਾ ਭਵਨ ਚੰਡੀਗੜ੍ਹ ਵਿੱਚ ਚੇਅਰਮੈਨ ਡਾ. ਸੁਰਜੀਤ ਪਾਤਰ ਨੇ ਡਾ. ਰੰਧਾਵਾ ਸਾਹਿਤ ਅਤੇ ਕਲਾ ਉਤਸਵ ਦੀ ਰੂਪਰੇਖਾ ਬਿਆਨ ਕੀਤੀ। ਡਾ. ਲਖਵਿੰਦਰ ਜੌਹਲ ਨੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ। ਅਮਰਜੀਤ ਗਰੇਵਾਲ ਨੇ ਰੰਧਾਵਾ ਯਾਦਗਾਰੀ ਭਾਸ਼ਣ ਦਿੱਤਾ।

ਇਸ ਮੌਕੇ ਡਾ. ਸਰਬਜੀਤ ਕੌਰ ਸੋਹਲ, ਡਾ. ਯੋਗਰਾਜ, ਕੇਵਲ ਧਾਲੀਵਾਲ, ਸੁਰਿੰਦਰ ਸਿੰਘ ਸੁੰਨੜ ਤੇ ਪ੍ਰੀਤਮ ਸਿੰਘ ਰੁਪਾਲ ਸਮੇਤ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

# ਸਰਬਜੀਤ ਕੰਗਣੀਵਾਲ ਪੰਜਾਬੀ 'ਵਰਸਿਟੀ ਦੇ ਡਾਇਰੈਕਟਰ ਲੋਕ ਸੰਪਰਕ ਨਿਯੁਕਤ



**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ ਦੀ ਕਾਫੀ ਸਮੇਂ ਤੋਂ ਖਾਲੀ ਪਈ ਆਸਾਮੀ ਅੱਜ ਪੂਰ ਦਿੱਤੀ ਗਈ ਹੈ। ਡਾ. ਸਰਬਜੀਤ ਸਿੰਘ ਕੰਗਣੀਵਾਲ ਹੁਣ ਯੂਨੀਵਰਸਿਟਨੀ ਦੇ ਡਾਇਰੈਕਟਰ (ਲੋਕ ਸੰਪਰਕ) ਹੋਣਗੇ। ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਅੱਜ ਕਰਵਾਈ ਗਈ 'ਵਾਕ ਇਨ ਇੰਟਰਵਿਊ' ਦੇ ਆਧਾਰ 'ਤੇ ਇਹ ਨਿਯੁਕਤੀ ਕੀਤੀ ਗਈ ਹੈ। ਅੱਜ ਸ਼ਾਮ ਡਾ. ਕੰਗਣੀਵਾਲ ਨੇ ਵਾਈਸ ਚਾਂਸਲਰ ਪ੍ਰੋ. ਅਰਵਿੰਦ, ਐਜੂਕੇਸ਼ਨਲ ਮੀਡੀਆ ਰਿਸਰਚ ਸੈਂਟਰ ਦੇ ਡਾਇਰੈਕਟਰ ਦਲਜੀਤ ਅਮੀ ਅਤੇ ਵੀਸੀ ਦੇ ਨਿੱਜੀ ਸਕੱਤਰ ਡਾ. ਨਾਗਰ ਸਿੰਘ ਮਾਨ ਦੀ ਮੌਜੂਦਗੀ ਵਿੱਚ ਅਹੁਦਾ ਸੰਭਾਲ ਲਿਆ ਹੈ। ਡਾ. ਸਰਬਜੀਤ ਸਿੰਘ ਪੱਤਰਕਾਰੀ ਅਤੇ ਜਨਸੰਚਾਰ ਦੇ ਖੇਤਰ ਵਿੱਚ ਪੀਐੱਚਡੀ ਹਨ।

# ਗਾਇਕਾ ਸੰਦੀਪ ਦਾ ਨਵਾਂ ਸਿੰਗਲ ਟਰੈਕ 'ਅੜੀਅਲ' ਰਿਲੀਜ਼



**ਜਲੰਧਰ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੰਗਲ ਟਰੈਕਾ ਵਾਈਟ ਵਾਈਟ ਜੱਟੀ, ਜੁੱਤੀ ਮੁਲਤਾਨੀ ਦੀ , ਰਾਇਟ ਟੂ ਲਿਫਟ, ਗੋਲੀ ਵਾਰਗੀ ਤੋ ਇਲਾਬਾ ਹੋਰ ਆਪਣੇ ਗੀਤਾ ਨਾਲ ਚਰਚਾ ਚ ਆਈ ਗਾਇਕਾ ਸੰਦੀਪ ਦਾ ਨਵਾਂ ਸਿੰਗਲ ਟਰੈਕ ਅੜੀਅਲ ਜੋ ਕਿ ਭਿੰਦਰ ਸਿੰਘ ਤੇ K B RECORD UK ਵਲੋਂ ਰਿਲੀਜ਼ ਕੀਤਾ ਗਿਆ ਹੈ। ਜਾਣਕਾਰੀ ਦਿੰਦਿਆਂ ਪ੍ਰੀਤ ਮੁਹਦੀਪੁਰੀਆ ਨੇ ਦੱਸਿਆ ਕਿ ਇਸ ਸਿਗਲ ਟਰੈਕ ਦਾ ਮਿਊਜ਼ਿਕ ਓਪੀਆਈ ਵਲੋਂ ਤਿਆਰ ਕੀਤਾ ਗਿਆ ਹੈ। ਜਿਸ ਨੂੰ ਲਿਖਿਆ ਹੈ ਕਪਤਾਨ ਨੇ। ਇਸ ਸਿੰਗਲ ਟਰੈਕ ਦਾ ਵੀਡੀਓ ਵਰੁਣ ਵਰਮਾ ਵੱਲੋਂ ਯੂ ਕੇ ਦੀਆ ਵੱਖ-ਵੱਖ ਲੋਕੇਸ਼ਨਾਂ 'ਤੇ ਸ਼ੂਟ ਕੀਤਾ ਗਿਆ ਹੈ ਜੋ ਕਿ ਯੂ ਟਿਊਬ ਦੇ ਨਾਲ-ਨਾਲ ਪੰਜਾਬੀ ਚੈਨਲਾਂ 'ਤੇ ਚੱਲ ਰਿਹਾ ਹੈ।

# ਪੁਸਤਕ ਮੇਲੇ ਵਿਚ ਡਾ. ਦਰਸ਼ਨ ਸਿੰਘ 'ਆਸ਼ਟ' ਦੀਆਂ ਬਾਲ ਪੁਸਤਕਾਂ ਦੇ ਨਵੇਂ ਸੰਸਕਰਣਾਂ ਦਾ ਲੋਕ ਅਰਪਣ



**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੁਸਤਕ ਮੇਲੇ ਵਿਚ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਅਤੇ ਸਾਹਿਤ ਅਕਾਦਮੀ ਬਾਲ ਸਾਹਿਤ ਪੁਰਸਕਾਰ ਵਿਜੇਤਾ ਡਾ. ਦਰਸ਼ਨ ਸਿੰਘ 'ਆਸ਼ਟ' ਦੀਆਂ ਲਾਹੌਰ ਬੁੱਕ ਸ਼ਾਪ,ਲੁਧਿਆਣਾ ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਬਾਲ ਪੁਸਤਕਾਂ 'ਈੜੀ','ਘੁੱਗੀ ਮੁੜ ਆਈ','ਟੱਪ ਟੱਪ,'ਉਡ ਗਈ ਤਿਤਲੀ','ਪਹਿਲਾ ਬੈਂਚ' ਅਤੇ 'ਬੱਚਿਆਂ ਦੇ ਮਨਭਾਉਂਦੇ ਕਾਰਟੂਨ' ਦੇ ਨਵੇਂ ਸੰਸਕਰਣਾਂ ਦਾ ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਪ੍ਰਕਾਸ਼ਕ ਗੁਰਮੰਨਤ ਸਿੰਘ ਨੇ ਕਿਹਾ ਕਿ ਪੰਜਾਬੀ ਮਾਤ ਭਾਸ਼ਾ ਵਿਚ ਬਾਲ ਸਾਹਿਤ ਦੇ ਨਵੇਂ ਸੰਸਕਰਣ ਛਪਣਾ ਵਡਿਆਈ ਅਤੇ ਮਾਣ ਵਾਲੀ ਗੱਲ ਹੈ। ਇਸ ਨਾਲ ਪੰਜਾਬੀ ਸਾਹਿਤ,ਭਾਸ਼ਾ ਅਤੇ ਸਭਿਆਚਾਰ ਦਾ ਹੋਰ ਵਿਕਾਸ ਹੋਵੇਗਾ। ਜ਼ਿਕਰਯੋਗ ਹੈ ਡਾ. ਆਸ਼ਟ ਦੀ ਇਕ ਬਾਲ ਪੁਸਤਕ ਮਿਹਨਤ ਕੀ ਕਮਾਈ ਕਾ ਸੁੱਖ' ਦਾ 13ਵਾਂ ਸੰਸਕਰਣ ਪ੍ਰਕਾਸ਼ਿਤ ਹੋ ਚੁੱਕਾ ਹੈ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਸਾਬਕਾ ਐਸੋਸ਼ੀਏਟ ਪ੍ਰੋਫ਼ੈਸਰ ਡਾ. ਚਰਨਜੀਤ ਕੌਰ, ਅਸਿਸਟੈਂਟ ਪ੍ਰੋਫ਼ੈਸਰ ਡਾ. ਰਾਜਵੰਤ ਕੌਰ ਪੰਜਾਬੀ,ਸਰਕਾਰੀ ਹਾਈ ਸਕੂਲ ਹਰਿਆਊ ਖ਼ੁਰਦ ਦੇ ਅਧਿਆਪਕ ਪਰਮਜੀਤ ਕੌਰ, ਮਨਿੰਦਰਜੀਤ ਸਿੰਘ, ਜਸਬੀਰ ਸਿੰਘ ਸ਼ਾਮਲ ਸਨ। ,ਹਰਜੀਤ ਕੌਰ ਬਠਿੰਡਾ ਅਤੇ ਸਕੂਲਾਂ ਦੀਆਂ ਵਿਦਿਆਰਥਣਾਂ ਵਿਸ਼ੇਸ਼ ਤੌਰ ਤੇ ਸ਼ਾਮਿਲ ਸਨ।

# ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਅਨੀਮੀਆ ਮੁਕਤ ਕਰਨ ਲਈ ਚਲਾਏ ਪ੍ਰੋਜੈਕਟ ਦੇ ਸਾਰਥਕ ਨਤੀਜੇ ਆਉਣੇ ਸ਼ੁਰੂ: ਜਤਿੰਦਰ ਜੋਰਵਾਲ

**ਸੰਗਰੂਰ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸੰਗਰੂਰ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਅਨੀਮੀਆ ਮੁਕਤ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਰੰਭੇ ਯਤਨਾਂ ਦੇ ਸਾਰਥਕ ਨਤੀਜੇ ਸਾਹਮਣੇ ਆਉਣ ਲੱਗ ਪਏ ਹਨ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇਸ ਪ੍ਰੋਜੈਕਟ ਦੀ ਪ੍ਰਗਤੀ ਬਾਰੇ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਸ਼ੁਰੂਆਤੀ ਸਮੇਂ ਵਿੱਚ ਪਹਿਲਾਂ ਜ਼ਿਲ੍ਹੇ ਦੇ 21 ਸਰਕਾਰੀ ਸਕੂਲਾਂ ਵਿਖੇ ਇਸ ਨੂੰ ਪਾਇਲਟ ਪ੍ਰੋਜੈਕਟ ਵਜੋਂ ਲਿਆ ਗਿਆ ਸੀ ਅਤੇ ਸਕੂਲੀ ਵਿਦਿਆਰਥੀਆਂ ਵਿੱਚ ਅਨੀਮੀਆ (ਖ਼ੂਨ ਦੀ ਕਮੀ) ਪਾਏ ਜਾਣ 'ਤੇ ਸਿਹਤ ਤੇ ਸਿੱਖਿਆ ਵਿਭਾਗ ਦੇ ਤਾਲਮੇਲ ਨਾਲ ਇਨ੍ਹਾਂ ਵਿਦਿਆਰਥੀਆਂ ਨੂੰ ਸਮੇਂ ਸਿਰ ਆਇਰਨ ਤੇ ਫੋਲਿਕ ਐਸਿਡ ਦੀ ਗੋਲੀ ਖੁਆਉਣ ਦੇ ਨਾਲ ਨਾਲ ਸਾਰੇ ਸਕੂਲਾਂ ਵਿੱਚ ਘਰੇਲੂ ਬਗੀਚੀਆਂ (ਕਿਚਨ ਗਾਰਡਨ) ਵਿਕਸਤ ਕਰਕੇ ਮਿਡ ਡੇਅ ਮੀਲ ਦਾ ਭੋਜਨ ਖੁਰਾਕੀ ਤੱਤਾਂ ਭਰਪੂਰ ਬਣਾਉਣ ਵੱਲ ਧਿਆਨ ਦਿੱਤਾ ਗਿਆ।



ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਿਹੜੇ 21 ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਵਿੱਚ ਅਨੀਮੀਆ ਦੇ ਲੱਛਣ ਪਾਏ ਗਏ ਸਨ ਉਨ੍ਹਾਂ ਦੇ ਖ਼ੂਨ ਦੇ ਮੁੜ ਸੈਂਪਲ ਜਾਂਚ ਲਈ ਭੇਜੇ ਗਏ ਹਨ ਅਤੇ ਹੁਣ ਤੱਕ ਪ੍ਰਾਪਤ 2 ਸਕੂਲਾਂ ਦੇ 29 ਵਿਦਿਆਰਥੀਆਂ ਦੀ ਰਿਪੋਰਟ ਸਾਹਮਣੇ ਆਉਣ ਤੋਂ ਬਾਅਦ ਅਸੀਂ ਆਪਣੇ ਨਿਰਧਾਰਿਤ ਟੀਚੇ ਨੂੰ ਸਾਕਾਰ ਕਰਨ ਵਿੱਚ ਸਫ਼ਲਤਾ ਦੇ ਬਿਲਕੁਲ ਕਰੀਬ ਹਾਂ। ਉਨ੍ਹਾਂ ਕਿਹਾ ਕਿ ਧੂਰੀ ਦੇ ਸਿਹਤ ਬਲਾਕ ਅਧੀਨ ਆਉਂਦੇ ਇਨ੍ਹਾਂ ਸਕੂਲਾਂ ਦੇ ਬੱਚੇ ਪਹਿਲਾਂ ਅਨੀਮੀਆ ਪੀੜਤ ਸਨ ਪਰ ਹੁਣ ਦੀ ਲੈਬ ਰਿਪੋਰਟ ਵਿੱਚ ਇਹ ਅਨੀਮੀਆ ਮੁਕਤ ਪਾਏ ਗਏ ਹਨ। ਡਿਪਟੀ ਕਮਿਸ਼ਨਰ ਨੇ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਬੱਚਿਆਂ ਦੀ ਸਿਹਤ ਦੀ ਨਿਰੰਤਰ ਨਿਗਰਾਨੀ ਨਾਲ ਅਨੀਮੀਆ ਤੇ ਹੋਰ ਰੋਗਾਂ ਦੀ ਮਾਰ ਤੋਂ ਬਚਾਉਣ ਦੀ ਦਿਸ਼ਾ ਵਿੱਚ ਇਹ ਇੱਕ ਚੰਗਾ ਸੰਕੇਤ ਹੈ ਅਤੇ ਜਲਦੀ ਹੀ ਹੋਰਨਾਂ ਸਕੂਲਾਂ ਦੇ ਵਿਦਿਆਰਥੀਆਂ ਦੇ ਬਲੱਡ ਟੈਸਟ ਨਤੀਜੇ ਸਾਡੇ ਸਾਹਮਣੇ ਹੋਣਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਇਹ ਪ੍ਰੋਜੈਕਟ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਚੱਲ ਰਹੇ ਹੈ ਤਾਂ ਜੋ ਕੋਈ ਵੀ ਵਿਦਿਆਰਥੀ ਅਨੀਮੀਆ ਨਾਲ ਪੀੜਤ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਸੰਤੁਲਿਤ ਆਹਾਰ ਬੱਚਿਆਂ ਦੀ ਜੀਵਨ ਸ਼ੈਲੀ 'ਤੇ ਵਧੀਆ ਪ੍ਰਭਾਵ ਪਾਉਂਦਾ ਹੈ ਅਤੇ ਅਧਿਆਪਕਾਂ ਦੇ ਨਾਲ ਨਾਲ ਇਹ ਮਾਪਿਆਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਦੀ ਪੜਾਈ ਦੇ ਨਾਲ ਨਾਲ ਸਿਹਤ ਪ੍ਰਤੀ ਵੀ ਜਾਗਰੂਕਤਾ ਵਧਾਉਣ ਤੇ ਸਾਰੇ ਆਪਸੀ ਸਹਿਯੋਗ ਨਾਲ ਅਨੀਮੀਆ ਦੇ ਖਾਤਮੇ ਦੀ ਮੁਹਿੰਮ ਵਿੱਚ ਯੋਗਦਾਨ ਪਾ ਸਕਣ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਸਿਵਲ ਸਰਜਨ ਡਾ. ਕਿਰਪਾਲ ਸਿੰਘ, ਜ਼ਿਲ੍ਹਾ ਸਕੂਲ ਸਿਹਤ ਮੈਡੀਕਲ ਅਫ਼ਸਰ ਡਾ. ਅਮਨਜੋਤ, ਪ੍ਰੋਜੈਕਟ ਨੋਡਲ ਅਫ਼ਸਰ ਮਨਜੋਤ ਕੌਰ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਪ੍ਰਦੀਪ ਗਿੱਲ, ਡੀ.ਡੀ.ਐਫ ਮੇਘਾ ਚੌਧਰੀ ਵੀ ਹਾਜ਼ਰ ਸਨ।

## ਇੰਜੀ.ਹਰਦੀਪ ਸਿੰਘ ਸਿੱਪੀ ਧੀਮਾਨ ਨੂੰ ਆਪ ਦੇ ਬੀ.ਸੀ ਵਿੰਗ ਦਾ ਜ਼ਿਲ੍ਹਾ ਜਨਰਲ ਸਕੱਤਰ ਨਿਯੁਕਤ ਹੋਣ ਤੇ ਖ਼ੁਸ਼ੀ ਦਾ ਪ੍ਰਗਟਾਵਾ



**ਲੌਂਗੋਵਾਲ, 5 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਜੁਝਾਰੂ ਤੇ ਨੌਜਵਾਨ ਆਗੂ ਇੰਜੀਨੀਅਰ ਹਰਦੀਪ ਸਿੰਘ (ਸਿੱਪੀ ਧੀਮਾਨ ) ਨੂੰ ਆਪ ਦੇ ਬੀ.ਸੀ ਵਿੰਗ ਦਾ ਜ਼ਿਲ੍ਹਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ ਆਪਣੀ ਇਸ ਨਿਯੁਕਤੀ ਲਈ ਉਹਨਾਂ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ,ਪਨਸੀਡ ਦੇ ਚੇਅਰਮੈਨ ਸ. ਮਹਿੰਦਰ ਸਿੰਘ ਸਿੱਧੂ, ਜਿਲਾ ਯੋਜਨਾ ਬੋਰਡ ਸੰਗਰੂਰ ਦੇ ਚੇਅਰਮੈਨ ਗੁਰਮੇਲ ਸਿੰਘ ਘਰਾਚੋਂ ,ਮਾਰਕੀਟ ਕਮੇਟੀ ਚੀਮਾ ਦੇ ਚੇਅਰਮੈਨ ਦਰਸ਼ਨ ਸਿੰਘ ਗੀਤੀ ਮਾਨ, ਸ੍ਰੀ ਨਰੇਸ਼ ਕੁਮਾਰ ਸੰਜੂ, ਸਰਪੰਚ ਬਲਵਿੰਦਰ ਸਿੰਘ ਢਿੱਲੋਂ ਅਤੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ ਹੈ । ਇਸ ਸਬੰਧੀ ਨਗਰ ਕੌਂਸਲ ਲੌਂਗੋਵਾਲ ਦੇ ਪ੍ਰਧਾਨ ਸ੍ਰੀਮਤੀ ਪਰਮਿੰਦਰ ਕੌਰ ਬਰਾੜ ਨੇ ਕਿਹਾ ਕਿ ਮਿਹਨਤੀ, ਇਮਾਨਦਾਰ ਅਤੇ ਇੱਕ ਨਿਮਣੇ ਜਿਹੇ ਵਰਕਰ ਇੰਜੀ: ਹਰਦੀਪ ਸਿੰਘ ਸਿੱਪੀ (ਧੀਮਾਨ) ਜਿਲਾ ਜਨਰਲ ਸਕੱਤਰ ਸੰਗਰੂਰ ਲਗਾਉਣ ਲਈ ਅਸੀਂ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦੇ ਹਾਂ। ਇਸ ਸਮੇਂ ਕੌਂਸਲਰ ਗੁਰਮੀਤ ਸਿੰਘ ਫੌਜੀ, ਬਲਾਕ ਪ੍ਰਧਾਨ ਵਿੱਕੀ ਵਸ਼ਿਸ਼ਟ, ਆਪ ਦੇ ਸੀਨੀਅਰ ਆਗੂ ਕਰਮ ਸਿੰਘ ਬਰਾੜ, ਆਪ ਆਗੂ ਕਮਲ ਬਰਾੜ, ਬਲਕਾਰ ਸਿੰਘ, ਰਾਜ ਸਿੰਘ ਰਾਜੂ , ਨੀਟੂ ਸ਼ਰਮਾ,ਸੁਖਪਾਲ ਬਾਜਵਾ, ਗੁਰਸੇਵਕ ਚਹਿਲ, ਗੁਰਦੀਪ ਖਾਨ,ਪਰਗਟ ਚਹਿਲ,ਮੰਗਤ ਸਿੰਘ,ਗੁਰਲਾਲ ਗੋਸਲ, ਨਰਿੰਦਰ ਮਾਸਟਰ, ਪ੍ਰੀਤਮ ਹੋਲਦਾਰ, ਬਲਵਿੰਦਰ ਸਿੰਘ ਪ੍ਰਧਾਨ ਵਿਸ਼ਵਕਰਮਾ ਮੰਦਰ ਕਮੇਟੀ, ਨਿਰਮਲ ਸਿੰਘ ਖਜਾਨਚੀ ਵਿਸ਼ਵਕਰਮਾ ਮੰਦਰ ਕਮੇਟੀ,ਮਨਪ੍ਰੀਤ ਸਿੰਘ ਧੀਮਾਨ, ਸੁਖਵੀਰ ਸਿੰਘ ਧੀਮਾਨ, ਹਰਵਿੰਦਰ ਸਿੰਘ ਧੀਮਾਨ, ਜਗਸੀਰ ਸਿੰਘ ਧੀਮਾਨ, ਲੱਖੀ ਧੀਮਾਨ,ਲਾਡੀ ਧੀਮਾਨ,ਲਵੀ ਧੀਮਾਨ, ਸੰਦੀਪ ਸਿੰਘ ਧੀਮਾਨ, ਹਰਪ੍ਰੀਤ ਸਿੰਘ ਧੀਮਾਨ, ਭੀਮ ਬਾਵਾ ਸੀਨੀਅਰ ਵਰਕਰ, ਜਗਪਾਲ ਸਿੰਘ ਮਾਲਾ, ਜਗਪਾਲ ਸਿੰਘ ਗੋਲਡੀ, ਵਿੱਕੀ ਮੰਗਲਾ, ਮਾਸਟਰ ਗੁਰਮੀਤ ਸਿੰਘ,ਮਨੋਜ ਕੁਮਾਰ, ਸੁਖਪਾਲ ਜੈਲਦਾਰ, ਕੁਲਵਿੰਦਰ ਸਿੰਘ, ਹਰਵਿੰਦਰ ਸਿੰਘ,ਬਿੱਟਾ ਮਿਸਤਰੀ,ਮਾਸਟਰ ਹਰਦੀਪ ਸਿੰਘ,ਧੰਨਜੀਤ ਸਿੰਘ, ਗੁਰਦੀਪ ਸਿੰਘ ਆਦਿ ਨੇ ਇਸ ਨਿਯੁਕਤੀ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ ।

## ਸਾਂਸਦ ਸਿਮਰਨਜੀਤ ਸਿੰਘ ਮਾਨ ਨੂੰ ਘਰ ਵਿਚ ਨਜ਼ਰਬੰਦ ਕਰਨਾ ਲੋਕਤੰਤਰ ਦਾ ਕਤਲ : ਢਿੱਲੋਂ

**ਧਨੌਲਾ, 5 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਵੱਲੋਂ ਬਜ਼ੁਰਗ ਸਿਆਸਤਦਾਨ ਅਤੇ ਸੰਗਰੂਰ ਦੇ ਮੈਂਬਰ ਪਾਰਲੀਮੈਂਟ ਸਰਦਾਰ ਸਿਮਰਨਜੀਤ ਸਿੰਘ ਮਾਨ ਨੂੰ ਘਰ ਵਿਚ ਨਜ਼ਰਬੰਦ ਕਰਨਾ ਲੋਕਤੰਤਰ ਦਾ ਕਤਲ ਕਰਨਾ ਹੈ ਇਹਨਾਂ ਸਬਦ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਬਰਨਾਲਾ ਜਿਲਾ ਯੂਥ ਪ੍ਰਧਾਨ ਕਮਲਦੀਪ ਸਿੰਘ ਢਿੱਲੋਂ ਅਤੇ ਸ਼ਹਿਰੀ ਪ੍ਰਧਾਨ ਹਰਿੰਦਰਜੀਤ ਸਿੰਘ ਢੀਂਡਸਾ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕੀਤਾਉਹਨਾਂ ਕਿਹਾ ਕਿ ਲੋਕਤੰਤਰ ਵਿਚ ਸਰਕਾਰ ਦੇ ਗਲਤ ਕੰਮਾਂ ਵਿਰੁੱਧ ਆਵਾਜ਼ ਬੁਲੰਦ ਕਰਨਾ ਵਿਰੋਧੀ ਪਾਰਟੀਆਂ ਦਾ ਅਧਿਕਾਰ ਹੁੰਦਾ ਹੈ। ਭਗਵੰਤ ਮਾਨ ਵਿਰੋਧੀਆਂ ਦੀ ਆਵਾਜ਼ ਕੁਚਲਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ ।ਕਿਹਾ ਕਿ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੇ ਅੱਜ ਲੋਕ ਸਭਾ ਵਿੱਚ ਪੇਸ਼ ਹੋ ਰਹੇ ਦੇਸ ਦੇ ਅੰਤਿਰਮ ਬਜਟ ਵਿੱਚ ਬੋਲਣ ਲਈ ਜਾਣਾ ਸੀ, ਪਰ ਸੂਬਾ ਸਰਕਾਰ ਉਹਨਾਂ ਨੂੰ ਨਜਰਬੰਦ ਕਰਕੇ ਬੋਲਣ ਦੀ ਆਜ਼ਾਦੀ ਚਲਣ ਫਿਰਨ ਦੀ ਇੱਕ ਪਾਸੇ ਤਾਂ ਮੁੱਖਮੰਤਰੀ ਪੰਜਾਬ ਕੱਲ ਚੰਡੀਗੜ ਵਿੱਚ ਹੋਈ ਨਗਰ ਨਿਗਮ ਦੀ ਚੋਣ ਦੌਰਾਨ ਬੀਜੇਪੀ ਵੱਲੋਂ ਕੀਤੀ ਧੱਕੇਸ਼ਾਹੀ ਨੂੰ ਲੋਕਤੰਤਰ ਜਮੂਹਰੀਅਤ ਦਾ ਕਤਲ ਦੱਸ ਰਹੇ ਸਨ ਅਤੇ ਚੋਣ ਅਫ਼ਸਰ ਤੇ ਦੇਸ ਧ੍ਰੋਹ ਦਾ ਮੁੱਕਦਮਾ ਦਰਜ ਕਰਨ ਦੀ ਮੰਗ ਕਰ ਰਹੇ ਸਨ।

ਪਰ ਆਪ ਜਿਹੜਾ ਨੌਜਵਾਨਾਂ ਤੇ ਝੂਠੇ ਮੁੱਕਦਮੇ ਦਰਜ਼ ਕਰਕੇ ਐਂਨ ਐੱਸ ਏ ਲਗਾ ਕੇ ਦੂਰ ਜੇਲ ਾਂ ਵਿਚ ਬੰਦ ਕੀਤੇ , ਭਾਨੇ ਸਿੱਧੂ ਵਰਗੇ ਨੌਜਵਾਨਾਂ ਤੇ ਝੂਠੇ ਪਰਚੇ ਦਰਜ ਕਰਕੇ ਅਵਾਜ ਨੂੰ ਬੰਦ ਕਰਨਾ ਲੋਕਤੰਤਰ ਦਾ ਕਤਲ ਦਿਖਾਈ ਨਹੀਂ ਦਿੰਦਾ।ਓਹਨਾ ਕਿਹਾ ਕਿ ਉਹ ਇਹ ਸਮਝ ਲੈਣ ਕਿ ਜੇਕਰ ਪਹਿਲਾਂ ਵਾਲੇ ਦਿਨ ਨਹੀਂ ਰਹੇ ਤੇ ਇਹ ਦਿਨ ਵੀ ਨਹੀਂ ਰਹਿਣੇ ਸੱਤਾ ਦੀਆਂ ਕੁਰਸੀਆਂ ਹਮੇਸ਼ਾ ਲਈ ਨਹੀਂ ਮਿਲਦੀਆਂ ਪੰਜਾਬ ਦੇ ਲੋਕ ਇਸ ਦਾ ਜਵਾਬ ਲੋਕ ਸਭਾ ਚੋਣਾਂ ਵਿੱਚ ਦੇਣਗੇ।

## ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਅੰਤਰ-ਰਾਸ਼ਟਰੀ ਪੰਜਾਬ ਸੱਭਿਆਚਾਰ ਪ੍ਰਮੋਸ਼ਨ ਤਹਿਤ ਸ਼ਾਨਦਾਰ ਸਮਾਰੋਹ

**ਬਠਿੰਡਾ, 5 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬੀ ਸੱਭਿਆਚਾਰ ਬਾਰੇ ਦੁਨੀਆ ਦੇ ਵੱਖ-ਵੱਖ ਦੇਸ਼ਾਂ ਦੇ ਵਸਨੀਕਾਂ ਨੂੰ ਜਾਣੂ ਕਰਵਾਉਣ ਲਈ ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ ਵੱਲੋਂ ਚਾਂਸਲਰ ਸ. ਗੁਰਲਾਭ ਸਿੰਘ ਸਿੱਧੂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਉਪ-ਕੁਲਪਤੀ ਪ੍ਰੋ.(ਡਾ.) ਐਸ.ਕੇ.ਬਾਵਾ ਦੇ ਮਾਰਗ ਦਰਸ਼ਨ ਹੇਠ ਅੰਤਰ-ਰਾਸ਼ਟਰੀ ਪੰਜਾਬ ਸੱਭਿਆਚਾਰਕ ਪ੍ਰਮੋਸ਼ਨ ਕੌਂਸਲ ਦੇ ਸਹਿਯੋਗ ਨਾਲ ਮੈਕਸਿਕੋ ਦੇ ਕਲਾਕਾਰਾਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।ਇਸ ਮੌਕੇ ਡਾ. ਬਾਵਾ ਨੇ ਕਲਾਕਾਰਾਂ ਦੇ ਫਨ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਸੱਭਿਆਚਾਰਕ ਆਯੋਜਨਾਂ ਨਾਲ ਸਾਡਾ ਸੱਭਿਆਚਾਰ, ਸਾਡੇ ਰੀਤੀ ਰਿਵਾਜ, ਸਾਡੀ ਪਰੰਪਰਾਵਾਂ ਦੂਜੇ ਦੇਸ਼ਾਂ ਦੇ ਨਿਵਾਸੀਆਂ ਤੱਕ ਪਹੁੰਚਦੀਆਂ ਹਨ ਤੇ ਦੂਜੇ ਦੇਸ਼ਾਂ ਦੀ ਸੰਸਕ੍ਰਿਤੀ ਬਾਰੇ ਸਾਡੇ ਲੋਕਾਂ ਨੂੰ ਜਾਣਕਾਰੀ ਮਿਲਦੀ ਹੈ। ਜਿਸ ਸਦਕਾ ਆਪਸੀ ਪ੍ਰੇਮ, ਪਿਆਰ ਤੇ ਭਾਈਚਾਰਾ ਵੱਧਦਾ ਹੈ।ਸਮਾਰੋਹ ਵਿੱਚ ਡਾ. ਬੇਅੰਤ ਕੌਰ ਦੀ ਅਗਵਾਈ ਵਿੱਚ ਜੀ.ਕੇ.ਯੂ. ਦੇ ਕਲਾਕਾਰਾਂ ਨੇ ਪੰਜਾਬੀ ਲੋਕ ਨਾਚ ਗਿੱਧਾ, ਭੰਗੜਾ ਪੇਸ਼ ਕੀਤਾ।

ਇਸ ਤੋਂ ਇਲਾਵਾ ਵਿਦੇਸ਼ਾਂ ਵਿੱਚ ਹੋ ਰਹੇ ਪੰਜਾਬੀ ਨੌਜਵਾਨਾਂ ਦੇ ਪ੍ਰਵਾਸ ਤੇ ਵਿਅੰਗ ਕਰਦੀ ਸਕਿਟ ਨੇ ਤਾੜੀਆਂ ਦੇ ਨਾਲ-ਨਾਲ ਦਰਸ਼ਕਾਂ ਦੀਆਂ ਅੱਖਾਂ ਗਿੱਲੀਆਂ ਕੀਤੀਆਂ। ਪੰਜਾਬ ਦੀ ਜਵਾਨੀ ਨੂੰ ਨਸ਼ਾ ਮੁਕਤ ਕਰਨ ਲਈ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀ ਗਈ ਮਾਇਮ ਨੇ ਸਾਰਿਆਂ ਨੂੰ ਕੀਲ ਕੇ ਰੱਖ ਦਿੱਤਾ। ਕਲਾਕਾਰਾਂ ਵੱਲੋਂ ਪੇਸ਼ ਕੀਤੇ ਗਏ ਪੰਜਾਬੀ ਸੱਭਿਆਚਾਰਕ ਗੀਤ ਪ੍ਰੋਗਰਾਮ ਦਾ ਵਿਸ਼ੇਸ਼ ਆਰਕਸ਼ਣ ਰਹੇ। ਪੰਜਾਬੀ ਗਭਰੂਆਂ ਵੱਲੋਂ ਖੇਡੇ ਗਏ ਗਤਕੇ ਨੇ ਦਰਸ਼ਕਾਂ ਦੀ ਖੂਬ ਵਾਹ-ਵਾਹ ਖੱਟੀ। ਮੈਕਸਿਕੋ ਦੇ ਕਲਾਕਾਰਾਂ ਵੱਲੋਂ ਸੁਰ-ਤਾਲ ਤੇ ਰਵਾਇਤੀ ਪਹਿਰਾਵੇ ਵਿੱਚ ਪੇਸ਼ ਕੀਤੇ ਗਏ ਲੋਕ ਨਾਚ ਨੇ ਪੰਜਾਬੀ ਦਰਸ਼ਕਾਂ ਨੂੰ ਨੱਚਣ ਲਈ ਮਜ਼ਬੂਰ ਕੀਤਾ।

## ਪੰਜਾਬ ਦੇ ਮਾਣਮੱਤੇ ਇਤਿਹਾਸ ਤੇ ਸੂਬਾ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਦਰਸਾਉਂਦੀਆਂ ਝਾਕੀਆਂ ਵਿਰਾਸਤ-ਏ-ਕਾਫ਼ਲਾ ਦਾ ਬਣਨਗੀਆਂ ਸ਼ਿੰਗਾਰ : ਵਧੀਕ ਡੀ. ਸੀ.

**ਬਠਿੰਡਾ, 5 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮਾਣਮੱਤੇ ਇਤਿਹਾਸ ਤੇ ਸੂਬਾ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਦਰਸਾਉਂਦੀਆਂ ਝਾਕੀਆਂ ਜੋ ਗਣਤੰਤਰਤਾ ਦਿਵਸ ਮੌਕੇ ਦਿੱਲੀ ਵਿਖੇ ਪਰੇਡ ਦਾ ਹਿੱਸਾ ਬਣਨੀਆਂ ਸਨ, ਹੁਣ ਇਹ ਝਾਕੀਆਂ ਇੱਥੇ ਵਿਰਾਸਤੀ ਪਿੰਡ ਜੈਪਾਲਗੜ੍ਹ ਵਿਖੇ ਸੂਬਾ ਸਰਕਾਰ ਵੱਲੋਂ ਪੁਰਾਣੀ ਵਿਰਾਸਤ ਦੀ ਸਾਂਭ-ਸੰਭਾਲ ਲਈ ਕੰਮ ਕਰ ਰਹੀ ਮਾਲਵਾ ਹੈਰੀਟੇਜ਼ ਅਤੇ ਸੱਭਿਆਚਾਰਕ ਫਾਊਂਡੇਸ਼ਨ ਦੇ ਸਹਿਯੋਗ ਨਾਲ 9, 10 ਅਤੇ 11 ਫਰਵਰੀ 2024 ਨੂੰ ਕਰਵਾਏ ਜਾ ਰਹੇ ਵਿਰਾਸਤੀ ਮੇਲੇ ਦੀ ਸ਼ੁਰੂਆਤ ਮੌਕੇ ਕੱਢੇ ਜਾਣ ਵਾਲੇ ਵਿਰਾਸਤ-ਏ-ਕਾਫ਼ਲੇ ਚ ਸ਼ਾਮਲ ਹੋ ਕੇ ਇਸ ਦਾ ਸ਼ਿੰਗਾਰ ਬਣਨਗੀਆਂ। ਉਪਰੋਕਤ ਜਾਣਕਾਰੀ ਡਿਪਟੀ ਕਮਿਸ਼ਨਰ ਸ. ਜਸਪ੍ਰੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਡਾ. ਮਨਦੀਪ ਕੌਰ ਨੇ ਵਿਰਾਸਤੀ ਪਿੰਡ ਜੈਪਾਲਗੜ੍ਹ ਵਿਖੇ ਮੇਲੇ ਦੀਆਂ ਅਗਾਊਂ ਤਿਆਰੀਆਂ ਸਬੰਧੀ ਮਾਲਵਾ ਹੈਰੀਟੇਜ਼ ਅਤੇ ਸੱਭਿਆਚਾਰਕ ਫਾਊਂਡੇਸ਼ਨ ਦੇ ਅਹੁੱਦੇਦਾਰਾਂ ਅਤੇ ਅਧਿਕਾਰੀਆਂ ਨਾਲ ਕੀਤੀ ਗਈ ਬੈਠਕ ਦੀ ਪ੍ਰਧਾਨਗੀ ਕਰਦਿਆਂ ਸਾਂਝੀ ਕੀਤੀ। ਇਸ ਮੌਕੇ ਉਨ੍ਹਾਂ ਮੇਲਾ ਪ੍ਰਬੰਧਕਾਂ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੰਦਿਆਂ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਿਭਾਉਣ ਦੇ ਆਦੇਸ਼ ਵੀ ਦਿੱਤੇ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਡਾ. ਮਨਦੀਪ ਕੌਰ ਨੇ ਇਸ ਮੇਲੇ ਦੀਆਂ ਅਗਾਊਂ ਤਿਆਰੀਆਂ ਸਬੰਧੀ ਵਿਰਾਸਤੀ ਪਿੰਡ ਜੈਪਾਲਗੜ੍ਹ ਦੀ ਸਾਫ਼-ਸਫ਼ਾਈ, ਡਾਕਟਰੀ ਟੀਮਾਂ, ਪੀਣ ਵਾਲੇ ਪਾਣੀ, ਬੈਰੀਕੇਟਿੰਗ, ਨਿਰਵਿਘਨ ਬਿਜਲੀ ਸਪਲਾਈ ਤੋਂ ਇਲਾਵਾ ਟ੍ਰੈਫ਼ਿਕ ਸਬੰਧੀ ਸੁਚੱਜੇ ਪ੍ਰਬੰਧ ਕਰਨ ਲਈ ਸਬੰਧਤ ਅਧਿਕਾਰੀਆਂ ਨੂੰ ਅਗਾਊਂ ਲੋੜੀਂਦੇ ਪ੍ਰਬੰਧ ਕਰਨ ਲਈ ਵੀ ਹਦਾਇਤ ਕੀਤੀ।ਇਸ ਦੌਰਾਨ ਮਾਲਵਾ ਹੈਰੀਟੇਜ਼ ਅਤੇ ਸੱਭਿਆਚਾਰਕ ਫਾਊਂਡੇਸ਼ਨ ਦੇ ਪ੍ਰਧਾਨ ਸ. ਹਰਵਿੰਦਰ ਸਿੰਘ ਖਾਲਸਾ ਨੇ ਦੱਸਿਆ ਕਿ ਇਸ ਵਾਰ ਦਾ ਮੇਲਾ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਹੋਵੇਗਾ। ਇਸ ਮੇਲੇ ਦੀ ਸ਼ੁਰੂਆਤ 9 ਫਰਵਰੀ ਨੂੰ ਸਵੇਰੇ ਗੁਰੂਦੁਆਰਾ ਹਾਜੀ ਰਤਨ ਵਿਖੇ ਅਰਦਾਸ ਕਰਵਾਉਣ ਉਪਰੰਤ ਦਰਗਾਹ ਤੇ ਚਾਦਰ ਚੜ੍ਹਾਉਣ ਨਾਲ ਹੋਵੇਗੀ।

ਇਸ ਮੌਕੇ ਇੱਥੋਂ ਹੀ ਵਿਰਾਸਤ-ਏ-ਕਾਫ਼ਲਾ ਕੱਢਿਆ ਜਾਵੇਗਾ ਜਿਸ ਵਿੱਚ ਪੁਰਾਤਨ ਤੇ ਵਿਰਾਸਤੀ ਵਸਤਾਂ ਤੋਂ ਇਲਾਵਾ ਵੱਖ-ਵੱਖ ਰਾਜਾਂ ਦੇ ਸੱਭਿਆਚਾਰ ਨੂੰ ਦਰਸਾਉਂਦੀਆਂ ਹੋਈਆਂ ਪ੍ਰਦਰਸ਼ਨੀਆਂ ਤੋਂ ਇਲਾਵਾ ਪੰਜਾਬ ਦੇ ਮਾਣਮੱਤੇ ਇਤਿਹਾਸ ਤੇ ਸੂਬਾ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਦਰਸਾਉਂਦੀਆਂ ਝਾਕੀਆਂ ਵੀ ਸ਼ਾਮਲ ਹੋਣਗੀਆ। ਇਸ ਵਿਰਾਸਤੀ ਮੇਲੇ ਦੌਰਾਨ ਵੱਖ-ਵੱਖ ਰਾਜਾਂ ਨਾਲ ਸਬੰਧਤ ਸੱਭਿਆਚਾਰਕ ਵੰਨਗੀਆਂ, ਨਾਟਕਾਂ ਤੋਂ ਇਲਾਵਾ ਪ੍ਰਸਿੱਧ ਗਾਇਕਾਂ ਵਲੋਂ ਆਪਣੀ ਕਲਾਂ ਦਾ ਪ੍ਰਦਰਸ਼ਨ ਵੀ ਕੀਤਾ ਜਾਵੇਗਾ।

## ਪੰਜਾਬ ਕੇਂਦਰੀ ਯੂਨੀਵਰਸਿਟੀ ਵਿਖੇ ਸੀਯੂਈਟੀ (ਪੀਜੀ) - 2024 ਰਾਹੀਂ ਵੱਖ-ਵੱਖ ਪੋਸਟ ਗ੍ਰੈਜੂਏਟ ਪ੍ਰੋਗਰਾਮਾਂ ਵਿੱਚ ਦਾਖਲੇ ਲਈ ਅਰਜ਼ੀ ਜਮ੍ਹਾਂ ਕਰਨ ਦਾ ਸੁਨਹਿਰੀ ਮੌਕਾ

**ਬਠਿੰਡਾ, 5 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**



ਨੈਕ ਤੋਂ 'ਏ+' (1+) ਗ੍ਰੇਡ ਨਾਲ ਮਾਨਤਾ ਪ੍ਰਾਪਤ ਅਤੇ ਐਨਆਈਆਰਐਫ ਇੰਡੀਆ 2023 ਰੈਂਕਿੰਗ (ਯੂਨੀਵਰਸਿਟੀ ਸ਼੍ਰੇਣੀ) ਵਿੱਚ ਚੋਟੀ ਦੀਆਂ 100 ਯੂਨੀਵਰਸਿਟੀਆਂ ਵਿੱਚੋਂ ਇੱਕ ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ (ਸੀਯੂ ਪੰਜਾਬ) ਵਿਖੇ 43 ਪੋਸਟ ਗ੍ਰੈਜੂਏਟ ਡਿਗਰੀ ਪ੍ਰੋਗਰਾਮਾਂ ਵਿੱਚ ਸੰਯੁਕਤ ਯੂਨੀਵਰਸਿਟੀ ਦਾਖਲਾ ਪ੍ਰੀਖਿਆ 'ਸੀਯੂਈਟੀ (ਪੀਜੀ) - 2024' ਦੁਆਰਾ ਦਾਖਲੇ ਲਈ ਸੱਦਾ ਦਿੱਤਾ ਜਾਂਦਾ ਹੈ। ਸੀਯੂ ਪੰਜਾਬ ਦੇ ਪੋਸਟ ਗ੍ਰੈਜੂਏਟ ਪ੍ਰੋਗਰਾਮਾਂ ਵਿੱਚ ਦਾਖਲਾ ਲੈਣ ਦੇ ਚਾਹਵਾਨ ਵਿਦਿਆਰਥੀਆਂ ਕੋਲ ਅਰਜ਼ੀਆਂ ਜਮਾਂ ਕਰਾਉਣ ਦਾ ਸੁਨਹਿਰੀ ਮੌਕਾ ਹੈ ਕਿਉਂਕਿ ਸੀਯੂਈਟੀ (ਪੀਜੀ) - 2024 ਰਾਹੀਂ ਅਰਜ਼ੀਆਂ ਜਮ੍ਹਾ ਕਰਨ ਦੀ ਆਖਰੀ ਮਿਤੀ 7 ਫਰਵਰੀ, 2024 ਤੱਕ ਵਧਾ ਦਿੱਤੀ ਗਈ ਹੈ।

ਚਾਹਵਾਨ ਵਿਦਿਆਰਥੀ ਐਨਟੀਏ ਦੀ ਵੈੱਬਸਾਈਟ https://pgcuet.samarth.ac.in/ 'ਤੇ ਔਨਲਾਈਨ ਅਰਜ਼ੀ ਜਮਾਂ ਕਰ ਸਕਦੇ ਹਨ।ਇਸ ਮੌਕੇ ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਰਾਘਵੇਂਦਰ ਪ੍ਰਸਾਦ ਤਿਵਾਰੀ ਨੇ ਦੇਸ਼ ਭਰ ਦੇ ਅਤੇ ਖਾਸ ਕਰਕੇ ਪੰਜਾਬ ਰਾਜ ਦੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਸੀਯੂਈਟੀ (ਪੀ.ਜੀ.) - 2024 ਲਈ ਅਪਲਾਈ ਕਰਨ ਅਤੇ ਪੰਜਾਬ ਕੇਂਦਰੀ ਯੂਨੀਵਰਸਿਟੀ ਵਿੱਚ ਦਾਖਲਾ ਲੈ ਕੇ ਸਸਤੀਆਂ ਦਰਾਂ 'ਤੇ ਮਿਆਰੀ ਸਿੱਖਿਆ ਪ੍ਰਾਪਤ ਕਰਨ ਦੇ ਮੌਕੇ ਦਾ ਲਾਭ ਉਠਾਉਣ।ਯੂਨੀਵਰਸਿਟੀ ਆਪਣੇ ਮਿਸ਼ਨ ਨੂੰ ਸਾਕਾਰ ਕਰਨ ਲਈ 43 ਪੋਸਟ ਗ੍ਰੈਜੂਏਟ ਡਿਗਰੀ ਪ੍ਰੋਗਰਾਮਾਂ ਦੇ ਨਾਲ ਵੱਖ -ਵੱਖ ਅਕਾਦਮਿਕ ਵਿਸ਼ਿਆਂ ਤੇ ਖੇਤਰਾਂ ਵਿੱਚ ਮਿਆਰੀ ਸਿੱਖਿਆ ਪ੍ਰਦਾਨ ਕਰਦੀ ਹੈ ਜਿਸ ਵਿੱਚ ਕੰਪਿਊਟਰ ਸਾਇੰਸ ਅਤੇ ਟੈਕਨਾਲੋਜੀ; ਸਾਈਬਰ ਸਕਿਉਰਟੀ; ਗਣਿਤ; ਅੰਕੜਾ ਵਿਗਿਆਨ; ਭੌਤਿਕ ਵਿਗਿਆਨ; ਰਸਾਇਣ ਵਿਗਿਆਨ; ਅਪਲਾਈਡ ਕੈਮਿਸਟਰੀ; ਥਿਓਰੈਟੀਕਲ ਅਤੇ ਕੰਪਿਊਟੇਸ਼ਨਲ ਕੈਮਿਸਟਰੀ; ਬਾਇਓਇਨਫ਼ਾਰਮੈਟਿਕਸ; ਕੰਪਿਊਟੇਸ਼ਨਲ ਫਿਜਿਕਸ; ਬੋਟਨੀ; ਜ਼ੂਆਲੋਜੀ; ਬਾਇਓਕੈਮਿਸਟਰੀ; ਮਾਈਕਰੋਬਾਇਓਲੋਜੀ; ਜਿਓਲੋਜੀ; ਵਾਤਾਵਰਣ ਵਿਗਿਆਨ ਅਤੇ ਟੈਕਨਾਲੋਜੀ; ਫ਼ੂਡ ਸਾਇੰਸ ਅਤੇ ਟੈਕਨਾਲੋਜੀ; ਮੈਡੀਸਨਲ ਕੈਮਿਸਟਰੀ; ਮੋਲੀਕਿਊਲਰ ਮੈਡੀਸਨ; ਹਿਊਮਨ ਜੈਨੇਟਿਕਸ; ਫਾਰਮਾਸਿਊਟੀਕਲ ਕੈਮਿਸਟਰੀ; ਫਾਰਮਾਕੋਗਨੋਸੀ; ਫਾਰਮਾਕੋਲੋਜੀ; ਇਕਨਾਮਿਕਸ; ਸ਼ੋਸ਼ਿਆਲੋਜੀ; ਹਿਸਟਰੀ; ਸਾਇਕਾਲੋਜੀ; ਅੰਗਰੇਜ਼ੀ; ਹਿੰਦੀ; ਪੰਜਾਬੀ; ਪੋਲੀਟੀਕਲ ਸਾਇੰਸ; ਪੌਲੀਟਿਕਸ ਐਂਡ ਇੰਟਰਨੈਸ਼ਨਲ ਰਿਲੇਸ਼ਨਜ਼; ਐਜੂਕੇਸ਼ਨ; ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ; ਜੌਗਰਾਫ਼ੀ; ਐਗਰੀਬਿਜ਼ਨਸ; ਫ਼ਿਜ਼ੀਕਲ ਐਜੂਕੇਸ਼ਨ; ਲਾਇਬ੍ਰੇਰੀ ਅਤੇ ਇਨਫਰਮੇਸ਼ਨ ਸਾਇੰਸ; ਪਰਫਾਰਮਿੰਗ ਆਰਟਸ - ਥੀਏਟਰ; ਮਿਊਜ਼ਿਕ; ਕਾਨੂੰਨ ਅਤੇ ਵਣਜ (ਕਾਮਰਸ) ਵਿਸ਼ੇ ਸ਼ਾਮਲ ਹਨ।ਯੂਨੀਵਰਸਿਟੀ ਦੀ ਦਾਖਲਾ ਸ਼ਾਖਾ ਦੇ ਅਨੁਸਾਰ, ਸੀਯੂ ਪੰਜਾਬ ਦੁਆਰਾ ਪੇਸ਼ ਕੀਤੇ ਜਾਂਦੇ ਪੋਸਟ ਗ੍ਰੈਜੂਏਟ ਡਿਗਰੀ ਪ੍ਰੋਗਰਾਮਾਂ ਵਿੱਚ ਦਾਖਲਾ ਲੈਣ ਦੇ ਚਾਹਵਾਨ ਪੰਜਾਬ ਕੇਂਦਰੀ ਯੂਨੀਵਰਸਿਟੀ ਦੀ ਅਧਿਕਾਰਤ ਵੈੱਬਸਾਈਟ www.cup.edu.in 'ਤੇ ਵਧੇਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

## ਭਾਸ਼ਾ ਵਿਭਾਗ ਵੱਲੋਂ ਤ੍ਰੈ-ਭਾਸ਼ੀ ਕਵੀ ਦਰਬਾਰ ਦਾ ਆਯੋਜਿਤ

**ਬਠਿੰਡਾ, 5 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ, ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ ਪੰਜਾਬ ਸ. ਹਰਜੋਤ ਸਿੰਘ ਬੈਂਸ ਦੀ ਸਰਪ੍ਰਸਤੀ ਅਤੇ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਸ਼੍ਰੀਮਤੀ ਹਰਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਭਾਸ਼ਾ ਵਿਭਾਗ ਪੰਜਾਬ ਵੱਲੋਂ ਤ੍ਰੈ-ਭਾਸ਼ੀ ਕਵੀ ਦਰਬਾਰ ਸਥਾਨਕ ਸਰਕਾਰੀ ਰਜਿੰਦਰਾ ਕਾਲਜ ਦੇ ਆਡੀਟੋਰੀਅਮ ਵਿਖੇ ਆਯੋਜਿਤ ਕੀਤਾ ਗਿਆ। ਇਹ ਕਵੀ ਦਰਬਾਰ ਸਰਕਾਰੀ ਰਜਿੰਦਰਾ ਕਾਲਜ ਦੇ ਭਾਸ਼ਾ ਮੰਚ ਦੇ ਸਹਿਯੋਗ ਨਾਲ ਕਰਵਾਇਆ ਗਿਆ, ਜਿਸ ਵਿੱਚ ਪੰਜਾਬੀ, ਹਿੰਦੀ ਅਤੇ ਉਰਦੂ ਭਾਸ਼ਾ ਦੇ ਨਾਮਵਰ ਕਵੀਆਂ ਨੇ ਭਾਗ ਲਿਆ।ਮੁੱਖ ਮਹਿਮਾਨ ਵਜੋਂ ਵਧੀਕ ਡਿਪਟੀ ਕਮਿਸ਼ਨਰ ਮਿਸ ਪੂਨਮ ਸਿੰਘ ਨੇ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਸਥਾਪਤ ਸ਼ਾਇਰ ਅਤੇ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਸ਼੍ਰੀ ਦਰਸ਼ਨ ਬੁੱਟਰ ਨੇ ਕੀਤੀ। ਸਲਾਹਕਾਰ ਬੋਰਡ ਭਾਰਤੀ ਸਾਹਿਤ ਅਕਾਦਮੀ ਦਿੱਲੀ ਦੇ ਮੈਂਬਰ ਸ਼੍ਰੀ ਜਸਪਾਲ ਮਾਨਖੇੜਾ ਅਤੇ ਅਕਾਦਮਿਕ ਕੌਂਸਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਮੈਂਬਰ ਸ਼੍ਰੀ ਰਿਸ਼ੀ ਹਿਰਦੇਪਾਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ ।ਵਧੀਕ ਡਿਪਟੀ ਕਮਿਸ਼ਨਰ ਮਿਸ ਪੂਨਮ ਸਿੰਘ ਨੇ ਬੋਲਦਿਆਂ ਕਿਹਾ ਕਿ ਉਨ੍ਹਾਂ ਨੂੰ ਕਵਿਤਾ ਵਿੱਚ ਹਮੇਸ਼ਾਂ ਹੀ ਦਿਲਚਸਪੀ ਰਹੀ ਹੈ, ਕਿਉਂਕਿ ਕਵਿਤਾ ਦਾ ਸਿੱਧਾ ਸਬੰਧ ਰੂਹ ਨਾਲ ਹੁੰਦਾ ਹੈ। ਇਸ ਦੌਰਾਨ ਉਨ੍ਹਾਂ ਪਾਸ਼ ਅਤੇ ਸਾਹਿਰ ਦੀਆਂ ਕਵਿਤਾਵਾਂ ਚੋਂ ਕੁਝ ਸਤਰਾਂ ਬੋਲਦਿਆਂ ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਨੂੰ ਇਸ ਉਪਰਾਲੇ ਲਈ ਵਧਾਈ ਦਿੱਤੀ। ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਨੇ ਮੁੱਖ ਮਹਿਮਾਨ ਅਤੇ ਸਾਹਿਤ ਜਗਤ ਦੀਆਂ ਉੱਘੀਆਂ ਸ਼ਖ਼ਸੀਅਤਾਂ ਦਾ ਸੁਆਗਤ ਕਰਦਿਆਂ ਕਿਹਾ ਕਿ ਇਹਨਾਂ ਸਾਹਿਤਕ ਸਰਗਰਮੀਆਂ ਰਾਹੀਂ ਭਾਸ਼ਾ ਵਿਭਾਗ ਦਾ ਹਮੇਸ਼ਾਂ ਮਕਸਦ ਵਿਦਿਆਰਥੀਆਂ ਦੇ ਰੂ-ਬ-ਰੂ ਹੋਣਾ ਹੁੰਦਾ ਹੈ। ਉਨ੍ਹਾਂ ਅੱਗੇ ਬੋਲਦਿਆਂ ਕਿਹਾ ਕਿ ਇਹਨਾਂ ਨਾਮਵਰ ਕਵੀਆਂ ਨੂੰ ਸੁਣ ਕੇ ਵਿਦਿਆਰਥੀ ਉੱਚ ਪੱਧਰ ਦੇ ਸਾਹਿਤ ਤੋਂ ਜਾਣੂ ਹੋਣਗੇ।

ਸਮਾਗਮ ਦੀ ਪ੍ਰਧਾਨਗੀ ਕਰ ਰਹੇ ਉੱਘੇ ਕਵੀ ਦਰਸ਼ਨ ਬੁੱਟਰ ਨੇ ਭਾਸ਼ਾ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮੌਜੂਦਾ ਹਾਲਾਤ ਵਿੱਚ ਅਜਿਹੇ ਸਮਾਗਮ ਸਮੇਂ ਦੀ ਲੋੜ ਹਨ ਅਤੇ ਕਵੀਆਂ ਨੂੰ ਕਲਮਾਂ ਤਿੱਖੀਆਂ ਕਰਨ ਲਈ ਵੰਗਾਰਿਆ । ਉਨ੍ਹਾਂ ਨੇ ਆਪਣੀ ਕਵਿਤਾ ਰਾਹੀਂ ਕਵਿਤਾ ਸ਼ਬਦ ਨੂੰ ਵੱਖ-ਵੱਖ ਸੰਦਰਭ ਵਿੱਚ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕੀਤਾ। ਹਾਜ਼ਰ ਕਵੀਆਂ ਨੇ ਅਜੋਕੇ ਸਮੇਂ ਦੇ ਹਾਣ ਦੀਆਂ ਕਵਿਤਾਵਾਂ ਸੁਣਾ ਕੇ ਇੰਝ ਸਮਾਂ ਬੰਨ੍ਹਿਆ ਕਿ ਸਰੋਤੇ ਉਸ ਵਿੱਚ ਮੁਗਧ ਹੋ ਗਏ। ਮੰਚ ਸੰਚਾਲਨ ਮਨਜੀਤ ਸੂਖ਼ਮ ਨ ੇ ਕੀਤਾ ।

## ਸਕੂਲ ਦੇ 18ਵੇਂ ਸਥਾਪਨਾ ਦਿਵਸ 'ਤੇ ਸਕੂਲ ਮੈਗਜ਼ੀਨ ਪਿਨੈਕਲ ਰਿਲੀਜ਼



**ਬਰਨਾਲਾ, 5 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਜੈ ਵਾਟਿਕਾ ਪਬਲਿਕ ਸਕੂਲ ਦੇ 18ਵੇਂ ਸਥਾਪਨਾ ਦਿਵਸ ਦੇ ਸ਼ੁਭ ਮੌਕੇ ਤੇ ਸਕੂਲ ਦੇ ਚੇਅਰਮੈਨ ਸ਼੍ਰੀ ਭੂਸ਼ਣ ਬਾਂਸਲ ਜੀ ਅਤੇ ਸ਼੍ਰੀਮਤੀ ਕਮਲੇਸ਼ ਬਾਂਸਲ ਜੀ ਅਤੇ ਹੋਰ ਪਤਵੰਤੇ ਮਹਿਮਾਨਾਂ ਵੱਲੋਂ ਸਕੂਲ ਮੈਗਜ਼ੀਨ ਪਿਨੈਕਲ ਰਿਲੀਜ਼ ਕੀਤਾ ਗਿਆ। ਮੈਗਜ਼ੀਨ ਵਿੱਚ ਨਾ ਸਿਰਫ਼ ਵਿੱਦਿਅਕ ਸਗੋਂ ਬੱਚਿਆਂ ਦੁਆਰਾ ਲਿਖੀਆਂ ਕਵਿਤਾਵਾਂ, ਕਹਾਣੀਆਂ ਅਤੇ ਹੋਰ ਲਿਖਤਾਂ ਵੀ ਸ਼ਾਮਲ ਹਨ। ਇਸ ਮੌਕੇ ਤੇ ਹੋਰ ਮਹਿਮਾਨਾਂ ਵਿੱਚ ਡਾ: ਅਭਿਸ਼ੇਕ ਬਾਂਸਲ ਡਾ: ਮੇਘਾ ਬਾਂਸਲ , ਸ਼੍ਰੀ ਰੋਹਿਤ ਬਾਂਸਲ , ਸ਼੍ਰੀ ਰਮੇਸ਼ ਕੁਮਾਰ ਗੋਇਲ , ਸ਼੍ਰੀਮਤੀ ਜੋਤੀ ਗੋਇਲ , ਸ਼੍ਰੀ ਰਾਜ ਕੁਮਾਰ ਗੋਇਲ , ਸ਼੍ਰੀਮਤੀ ਜੋਤੀ ਗੋਇਲ , ਸ਼੍ਰੀ ਰਾਜ ਕੁਮਾਰ ਬਾਂਸਲ , ਸ਼੍ਰੀਮਤੀ ਰੇਖਾ ਬਾਂਸਲ , ਸ਼੍ਰੀ ਸੋਨੂੰ ਗੋਇਲ ਅਤੇ ਸ਼੍ਰੀਮਤੀ ਰੀਆ ਗੋਇਲ ਹਾਜ਼ਰ ਸਨ।

ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਰਿੰਕੀ ਚੱਕਰਵਰਤੀ ਸਿੰਘ ਅਤੇ ਬੱਚਿਆਂ ਵੱਲੋਂ ਸਾਰੇ ਮਹਿਮਾਨਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਮੁੱਖ ਮਹਿਮਾਨ ਨੇ ਮੈਗਜ਼ੀਨ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਮੈਗਜ਼ੀਨ ਇੱਕ ਅਜਿਹਾ ਸ਼ੀਸ਼ਾ ਹੈ ਜਿਸ ਰਾਹੀਂ ਮਨੁੱਖੀ ਭਾਵਨਾਵਾਂ ਅਤੇ ਜਾਣਕਾਰੀ ਦਾ ਅਦਾਨ-ਪ੍ਰਦਾਨ ਹੁੰਦਾ ਹੈ। ਬੱਚਿਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ ਹਾਜ਼ਰ ਮਹਿਮਾਨਾਂ ਨੇ ਬੱਚਿਆਂ ਦੀ ਕਲਾ ਅਤੇ ਸਕੂਲ ਮੈਗਜ਼ੀਨ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਇਸ ਨੂੰ ਤਰੱਕੀ ਦੇ ਰਾਹ ਵੱਲ ਕਦਮ ਵਧਾਉਣ ਲਈ ਮੀਲ ਪੱਥਰ ਦੱਸਿਆ।

ਸਕੂਲ ਪ੍ਰਿੰਸੀਪਲ ਸ਼੍ਰੀਮਤੀ ਰਿੰਕੀ ਚੱਕਰਵਰਤੀ ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਸਕੂਲ ਦੀ ਸਾਲਾਨਾ ਰਿਪੋਰਟ ਪੜ੍ਹ ਕੇ ਸੁਣਿਆ। ਸਕੂਲ ਦੀ ਡਾਇਰੈਕਟਰ ਸ਼੍ਰੀਮਤੀ ਵਨੀਸ਼ਾ ਬਾਂਸਲ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਸਕੂਲ ਨੂੰ ਇਸ ਮੁਕਾਮ ਤੱਕ ਪਹੁੰਚਾਉਣ ਲਈ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਕੋਆਰਡੀਨੇਟਰ ਮੀਨਾਕਸ਼ੀ ਸ਼ਰਮਾ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

## ਜਪਹਰ ਵੈਲ.ਫੇਅਰ ਸੁਸਾਇਟੀ ਨੇ ਦਰਜਨਾਂ ਲੋੜਵੰਦ ਪਰਿਵਾਰਾਂ ਨੂੰ ਵੰਡਿਆ ਰਾਸ਼ਨ



**ਸੰਗਰੂਰ, 5 ਫਰਵਰੀ-**
**ਸੁਭਾਸ਼ ਭਾਰਤੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲਵਾ ਇਲਾਕੇ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਜਪਹਰ ਵੈਲਫੇਅਰ ਸੋਸਾਇਟੀ ਵੱਲੋਂ ਤੂਰ ਪੱਤੀ ਭਵਾਨੀਗੜ੍ਹ ਵਿਖੇ ਦਰਜ਼ਨਾਂ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ। ਇਹ ਪਰਿਵਾਰ ਅਤਿਅੰਤ ਲੋੜਵੰਦ ਸਨ ਜਿਸ ਕਾਰਣ ਸੰਸਥਾ ਵੱਲੋਂ ਇਨ੍ਹਾਂ ਦੀ ਮੱਦਦ ਕਰਨ ਦੀ ਬੀੜਾ ਚੁੱਕਿਆ ਗਿਆ।

ਸੰਸਥਾ ਦੇ ਪ੍ਰਧਾਨ ਡਾ: ਗੁਨਿੰਦਰਜੀਤ ਸਿੰਘ ਜਵੰਧਾ ਜਿਹੜੇ ਪੰਜਾਬ ਇਨਫੋਟੈਕ ਦੇ ਚੇਅਰਮੈਨ ਵੀ ਹਨ, ਨੇ ਦੱਸਿਆ ਕਿ ਸਾਡੀ ਸੰਸਥਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕੰਮ ਜ਼ਿਲ੍ਹਾ ਸੰਗਰੂਰ ਵਿੱਚ ਕਰ ਰਹੀ ਹੈ। ਉਹਨਾਂ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਅਸੀਂ ਕਿਸੇ ਨਾ ਕਿਸੇ ਜਰੀਏ ਲੋੜਵੰਦ ਲੋਕਾਂ ਦੀ ਹਰ ਸੰਭਵ ਮਦਦ ਕਰਦੇ ਰਹੀਏ। ਡਾ. ਜਵੰਧਾ ਨੇ ਕਿਹਾ ਕਿ ਗਰੀਬ ਤੇ ਲੋੜਵੰਦ ਲੋਕਾਂ ਦੀ ਸੇਵਾ ਕਰਨਾ ਅਤੇ ਉਹਨਾਂ ਦੇ ਦੁੱਖ ਸੁੱਖ ਵਿੱਚ ਸਾਥ ਦੇਣਾ ਜਪਹਰ ਵੈਲਫ਼ੇਅਰ ਸੋਸਾਇਟੀ ਦਾ ਮੁੱਢਲਾ ਫਰਜ਼ ਹੈ ਇਸ ਲਈ ਸੰਸਥਾ ਵੱਲੋਂ ਇਹ ਸੇਵਾ ਆਉਣ ਵਾਲੇ ਦਿਨਾਂ ਵਿੱਚ ਵੀ ਇਸੇ ਤਰ੍ਹਾਂ ਲਗਾਤਾਰ ਜਾਰੀ ਰਹੇਗੀ ।

ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਸਮਰੱਥ ਹੋਵੇ ਤਾਂ ਉਸ ਨੂੰ ਕਮਜ਼ੋਰ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ ਕਿਉਂਕਿ ਇਨਸਾਨੀਅਤ ਦਾ ਸੱਭ ਤੋਂ ਪਹਿਲਾਂ ਫਰਜ਼ ਸਾਨੂੰ ਇਹੀ ਸਿਖਾਉਂਦਾ ਹੈ। ਉਨ੍ਹਾਂ ਦੱਸਿਆ ਕਿ ਸੰਸਥਾ ਇਸ ਤੋਂ ਪਹਿਲਾਂ ਭਵਾਨੀਗੜ੍ਹ ਇਲਾਕੇ ਦੀਆਂ ਸੈਂਕੜੇ ਔਰਤਾਂ, ਲੜਕੀਆਂ ਨੂੰ ਮੁਫ਼ਤ ਸਿਲਾਈ ਕਢਾਈ ਦੇ ਕੋਰਸ ਕਰਵਾ ਕੇ ਉਨ੍ਹਾਂ ਨੂੰ ਨਾ ਸਿਰਫ਼ ਆਪਣੇ ਪੈਰਾਂ ਉੱਤੇ ਖੜਾ ਕੀਤਾ ਬਲਕਿ ਉਨ੍ਹਾਂ ਦੇ ਧੰਦੇ ਵੀ ਸ਼ੁਰੂ ਕਰਵਾ ਰਹੀ ਹੈ । ਸੈਂਕੜੇ ਬਿਮਾਰ ਵਿਅਕਤੀਆਂ ਦਾ ਇਲਾਜ ਵੀ ਕਰਵਾਇਆ ਜਾ ਚੁੱਕਿਆ ਹੈ । ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹੋਰਨਾਂ ਲੋਕਾਂ ਦੀ ਮੱਦਦ ਕਰਦੀ ਰਹਿੰਦੀ ਹੈ ।

ਡਾ: ਜਵੰਧਾ ਨੇ ਕਿਹਾ ਕਿ ਇਹ ਸੁਸਾਇਟੀ ਉਨ੍ਹਾਂ ਨੇ ਆਪਣੇ ਮਰਹੂਮ ਪਿਤਾ ਸਵ: ਹਾਕਮ ਸਿੰਘ ਜਵੰਧਾ ਦੀ ਯਾਦ ਵਿੱਚ ਬਣਾਈ ਹੈ । ਇਸ ਸੰਸਥਾ ਦੇ ਸਾਰੇ ਮੈਂਬਰ ਸਮਾਜ ਭਲਾਈ ਦੇ ਕੰਮਾਂ ਵਿੱਚ ਪਿਛਲੇ ਸਾਲਾਂ ਤੋਂ ਲੱਗੇ ਹੋਏ ਹਨ । ਇਸ ਦੌਰਾਨ ਗੁਰਪ੍ਰੀਤ ਬਾਬਾ, ਸਰਬਜੀਤ ਧੀਮਾਨ, ਜਗਤਾਰ ਐੱਮ ਸੀ, ਗੁਰਮੀਤ ਸਿੰਘ ਆਦਿ ਹਾਜ਼ਰ ਸਨ।

## ਸ੍ਰੀ ਮਾਤਾ ਬਗਲਾਮੁਖੀ ਅਖੰਡ ਮਹਾਂਯੱਗ ਮੌਕੇ ਵਿਸ਼ਾਲ ਨਿਸ਼ਾਨ ਅਤੇ ਕਲਸ਼ ਯਾਤਰਾ ਸਜਾਈ



**ਧੂਰੀ, 5 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੀਤਾਂਬਰਾ ਮਾਤਾ ਸ੍ਰੀ ਮਾਤਾ ਬਗਲਾਮੁਖੀ ਯੱਗ ਸੰਮਤੀ ਧੂਰੀ ਵੱਲੋਂ ਸਥਾਨਕ ਸ੍ਰੀ ਸਨਾਤਨ ਧਰਮ ਸਭਾ ਆਸ਼ਰਮ ਵਿਖੇ 1 ਫ਼ਰਵਰੀ ਤੋਂ 10 ਫਰ ?ਵਰੀ ਤੱਕ ਕਰਵਾਏ ਜਾ ਰਹੇ ਸ੍ਰੀ ਮਾਤਾ ਬਗਲਾਮੁਖੀ ਅਖੰਡ ਮਹਾਂਯੱਗ ਦੀ ਸ਼ੁਰੂਆਤ ਮੌਕੇ ਅੱਜ ਵਿਸ਼ਾਲ 108 ਕਲਸ਼ ਯਾਤਰਾ ਅਤੇ 108 ਨਿਸ਼ਾਨ ਯਾਤਰਾ ਸਜਾਈ ਗਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸ਼ਹਿਰ ਨਿਵਾਸੀਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਯੱਗਵਰਤੀ ਅਚਾਰਿਆ ਅਸ਼ੋਕ ਸ਼ਾਸਤਰੀ ਦੀ ਸਰਪ੍ਰਸਤੀ ਹੇਠ ਹੋ ਰਹੇ ਇਸ ਅਖੰਡ ਮਹਾਂਯੱਗ ਵਿੱਚ 24 ਘੰਟੇ ਅਖੰਡ ਮਹਾਂਯੱਗ ਚੱਲੇਗਾ। ਉਨ੍ਹਾ ਦੱਸਿਆ ਕਿ ਸ੍ਰੀ ਮਾਤਾ ਬਗਲਾਮੁਖੀ ਜੀ ਦਾ ਇਹ ਅਖੰਡ ਯੱਗ ਸਰਬੱਤ ਦੇ ਭਲੇ ਲਈ ਕਰਵਾਇਆ ਜਾ ਰਿਹਾ ਹੈ ਅਤੇ ਇਸ ਨਾਲ ਚੁਫੇਰਿਓ ਸੁੱਖ ਸ਼ਾਂਤੀ ਮਿਲਦੀ ਹੈ ਅਤੇ ਦੁੱਖਾਂ ਦਾ ਨਿਵਾਰਣ ਹੁੰਦਾ ਹੈ। ਯੱਗਵਰਤੀ ਅਚਾਰਿਆ ਅਸ਼ੋਕ ਸ਼ਾਸਤਰੀ ਨੇ ਦੱਸਿਆ ਕਿ ਆਦੀ ਕਾਲ ਤੋਂ ਹੀ ਮੰਤਰਾਂ ਦੀ ਪ੍ਰਧਾਨਤਾ ਰਹੀ ਹੈ ਅਤੇ ਯੱਗ ਕੁੰਡ ਦੀ ਪਰੀਕਰਮਾ ਕਰਨ ਨਾਲ ਯੱਗ ਦਾ ਪੂਰਨ ਫ਼ਲ ਪ੍ਰਾਪਤ ਹੁੰਦਾ ਹੈ। ਉਨ੍ਹਾਂ ਭਗਤਾਂ ਨੂੰ ਅਪੀਲ ਕੀਤੀ ਕਿ ਇਹ ਮੌਕਾ ਬੜੇ ਹੀ ਭਾਗਿਅਸ਼ਾਲੀ ਨੂੰ ਮਿਲਦਾ ਹੈ ਅਤੇ ਇੱਕ ਮਾਲਾ ਦੀ ਅਹੂਤੀ ਯੱਗਸ਼ਾਲਾ ਵਿੱਚ ਆ ਕੇ ਜਰੂਰ ਪਾਉਣ।ਇਸ ਮੌਕੇ ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਸ਼ੁਭਮ ਸ਼ਰਮਾ, ਵਪਾਰ ਮੰਡਲ ਪੰਜਾਬ ਦੇ ਸੂਬਾ ਐਕਟਿੰਗ ਪ੍ਰਧਾਨ ਵਿਕਾਸ ਜੈਨ, ਬਾਬਾ ਸੁਮੇਰ ਚੰਦ, ਭੀਮ ਗਰਗ, ਉਦਯੋਗਪਤੀ ਸੁਨੀਲ ਕਾਂਸਲ,ਵੀਰ ਅੰਗਦ, ਭੁਪਿੰਦਰਪਾਲ ਮਿੱਠਾ, ਅੱਗਰਵਾਲ ਸਭਾ ਦੇ ਆਗੂ ਸੰਜੀਵ ਗੋਇਲ ਸੰਜੂ ਆਦਿ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਨੇ ਸ਼ਿਰਕਤ ਕੀਤੀ।

## ਬੋਰਡ ਪ੍ਰੀਖਿਆਵਾਂ ਦੀ ਤਿਆਰੀ ਕਰਦੇ ਵਿਦਿਆਰਥੀਆਂ ਲਈ ਵਰਦਾਨ ਬਣੇਗਾ 'ਮਿਸ਼ਨ ਐਕਸੀਲੈਂਸ' : ਜਤਿੰਦਰ ਜੋਰਵਾਲ



**ਸੰਗਰੂਰ, 5 ਫਰਵਰੀ-**
**ਸੁਭਾਸ਼ ਭਾਰਤੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਬੋਰਡ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ 8ਵੀਂ, 10ਵੀਂ ਤੇ 12ਵੀਂ ਦੇ ਵਿਦਿਆਰਥੀਆਂ ਦੀ ਵਿਦਿਅਕ ਕਾਰਗੁਜ਼ਾਰੀ ਵਿੱਚ ਵੱਡੇ ਸੁਧਾਰਾਂ ਨੂੰ ਯਕੀਨੀ ਬਣਾਉਣ ਵਿੱਚ 'ਮਿਸ਼ਨ ਐਕਸੀਲੈਂਸ' ਵਰਦਾਨ ਸਾਬਤ ਹੋਵੇਗਾ ਅਤੇ ਇਹ ਤਾਂ ਹੀ ਸੰਭਵ ਹੈ ਜੇਕਰ ਇਨ੍ਹਾਂ ਵਿਦਿਆਰਥੀਆਂ ਨੂੰ ਅਗਲੇ ਕੁਝ ਹਫ਼ਤਿਆਂ ਤੱਕ ਅਧਿਆਪਕ ਤੇ ਮਾਪਿਆਂ ਵੱਲੋਂ ਪੜ੍ਹਾਈ ਲਈ ਹਰ ਪੱਖੋਂ ਉਸਾਰੂ ਮਾਹੌਲ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ 'ਮਿਸ਼ਨ ਐਕਸੀਲੈਂਸ' ਨੂੰ ਸਫਲਤਾ ਦਾ ਜਾਮਾ ਪਹਿਨਾਉਣ ਲਈ ਕਾਰਜਸ਼ੀਲ ਸਿੱਖਿਆ ਵਿਭਾਗ ਦੇ ਅਧਿਕਾਰੀਆਂ, ਸਕੂਲ ਪ੍ਰਿੰਸੀਪਲਾਂ ਤੇ ਅਧਿਆਪਕਾਂ ਨਾਲ 'ਮੌਕ ਟੈਸਟਾਂ' ਵਿੱਚ ਬੱਚਿਆਂ ਦੀ ਕਾਰਗੁਜ਼ਾਰੀ ਬਾਰੇ ਸਮੀਖਿਆ ਮੀਟਿੰਗ ਦੌਰਾਨ ਕੀਤਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਨ੍ਹਾਂ ਮੌਕ ਟੈਸਟਾਂ ਦੌਰਾਨ ਵਿਦਿਆਰਥੀਆਂ ਦੀਆਂ ਵਿਸ਼ਾਵਾਰ ਖੂਬੀਆਂ ਤੇ ਕਮਜ਼ੋਰੀਆਂ ਉਭਰ ਕੇ ਸਾਹਮਣੇ ਆਈਆਂ ਹਨ

ਜਿਸ ਤੋਂ ਸੇਧ ਲੈਂਦੇ ਹੋਏ ਇਨ੍ਹਾਂ ਵਿਦਿਆਰਥੀਆਂ ਦੀ ਨਿਰੰਤਰ ਹੱਲਾਸ਼ੇਰੀ ਦੀ ਜ਼ਰੂਰਤ ਹੈ ਤਾਂ ਜੋ ਫਾਈਨਲ ਪ੍ਰੀਖਿਆਵਾਂ ਵਿੱਚ ਵਿਦਿਆਰਥੀ ਇਨ੍ਹਾਂ ਗਲਤੀਆ ਦਾ ਦੁਹਰਾਅ ਨਾ ਕਰਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਵਾਰ ਬੋਰਡ ਪ੍ਰੀਖਿਆਵਾਂ ਵਿੱਚ ਜ਼ਿਲ੍ਹਾ ਸੰਗਰੂਰ ਦੇ ਸਰਕਾਰੀ ਸਕੂਲਾਂ ਦੇ ਵੱਧ ਤੋਂ ਵੱਧ ਵਿਦਿਆਰਥੀਆਂ ਦੇ ਨਾਮ ਮੈਰਿਟ ਸੂਚੀ ਵਿੱਚ ਦਰਜ ਕਰਵਾਉਣ ਦੇ ਉਦੇਸ਼ ਨਾਲ ਆਰੰਭੇ ਇਸ ਪ੍ਰੋਜੈਕਟ ਪ੍ਰਤੀ ਆਪਣੀ ਸਮਰਪਣ ਭਾਵਨਾ ਨੂੰ ਕੁਝ ਦਿਨ ਹੋਰ ਤੇਜ਼ ਕਰਨ ਦੀ ਲੋੜ ਹੈ ਤਾਂ ਜੋ ਇਹ ਵਿਦਿਆਰਥੀ ਆਪਣੇ ਸੁਨਹਿਰੀ ਭਵਿੱਖ ਨੂੰ ਸਖ਼ਤ ਮਿਹਨਤ ਤੇ ਦ੍ਰਿੜ ਇਰਾਦੇ ਦੇ ਨਾਲ-ਨਾਲ ਅਧਿਆਪਕਾਂ ਦੀ ਸਰਵੋਤਮ ਸੇਧ ਨਾਲ ਸਾਕਾਰ ਕਰ ਸਕਣ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਬੰਧਤ ਸਕੂਲ ਅਧਿਆਪਕ ਇਨ੍ਹਾਂ ਹੋਣਹਾਰ ਬੱਚਿਆਂ ਦੇ ਮਾਪਿਆਂ ਨਾਲ ਵੀ ਨਿਰੰਤਰ ਰਾਬਤਾ ਰੱਖਣ ਤਾਂ ਜੋ ਬੋਰਡ ਪ੍ਰੀਖਿਆਵਾਂ ਦਾ ਇਹ ਵਡਮੁੱਲਾ ਸਮਾਂ ਵਿਦਿਆਰਥੀ ਬੇਲੋੜੀਆਂ ਸਮਾਜਿਕ ਤੇ ਪਰਿਵਾਰਕ ਗਤੀਵਿਧੀਆਂ ਤੋਂ ਦੂਰ ਰਹਿ ਕੇ ਪੜ੍ਹਾਈ ਕਰ ਸਕਣ। ਉਨ੍ਹਾਂ ਕਿਹਾ ਕਿ ਇਸ ਸਮੇਂ ਦੀ ਉਪਯੋਗੀ ਵਰਤੋਂ ਦੇ ਨਾਲ ਨਾਲ ਤਣਾਅ ਤੋਂ ਦੂਰ ਰੱਖਣ ਲਈ ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਰਹਿਣ, ਕੌਂਸਿਲੰਗ ਤੇ ਫੀਡਬੈਕ ਲੈਣ ਜਿਹੀਆਂ ਗਤੀਵਿਧੀਆਂ ਵੀ ਜਾਰੀ ਰੱਖੀਆਂ ਜਾਣ ਤਾਂ ਜੋ ਉਹ ਹਰੇਕ ਤਰ੍ਹਾਂ ਦੇ ਡਰ ਜਾਂ ਚਿੰਤਾ ਤੋਂ ਮੁਕਤ ਰਹਿ ਸਕਣ।

ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਮਨਾਂ ਵਿੱਚ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਮਿਹਨਤ ਤੇ ਲਗਨ ਸਾਡੇ ਲਈ ਵਿਸ਼ੇਸ਼ ਅਹਿਮੀਅਤ ਰੱਖਦੀ ਹੈ ਅਤੇ ਪ੍ਰੀਖਿਆਵਾਂ ਵਿੱਚ ਉਨ੍ਹਾਂ ਦੀ ਸਰਵੋਤਮ ਕਾਰਗੁਜ਼ਾਰੀ 'ਮਿਸ਼ਨ ਐਕਸੀਲੈਂਸ' ਦੇ ਯਤਨਾਂ 'ਤੇ ਸਫ਼ਲਤਾ ਦੀ ਮੋਹਰੀ ਲਗਾਏਗੀ।

## ਡੇਅਰੀ ਵਿਕਾਸ ਵਿਭਾਗ ਨੇ ਰਾਸ਼ਟਰੀ ਪਸ਼ੂ ਧਨ ਮਿਸ਼ਨ ਅਧੀਨ ਬਲਾਕ ਪੱਧਰੀ ਸੈਮੀਨਾਰ ਕਰਵਾਇਆ

**ਬਠਿੰਡਾ, 5 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁਡੀਆਂ,ਪਸ਼ੂ ਪਾਲਣ,ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਕੁਲਦੀਪ ਸਿੰਘ ਜੱਸੋਵਾਲ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਦੀ ਰਹਿਨੁਮਾਈ ਹੇਠ ਡੇਅਰੀ ਵਿਕਾਸ ਵਿਭਾਗ ਵੱਲੋਂ ਬਲਾਕ ਮੌੜ ਮੰਡੀ, ਜਿਲ੍ਹਾ ਬਠਿੰਡਾ ਵਿਖੇ ਨੈਸ਼ਨਲ ਲਾਈਵ ਸਟਾਕ ਸਕੀਮ ਅਧੀਨ ਬਲਾਕ ਪੱਧਰੀ ਦੁੱਧ ਉਤਪਾਦਕ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ।ਇਸ ਸੈਮੀਨਾਰ ਵਿੱਚ ਨੈਸ਼ਨਲ ਲਾਈਵ ਸਟਾਕ ਮਿਸ਼ਨ ਅਤੇ ਵਿਭਾਗੀ ਸਕੀਮਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਅਤੇ ਇਸ ਸੈਮੀਨਾਰ ਵਿੱਚ 200 ਤੋਂ ਵੱਧ ਦੁੱਧ ਉਤਪਾਦਕਾ ਨੇ ਭਾਗ ਲਿਆ ਅਤੇ ਉਹਨਾਂ ਨੂੰ ਮੁਫਤ ਟ੍ਰੈਨਿੰਗ ਕਿੱਟਾਂ ਵੀ ਵੰਡੀਆਂ ਗਈਆਂ। ਕੈਂਪ ਵਿੱਚ ਲਖਮੀਤ ਸਿੰਘ ਡੇਅਰੀ ਇੰਸਪੈਕਟਰ ਨੇ ਵਿਭਾਗ ਵਲੋਂ ਚਲਾਈਆਂ ਜਾ ਰਹੀਆਂ ਵਿਭਾਗੀ ਟ੍ਰੇਨਿੰਗਾਂ,ਕਰਜਾ ਕੇਸ ਅਤੇ ਸਬਸਿਡੀਆਂ ਬਾਰੇ ਜਾਣਕਾਰੀ ਦਿੱਤੀ।ਚਾਰਾ ਵਿਕਾਸ ਅਫਸਰ,ਰਿਟਾ ਡਾ.ਅਜਾਇਬ ਸਿੰਘ ਵੱਲੋਂ ਪਸ਼ੂਆਂ ਦੇ ਹਰੇ ਚਾਰੇ, ਸਾਈਲੇਜ ਅਤੇ ਤੂੜੀ ਨੂੰ ਸੋਧ ਕੇ ਵਰਤਣ ਸੰਬੰਧੀ ਜਾਣਕਾਰੀ ਦਿੱਤੀ ਗਈ। ਡਾ.ਰਾਕੇਸ਼ ਸ਼ਰਮਾ ਨੇ ਪਸ਼ੂਆਂ ਦੀ ਵੈਕਸੀਨੇਸ਼ਨ ਅਤੇ ਟੀਕਾਕਰਣ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।ਡਾ.ਡੇਵਿਡ ਗੋਇਲ ਵੈਟਰਨਰੀ ਅਫਸਰ ਵਲੋਂ ਪਸ਼ੂਆਂ ਦੀਆਂ ਬੀਮਾਰੀਆਂ ਅਤੇ ਇਲਾਜ ਬਾਰੇ ਜਾਣਕਾਰੀ ਦਿੱਤੀ ਗਈ।ਡਿਪਟੀ ਮੈਨੇਜਰ ਤਰਸੇਮ ਸ਼ਰਮਾ ਵੱਲੋਂ ਕਿਸਾਨਾਂ ਨੂੰ ਵਾਧੂ ਖਰਚਾ ਘਟਾ ਕੇ ਦੁੱਧ ਦੇ ਮੰਡੀਕਰਣ ਬਾਰੇ ਫਾਰਮੂਲੇ ਦੱਸੇ । ਕੈਂਪ ਦੌਰਾਨ ਹਾਜ਼ਰ ਕਰਨੈਲ ਸਿੰਘ ,ਪ੍ਰਧਾਨ ਨਗਰ ਕੌਂਸਲ ਮੌੜ ਮੰਡੀ ਵਲੋਂ ਵੀ ਲੋਕਾਂ ਨੂੰ ਵਿਦੇਸ਼ ਜਾਣ ਦੀ ਬਜਾਏ ਇੱਥੇ ਰਹਿ ਕੇ ਹੀ ਡੇਅਰੀ ਦਾ ਧੰਦਾ ਕਰਕੇ ਆਪਣਾ ਰੋਜਗਾਰ ਚਲਾਉਣ ਬਾਰੇ ਪ੍ਰੇਰਿਆ ਗਿਆ।ਅਖੀਰ ਵਿੱਚ ਡਾ ਸੰਜੀਵ ਕੁਮਾਰ ਸੀਨੀਅਰ ਵੈਟਰਨਰੀ ਅਫਸਰ ਅਤੇ ਦੇਵਰਾਜ ਡੇਅਰੀ ਵਿਕਾਸ ਇੰਸਪੈਕਟਰ ਰਿਟਾ. ਵਲੋਂ ਕੈਂਪ ਵਿੱਚ ਆਏ ਮੁੱਖ ਮਹਿਮਾਨ ਅਤੇ ਕਿਸਾਨ ਭਰਾਵਾਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਡਾ.ਸਚਿਨ ਕੰਬੋਜ,ਸੁਦੇਸ਼ ਕੁਮਾਰ, ਗੁਰਪ੍ਰੀਤ ਸਿੰਘ, ਜਸਦੇਵ ਸਿੰਘ,ਰਿੰਪਾ ਸਿੰਘ ਆਦਿ ਨੇ ਕੈਂਪ ਨੂੰ ਨੇਪਰੇ ਚਾੜਨ ਵਿੱਚ ਆਪਣਾ ਸਹਿਯੋਗ ਦਿੱਤਾ ਗਿਆ।

## ਐਮ.ਐਲ.ਜੀ ਕਾਨਵੈਂਟ ਸਕੂਲ ਵਿਖੇ ਗਰੈਂਡ ਬੇਬੀ ਸ਼ੋ ਅਤੇ ਟੈਲੰਟ ਹੰਟ 10 ਫਰਵਰੀ ਨੂੰ : ਪ੍ਰਿੰਸੀਪਲ ਡਾ.ਵਿਕਾਸ ਸੂਦ

**ਚੀਮਾਂ ਮੰਡੀ, 5 ਫਰਵਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਇਲਾਕੇ ਦੀ ਨਾਮਵਰ ਸਿੱਖਿਆ ਸੰਸਥਾ ਐਮ.ਐਲ.ਜੀ ਕਾਨਵੈਂਟ ਸਕੂਲ (ਸੀ ਬੀ ਐਸ ਸੀ ਨਵੀ ਦਿੱਲੀ ਤੋਂ ਮਾਨਤਾ ਪ੍ਰਾਪਤ) ਦੇ ਕੈਂਪਸ ਵਿੱਚ ਮਿਤੀ 10 ਫਰਵਰੀ ਦਿਨ ਸ਼ਨੀਵਾਰ ਨੂੰ ਗਰੈਂਡ ਬੇਬੀ ਸ਼ੋ ਅਤੇ ਟੈਲੰਟ ਹੰਟ ਕਰਵਾਇਆ ਜਾਣਾ ਹੈ। ਇਸ ਸੰਬੰਧੀ ਸਕੂਲ ਦੇ ਪ੍ਰਿੰਸੀਪਲ ਡਾ.ਵਿਕਾਸ ਸੂਦ ਨੇ ਦੱਸਿਆ ਕਿ ਇਸ ਸ਼ੋ ਨੂੰ ਤਿੰਨ ਕੈਟਾਗਿਰੀਆਂ ਵਿੱਚ ਰੱਖਿਆ ਗਿਆ ਜਿਸ ਵਿੱਚ 2-4, 4-7, 7-10 ਸਾਲਾ ਦੇ ਬੱਚਿਆ ਨੇ ਭਾਗ ਲੈਣਾ ਹੈ। ਇਸ ਬੇਬੀ ਸ਼ੋ ਵਿੱਚ ਬੱਚਿਆ ਤੋਂ ਅਲੱਗ ਅਲੱਗ ਤਰਾਂ ਦੇ ਸਮਾਗਮ ਜਿਵੇ ਕਿ ਡਾਂਸ ਕੰਪੀਟੀਸ਼ਨ, ਮਾਡਲਿੰਗ, ਰੈਂਪ ਵਾਕ ਵਿਦ ਮਦਰਸ, ਫੰਨ ਗੇਮਸ, ਫੈਨਸੀ ਡਰੈਸ ਕੰਪੀਟੀਸ਼ਨ, ਪੋਇਮ ਰੀਸਾਈਟੇਸ਼ਨ, ਸਟੋਰੀ ਟੈਲਿੰਗ ਕਰਵਾਏ ਜਾਣੇ ਹਨ। ਇਸ ਦੌਰਾਨ ਬੱਚਿਆ ਨੂੰ ਹੈਲਥੀ ਬੇਬੀ, ਐਕਟਿਵ ਬੇਬੀ, ਸੋਹਣਾ ਤਿਆਰ ਹੋਇਆ ਬੇਬੀ, ਸਮਾਈਲਿੰਗ ਬੇਬੀ, ਸ਼ੋਸਟੌਪਰ ਬੇਬੀ, ਬੈਸਟ ਵਾਕ ਆਦਿ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾਵੇਗਾ।

## ਜਲੰਧਰ ਨਗਰ-ਨਿਗਮ ‘ਚ ਕਮਿਸ਼ਨਰ ਦੇ ਅਹੁਦੇ ‘ਤੇ ਗੌਤਮ ਜੈਨ ਨੇ ਸੰਭਾਲਿਆ ਚਾਰਜ

ਜਲੰਧਰ 5 ਫਰਵਰੀ। ਜਲੰਧਰ ਨਗਰ-ਨਿਗਮ ਵਿਚ ਗੌਤਮ ਜੈਨ ਨੇ ਅੱਜ ਨਗਰ ਨਿਗਮ ਦਾ ਚਾਰਜ ਸੰਭਾਲ ਲਿਆ ਹੈ। ਲੁਧਿਆਣਾ ਦੇ ਏ. ਡੀ. ਸੀ. ਤੋਂ ਤਬਾਦਲਾ ਹੋਣ ਤੋਂ ਬਾਅਦ ਜਲੰਧਰ ਕਮਿਸਨਰ ਦੇ ਅਹੁਦੇ ਦਾ ਚਾਰਜ ਸੰਭਾਲਣ ਵਾਲੇ ਗੌਤਮ ਜੈਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪਹਿਲ ਸ਼ਹਿਰ ਵਿਚ ਵਿਕਾਸ ਦੇ ਕਾਰਜ ਕਰਵਾਉਣੇ ਅਤੇ ਸਫਾਈ ਵਿਵਸਥਾ ਨੂੰ ਦੁਰੱਸਤ ਰੱਖਣਾ ਹੋਵੇਗੀ। ਉਨ੍ਹਾਂ ਕਿਹਾ ਕਿ ਉਹ ਟੀਮ ਨੂੰ ਨਾਲ ਲੈ ਕੇ ਕੰਮ ਕਰਨਗੇ। ਉਨ੍ਹਾਂ ਸਹਿਰ ਵਾਸੀਆਂ ਨੂੰ ਸਹਿਯੋਗ ਦੀ ਅਪੀਲ ਵੀ ਕੀਤੀ। ਇਸ ਮੌਕੇ ਨਿਗਮ ਸਟਾਫ ਨੇ ਉਨ੍ਹਾਂ ਦਾ ਗੁਲਦਸਤਾ ਭੇਂਟ ਕਰਕੇ ਸਵਾਗਤ ਕੀਤਾ। ਇਸ ਮੌਕੇ ਉਨ੍ਹਾਂ ਸਮੂਹ ਸਟਾਫ ਨਾਲ ਮੀਟਿੰਗ ਵੀ ਕੀਤੀ . ਵਿਭਾਗਾਂ ਅਤੇ ਸਹਿਰ ਦੇ ਪ੍ਰਬੰਧਾਂ ਲਈ ਸਹਿਯੋਗ ਦੀ ਅਪੀਲ ਕੀਤੀ।

## ਬਰਖਾਸਤ ਆਈ. ਜੀ. ਪਰਮਰਾਜ ਸਿੰਘ ਉਮਰਾਨੰਗਲ ਨੂੰ ਹਾਈਕੋਰਟ ਵਲੋਂ ਬਹਾਲ ਕਰਨ ਦੇ ਹੁਕਮ

ਚੰਡੀਗੜ੍ਹ 5 ਫਰਵਰੀ। ਪੰਜਾਬ-ਹਰਿਆਣਾ ਹਾਈਕੋਰਟ ਨੇ ਆਈ. ਜੀ. ਪਰਮਰਾਜ ਸਿੰਘ ਉਮਰਾਨੰਗਲ ਨੂੰ ਬਹਾਲ ਕਰਨ ਦੇ ਹੁਕਮ ਦਿੱਤੇ ਹਨ। ਉਮਰਾਨੰਗਲ ਦੇ ਖਿ?ਲਾਫ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਕੇਸ ਦੀ ਐੱਫ. ਆਈ. ਆਰ. ਦਰਜ ਹੈ। ਜਿਸ ਕਰਕੇ ਉਨ੍ਹਾਂ ਨੂੰ ਸਸਪੈਂਡ ਕੀਤਾ ਗਿਆ ਸੀ। ਸ਼ੁੱਕਰਵਾਰ ਨੂੰ ਹਾਈਕੋਰਟ ਨੇ ਇਸ ਸੰਬੰਧ ਵਿਚ ਵੱਡਾ ਫੈਸਲਾ ਸੁਣਾਇਆ ਹੈ, ਜਿਸ ਵਿਚ ਹਾਈਕੋਰਟ ਨੇ ਸਸਪੈਂਡ ਆਰਡਰ ਰੱਦ ਕਰ ਦਿੱਤੇ ਹਨ। ਹਾਲਾਂਕਿ ਇਸ ਮਾਮਲੇ ਵਿਚ ਅਜੇ ਵਸਤ੍ਰਿਤ ਹੁਕਮ ਆਉਣੇ ਬਾਕੀ ਹਨ। ਇਥੇ ਇਹ ਵੀ ਦੱਸਣਯੋਗ ਹੈ ਕਿ 2019 ਵਿਚ ਪਰਮਰਾਜ ਸਿੰਘ ਉਮਰਾਨੰਗਲ ਨੂੰ ਕੋਟਕਪੂਰਾ ਬਹਿਬਲ ਕਲਾਂ ਗੋਲੀ ਕਾਂਡ ਦੇ ਚੱਲਦੇ ਸਸਪੈਂਡ ਕੀਤਾ ਗਿਆ ਸੀ। ਹਾਈਕੋਰਟ ਨੇ ਪਟੀਸ਼ਨ ‘ਤੇ ਸੁਣਵਾਈ ਕਰਦਿਆਂ ਪੰਜਾਬ ਸਰਕਾਰ ਨੂੰ 15 ਦਿਨਾਂ ‘ਚ ਪਰਮਰਾਜ ਉਮਰਾਨੰਗਲ ਨੂੰ ਬਹਾਲ ਕਰਨ ਦੇ ਹੁਕਮ ਜਾਰੀ ਕੀਤੇ ਹਨ। ਹੁਣ ਉਹ ਮੁੜ ਤੋਂ ਨੌਕਰੀ ਜੁਆਇਨ ਕਰ ਸਕਣਗੇ।

## ਮੀਟਰ ਖਰਾਬ ਹੋਣ ਦਾ ਡਰਾਵਾ ਦੇ ਕੇ ਰਿਸ਼ਵਤ ਮੰਗਣ ਵਾਲਾ ਮੀਟਰ ਰੀਡਰ ਵਿਜੀਲੈਂਸ ਬਿਊਰੋ ਨੇ ਕੀਤਾ ਕਾਬੂ

ਚੰਡੀਗੜ੍ਹ 5 ਫਰਵਰੀ। ਪੰਜਾਬ ਵਿਜੀਲੈਂਸ ਬਿਊਰੋ ਨੇ ਪੀ.ਐੱਸ.ਪੀ.ਸੀ.ਐੱਲ. ਸਬ-ਡਵੀਜ਼ਨ ਫਿਰੋਜ਼ਪੁਰ ਸ਼ਹਿਰ ਵਿਖੇ ਤਾਇਨਾਤ ਮੀਟਰ ਰੀਡਰ ਨਵਦੀਪ ਸਿੰਘ ਵਿਰੁੱਧ ਬਿਜਲੀ ਖਪਤਕਾਰਾਂ ਨੂੰ ਡਰਾ ਧਮਕਾ ਕੇ ਰਿਸ਼ਵਤ ਲੈਣ ਦੇ ਦੋਸ਼ ਹੇਠ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਵਿਰੁੱਧ ਇਹ ਕੇਸ ਰਘਬੀਰ ਸਿੰਘ ਵਾਸੀ ਕੀਰਤੀ ਨਗਰ, ਫਿਰੋਜ਼ਪੁਰ ਸ਼ਹਿਰ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵਿਖੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਅਧਾਰ ’ਤੇ ਦਰਜ ਕੀਤਾ ਗਿਆ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਹੈ ਕਿ ਉਕਤ ਮੀਟਰ ਰੀਡਰ ਉਸ ਦੇ ਘਰ ’ਚ ਲੱਗੇ ਬਿਜਲੀ ਮੀਟਰ ਵਿੱਚ ਖਰਾਬੀ ਹੋਣ ਦਾ ਡਰਾਵਾ ਦੇ ਕੇ ਉਸ ਤੋਂ ਰਿਸ਼ਵਤ ਦੀ ਮੰਗ ਕਰ ਰਿਹਾ ਸੀ। ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਾਇਆ ਕਿ ਉਕਤ ਦੋਸ਼ੀ ਪਹਿਲਾਂ ਵੀ ਇਸ ਸਬੰਧੀ ਉਸ ਤੋਂ ਅਤੇ ਉਸ ਦੀ ਭਰਜਾਈ ਤੋਂ ਕ੍ਰਮਵਾਰ 2,000 ਅਤੇ 5,000 ਰੁਪਏ ਰਿਸ਼ਵਤ ਲੈ ਚੁੱਕਾ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਇਸ ਸਬੰਧੀ ਪੀ.ਐੱਸ.ਪੀ.ਸੀ.ਐੱਲ. ਦੇ ਸਬੰਧਤ ਐੱਸ.ਡੀ.ਓ. ਨੂੰ ਵੀ ਵਿਸਥਾਰ ਸਹਿਤ ਸ਼ਿਕਾਇਤ ਕੀਤੀ ,ਪਰ ਉਸ ਦੀਆਂ ਸ਼ਿਕਾਇਤਾਂ ਦੇ ਨਿਵਾਰਨ ਲਈ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ। ਸ਼ਿਕਾਇਤਕਰਤਾ ਦੀ ਭਤੀਜੀ ਵੱਲੋਂ ਰਿਸ਼ਵਤ ਦੀ ਮੰਗ ਕਰ ਕਰੇ ਉਕਤ ਮੀਟਰ ਰੀਟਰ ਦੀ ਗੱਲਬਾਤ ਦੀ ਰਿਕਾਰਡਿੰਗ ਵੀ ਕੀਤੀ ਗਈ ਸੀ

# ਚੰਡੀਗੜ੍ਹ ‘ਚ ਜਨਵਰੀ ਮਹੀਨੇ ਠੰਡ ਨੇ ਤੋੜੇ ਪੁਰਾਣੇ ਸਾਰੇ ਰਿਕਾਰਡ, 17 ਸਾਲ ਬਾਅਦ ਮੀਂਹ ਵੀ ਪਿਆ ਸਭ ਤੋਂ ਘੱਟ

ਕਿਸ਼ਨ ਪਾਲ

ਚੰਡੀਗੜ੍ਹ 5 ਫਰਵਰੀ। ਚੰਡੀਗੜ੍ਹ ਦੇ ਲੋਕਾਂ ਨੂੰ ਇਸ ਤੋਂ ਪਹਿਲਾਂ ਜਨਵਰੀ ਦੇ ਮਹੀਨੇ ਵਿਚ ਇੰਨੀ ਜ਼?ਿਆਦਾ ਠੰਢ ਪਹਿਲਾਂ ਕਦੇ ਨਹੀਂ ਝੱਲਣੀ ਪਈ। ਜਨਵਰੀ ਮਹੀਨੇ ਦੌਰਾਨ ਨਾ ਸਿਰਫ਼ ਸ਼ਹਿਰ ਵਾਸੀਆਂ ਨੇ ਧੁੰਦ ਅਤੇ ਸੁੱਕੀ ਠੰਢ ਮਹਿਸੂਸ ਕੀਤੀ, ਸਗੋਂ ਮੌਸਮ ਵਿਭਾਗ ਦੀ ਰਿਕਾਰਡਸ਼ੀਟ ਵਿਚ ਵੀ ਇਸ ਸਾਲ ਦਾ ਪਹਿਲਾ ਮਹੀਨਾ ਜਨਵਰੀ ਹੁਣ ਤਕ ਦਾ ਸਭ ਤੋਂ ਠੰਢੇ ਮਹੀਨੇ ਵਜੋਂ ਦਰਜ ਕੀਤਾ ਗਿਆ ਹੈ। ਚੰਡੀਗੜ੍ਹ ਕੇਂਦਰ ਦੇ ਡਾਇਰੈਕਟਰ ਏ.ਕੇ. ਸਿੰਘ ਨੇ ਦੱਸਿਆ ਕਿ ਜਨਵਰੀ ਮਹੀਨੇ ਦੇ ਦਿਨ ਚੰਡੀਗੜ੍ਹ ਦੇ ਇਤਿਹਾਸ ਵਿਚ ਹੁਣ ਤਕ ਸਭ ਤੋਂ ਠੰਢੇ ਦਿਨਾਂ ਵਜੋਂ ਦਰਜ ਕੀਤੇ ਗਏ ਹਨ। ਉਂਝ ਤਾਂ ਜਨਵਰੀ ਵਿਚ ਦਿਨ ਦਾ ਵੱਧ ਤੋਂ ਵੱਧ ਤਾਪਮਾਨ 8 ਡਿਗਰੀ ਤਕ ਵੀ ਹੇਠਾਂ ਆਇਆ ਅਤੇ ਰਾਤ ਦਾ ਘੱਟੋ-ਘੱਟ ਤਾਪਮਾਨ 3 ਡਿਗਰੀ ਤਕ ਆਇਆ। ਮੀਂਹ ਤੋਂ ਬਿਨ੍ਹਾਂ ਸੰਘਣੀ ਧੁੰਦ ਨੇ ਸ਼ਹਿਰ ਵਿਚ ਦਿਨ ਦਾ ਵੱਧ ਤੋਂ ਵੱਧ ਤਾਪਮਾਨ ਔਸਤਨ 14.9 ਡਿਗਰੀ ਤੋਂ ਵੱਧ ਦਰਜ ਨਹੀਂ ਹੋਣ ਦਿੱਤਾ। ਇੰਨਾ ਹੀ ਨਹੀਂ, ਚੰਡੀਗੜ੍ਹ ਸ਼ਹਿਰ ਦਾ ਔਸਤ ਘੱਟੋ-ਘੱਟ ਤਾਪਮਾਨ ਵੀ 6.6 ਡਿਗਰੀ ਹੀ ਦਰਜ ਕੀਤਾ ਗਿਆ। 2011 ਤੋਂ ਪਹਿਲਾਂ ਦੇ ਏਅਰਪੋਰਟ ਦੀ ਆਬਜ਼ਰਵੇਟਰੀ ਵਿਚ ਦਰਜ ਹੋ ਰਹੇ ਰਿਕਾਰਡ ਨੂੰ ਵੀ ਵੇਖਣ ’ਤੇ ਪਤਾ ਲੱਗਾ ਹੈ ਕਿ ਚੰਡੀਗੜ੍ਹ ਵਿਚ ਜਨਵਰੀ ਮਹੀਨੇ ਦੇ ਦਿਨ ਇਸ ਤੋਂ ਪਹਿਲਾਂ ਇੰਨੇ ਠੰਡੇ ਕਦੇ ਵੀ ਦਰਜ ਨਹੀਂ ਹੋਏ। ਡਾਇਰੈਕਟਰ ਏ.ਕੇ. ਸਿੰਘ ਨੇ ਦੱਸਿਆ ਕਿ ਮੀਂਹ ਨੇ ਵੀ ਇਸ ਜਨਵਰੀ ਮਹੀਨੇ ਵਿਚ ਇਕ ਨਵਾਂ ਰਿਕਾਰਡ ਬਣਾ ਦਿੱਤਾ ਹੈ। 2007-2008 ਤੋਂ ਬਾਅਦ ਇਹ ਪਹਿਲਾ ਮੌਕਾ ਹੈ, ਜਦੋਂ ਸ਼ਹਿਰ ਵਿਚ ਜਨਵਰੀ ਮਹੀਨੇ ਸ਼ਹਿਰ ਵਿਚ ਮੀਂਹ ਹੀ ਨਹੀਂ ਪਿਆ। ਹਾਲਾਂਕਿ ਬੁੱਧਵਾਰ ਸ਼ਹਿਰ ਵਿਚ ਇਕ ਐੱਮ.ਐੱਮ. ਮੀਂਹ ਪਿਆ ਹੈ,



ਜੋ ਨਾਂਹ ਦੇ ਬਰਾਬਰ ਹੀ ਰਿਹਾ। ਸਰਦੀਆਂ ਵਿਚ ਪੈਣ ਵਾਲੇ ਮੀਂਹ ਤੋਂ ਬਾਅਦ ਮੌਸਮ ਖੁੱਲ੍ਹਣ ’ਤੇ ਵੱਧ ਤੋਂ ਵੱਧ ਅਤੇ ਘੱਟੋ-ਘੱਟ ਤਾਪਮਾਨ ਦੋਵਾਂ ਵਿਚ 15 ਜਨਵਰੀ ਤੋਂ ਬਾਅਦ ਵਾਧਾ ਦਰਜ ਹੁੰਦਾ ਹੈ। ਇਸ ਵਾਰ ਪੱਛਮੀ ਪੌਣਾਂ ਬਿਲਕੁਲ ਵੀ ਸਰਗਰਮ ਨਹੀਂ ਹੋਈਆਂ। ਇੱਥੋਂ ਤਕ ਕਿ ਜੰਮੂ-ਕਸ਼ਮੀਰ ਅਤੇ ਹਿਮਾਚਲ ਵਿਚ ਵੀ 31 ਜਨਵਰੀ ਨੂੰ ਛੱਡ ਕੇ ਪੂਰੇ ਜਨਵਰੀ ਮਹੀਨੇ ਵਿਚ ਇਕ ਵੀ ਬੂੰਦ ਮੀਂਹ ਨਹੀਂ ਪਿਆ ਅਤੇ ਬਰਫ਼ਬਾਰੀ ਨਹੀਂ ਹੋਈ। ਇਸ ਦਾ ਅਸਰ ਮੈਦਾਨੀ ਇਲਾਕਿਆਂ ਵਿਚ ਇਹ ਹੋਇਆ ਕਿ ਅਰਬ ਸਾਗਰ ਤੋਂ ਆਉਣ ਵਾਲੀ ਭਾਰੀ ਨਮੀ ਅਤੇ ਤਾਪਮਾਨ ਵਿਚ ਗਿਰਾਵਟ ਨੇ ਸ਼ਹਿਰ ਨੂੰ ਰਾਤ ਨੂੰ ਹੀ ਨਹੀਂ ਸਗੋਂ ਦਿਨ ਵੇਲੇ ਵੀ ਧੁੰਦ ਦੀ ਲਪੇਟ ਵਿਚ ਰੱਖਿਆ। ਇਸ ਕਾਰਨ ਧੁੱਪ ਨਹੀਂ ਨਿਕਲੀ ਅਤੇ ਤਾਪਮਾਨ ਨਹੀਂ ਵਧ ਸਕਿਆ। ਸ਼ਹਿਰ ਦੀ ਆਬੋਹਵਾ ਵਿਚ ਨਮੀ ਦੀ ਮਾਤਰਾ ਮੀਂਹ ਦੇ ਦਿਨਾਂ ਤੋਂ ਵੀ ਕਿਤੇ ਜ਼?ਿਆਦਾ 87 ਫੀਸਦੀ ਤਕ ਪਹੁੰਚਣ ਕਾਰਨ ਧੁੰਦ ਲਗਾਤਾਰ ਅਜੇ ਵੀ ਬਰਕਰਾਰ ਹੈ। ਚੰਡੀਗੜ੍ਹ ਸ਼ਹਿਰ ਵਿਚ ਹਰ ਸਾਲ 26 ਜਨਵਰੀ ਦੇ ਆਸ-ਪਾਸ ਮਲਟੀ ਨੈਸ਼ਨਲ ਅਤੇ ਹੋਰ ਬ੍ਰਾਂਡਾਂ ਦੇ ਸਰਦੀਆਂ ਦੇ ਕੱਪੜਿਆਂ ਦੀ ਸੇਲ ਸ਼ੁਰੂ ਹੋ ਜਾਂਦੀ ਸੀ ਕਿਉਂਕਿ 26 ਜਨਵਰੀ ਤੋਂ ਬਾਅਦ ਗਰਮ ਕੱਪੜਿਆਂ ਦੀ ਲੋੜ ਨਹੀਂ ਪੈਂਦੀ ਸੀ ਅਤੇ ਕੰਪਨੀਆਂ ਅਤੇ ਦੁਕਾਨਦਾਰ ਇਸ ਸਾਲ ਸਰਦੀਆਂ ਦੇ ਕੱਪੜਿਆਂ ਦਾ ਸਟਾਕ ਕੱਢਣ ਲਈ ਸੇਲ ਲਾ ਦਿੰਦੇ ਸਨ ਪਰ ਇਸ ਸਾਲ ਦੀ ਜਨਵਰੀ ਦੀ ਠੰਢ ਕਾਰਨ ਅਜੇ ਵੀ ਕੱਪੜਿਆਂ ਦੀ ਇਹ ਸੇਲ ਵੱਡੀਆਂ ਕੰਪਨੀਆਂ ਅਤੇ ਸ਼ੋਅਰੂਮਾਂ ਵਿਚ ਸ਼ੁਰੂ ਨਹੀਂ ਹੋਈ। ਹੁਣ ਤਕ ਸਭ ਤੋਂ ਵੱਧ ਠੰਢ ਝੱਲਣ ਤੋਂ ਬਾਅਦ ਚੰਡੀਗੜ੍ਹ ਦੇ ਲੋਕਾਂ ਨੂੰ 2007 ਅਤੇ 2008 ਤੋਂ ਬਾਅਦ ਪਹਿਲੀ ਵਾਰ ਜਨਵਰੀ ਦਾ ਮਹੀਨਾ ਇੰਨਾ ਸੁੱਕਾ ਮਹਿਸੂਸ ਹੋਇਆ। ਇਸ ਵਾਰ ਜੇਕਰ ਜਨਵਰੀ ਦੇ ਆਖਰੀ ਦਿਨ ਮਤਲਬ 31 ਜਨਵਰੀ ਨੂੰ ਇਕ ਮਿ.ਮੀ. ਮੀਂਹ ਨਾ ਪਿਆ ਹੁੰਦਾ ਤਾਂ ਇਹ ਸਾਲ ਵੀ 2008 ਅਤੇ 2008 ਤੋਂ ਬਾਅਦ ਜਨਵਰੀ ਵਿਚ ਬਿਨ੍ਹਾਂ ਮੀਂਹ ਤੋਂ ਬੀਤਣ ਵਾਲਾ ਸਾਲ ਹੁੰਦਾ। ਇਸ ਵਾਰ 31 ਜਨਵਰੀ ਨੂੰ ਇਕ ਮਿ.ਮੀ. ਮੀਂਹ ਪਿਆ ਸੀ, ਜੋ ਇਨ੍ਹਾਂ ਦੋ ਸਾਲਾਂ ਤੋਂ ਬਾਅਦ ਸਭ ਤੋਂ ਘੱਟ ਹੈ।

## ਪੰਜਾਬ ਸਕੂਲ ਸਿੱਖਿਆ ਵਿਭਾਗ ਦਾ ਵਿਦਿਆਰਥੀਆਂ ਨੂੰ ਵੱਡਾ ਝਟਕਾ

ਚੰਡੀਗੜ੍ਹ 5 ਫਰਵਰੀ। ਪੰਜਾਬ ਸਕੂਲ ਸਿੱਖਿਆ ਬੋਰਡ ਨੇ ਵਿਦਿਆਰਥੀਆਂ ਨੂੰ ਲੈ ਕੇ ਵੱਡਾ ਫੈਸਲਾ ਲਿਆ ਹੈ। ਫੈਸਲੇ ਅਨੁਸਾਰ ਜੇਕਰ ਵਿਦਿਆਰਥੀ ਪ੍ਰੀਖਿਆ ਦੇ ਅੰਕਾਂ ਤੋਂ ਸੰਤੁਸਟ ਨਹੀਂ ਹਨ ਤਾਂ ਪ੍ਰੀਖਿਆ ਦਾ ਮੁੜ ਮੁਲਾਂਕਣ () ਨਹੀਂ ਹੋਵੇਗਾ। ਬੋਰਡ ਨੇ ਇਹ ਸਹੂਲਤ 2023-24 ਤੋਂ ਬੰਦ ਕਰ ਦਿੱਤੀ ਹੈ। ਜ਼?ਿਕਰਯੋਗ ਹੈ ਕਿ ਸਿੱਖਿਆ ਬੋਰਡ ਵੱਲੋਂ ਪਹਿਲਾਂ ਤੋਂ ਹੀ ਰੀ-ਚੈਕਿੰਗ ਦੀ ਸੁਵਿਧਾ ਤਾਂ ਦਿੱਤੀ ਜਾਂਦੀ ਸੀ ਪਰ ਪੁਨਰ ਮੁਲਾਂਕਣ ਦੀ ਸਹੂਲਤ ਨਹੀਂ ਸੀ ਦਿੱਤੀ ਜਾਂਦੀ। ਯੂਨੀਵਰਸਿਟੀ ‘ਚ ਰੀਇਵੈਲੂਏਸਨ (ਪੁਨਰ ਮੁਲਾਂਕਣ) ਦੀ ਸਹੂਲਤ ਵੀ ਦਿੱਤੀ ਜਾਂਦੀ ਸੀ। ਕੋਰੋਨਾ ਕਾਲ ਤੋਂ ਪਹਿਲਾਂ ਵਿਦਿਆਰਥੀਆਂ ਨੇ ਇਹ ਮੰਗ ਜ਼ੋਰ-ਸ਼ੋਰ ਨਾਲ ਚੁੱਕੀ ਸੀ ਕਿ ਸਿੱਖਿਆ ਬੋਰਡ ਵੱਲੋਂ ਵੀ ਪੁਨਰ ਮੁਲਾਂਕਣ ਦੀ ਸਹੂਲਤ ਦਿੱਤੀ ਜਾਣੀ ਚਾਹੀਦੀ ਹੈ। ਇਸ ਸਹੂਲਤ ਦੇ ਅਨੁਸਾਰ ਜਦੋਂ ਕੋਈ ਪ੍ਰੀਖਿਆਰਥੀ ਕਿਸੇ ਵਿਸੇ ’ਚ ਫੇਲ੍ਹ ਹੋ ਜਾਂਦਾ ਹੈ ਤਾਂ ਉਹ ਸਿੱਖਿਆ ਬੋਰਡ ਨੂੰ ਨਿਰਧਾਰਿਤ ਫੀਸ ਭਰ ਕੇ ਆਪਣੇ ਪੇਪਰ ਦੀ ਦੁਬਾਰਾ ਜਾਂਚ ਕਰਵਾਉਣ ਲਈ ਕਹਿ ਸਕਦਾ ਹੈ। ਅਕਸਰ ਹੀ ਪੁਨਰ ਮੁਲਾਂਕਣ ਕਰਵਾਉਣ ਨਾਲ ਪ੍ਰੀਖਿਆਰਥੀ ਦੇ ਅੰਕ ਵੱਧ ਜਾਂਦੇ ਸਨ ਅਤੇ ਉਹ ਪਾਸ ਹੋ ਜਾਂਦਾ ਸੀ ਪਰ ਹੁਣ ਅਚਾਨਕ ਸਿੱਖਿਆ ਬੋਰਡ ਨੇ ਕੁੱਝ ਸਾਲ ਬਾਅਦ ਇਹ ਸਹੂਲਤ ਵਾਪਸ ਲੈ ਲਈ ਹੈ ਇਸ ਦਾ ਵਿਦਿਆਰਥੀਆਂ ਵੱਲੋਂ ਚੌਤਰਫਾ ਵਿਰੋਧ ਕੀਤਾ ਜਾ ਰਿਹਾ ਹੈ। ਇਸ ਸਬੰਧ ’ਚ ਸਿੱਖਿਆ ਬੋਰਡ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਿੱਖਿਆ ਬੋਰਡ ’ਚ ਰੀ-ਚੈਕਿੰਗ ਦੀ ਵਿਵਸਥਾ ਤਾਂ ਹੈ ਪਰ ਪੁਨਰ ਮੁਲਾਂਕਣ ਦੀ ਸਹੂਲਤ ਬਰਕਰਾਰ ਨਹੀਂ ਰੱਖੀ ਜਾ ਸਕਦੀ। ਹੁਣ ਜੇਕਰ ਕਿਸੇ ਪ੍ਰੀਖਿਆਰਥੀ ਦੇ ਅੰਕ ਕਿਸੇ ਵਿਸੇ ’ਚ ਘੱਟ ਆਉਣ ਤਾਂ ਉਹ ਦੁਬਾਰਾ ਸਿਰਫ ਅੰਕਾਂ ਦਾ ਜੋੜ ਕਰਨ ਲਈ ਕਹਿ ਸਕਦਾ ਹੈ। ਇਸ ਪ੍ਰਣਾਲੀ ਨੂੰ ਰੀ-ਚੈਕਿੰਗ ਕਿਹਾ ਜਾਂਦਾ ਹੈ। ਦੂਜੇ ਪਾਸੇ ਸਿੱਖਿਆ ਸਾਸਤਰੀਆਂ ਦਾ ਇਹ ਕਹਿਣਾ ਹੈ ਕਿ ਸਿੱਖਿਆ ਬੋਰਡ ਨੂੰ ਆਪਣੇ ਇਸ ਫੈਸਲੇ ’ਤੇ ਦੁਬਾਰਾ ਵਿਚਾਰ ਕਰਨਾ ਚਾਹੀਦਾ ਹੈ।

# ਵਿਜੀਲੈਂਸ ਬਿਊਰੋ ਨੇ 10,000 ਰੁਪਏ ਰਿਸ਼ਵਤ ਲੈਂਦਾ ਹੋਮਗਾਰਡ ਦਾ ਜਵਾਨ ਕੀਤਾ ਕਾਬੂ

ਏਜੰਸੀਆਂ

ਚੰਡੀਗੜ੍ਹ 5 ਫਰਵਰੀ। ਪੰਜਾਬ ਵਿਜੀਲੈਂਸ ਬਿਊਰੋ ਨੇ ਪੁਲਸ ਚੌਕੀ ਪਿੰਡ ਲਲਤੋਂ ਕਲਾਂ, ਜ਼ਿਲ੍ਹਾ ਲੁਧਿਆਣਾ ਵਿਖੇ ਤਾਇਨਾਤ ਪੰਜਾਬ ਹੋਮ ਗਾਰਡ (ਪੀ.ਐੱਚ.ਜੀ.) ਦੇ ਵਲੰਟੀਅਰ ਹਰਜਿੰਦਰ ਸਿੰਘ ਨੂੰ 10,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਅਧੀਨ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਵਿਰੁੱਧ ਇਹ ਕੇਸ ਭਾਈ ਬਾਲਾ ਕਲੋਨੀ, ਪੱਖੋਵਾਲ ਰੋਡ, ਲੁਧਿਆਣਾ ਦੀ ਰਹਿਣ ਵਾਲੀ ਮਨਦੀਪ ਕੌਰ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ‘ਤੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੀ ਜਾਂਚ ਉਪਰੰਤ ਦਰਜ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਪੁਲਸ ਚੌਕੀ ਲਲਤੋਂ ਕਲਾਂ, ਲੁਧਿਆਣਾ ਵਿਖੇ ਤਾਇਨਾਤ ਪੀ.ਐੱਚ.ਜੀ. ਵਲੰਟੀਅਰ ਹਰਜਿੰਦਰ ਸਿੰਘ ਅਤੇ ਏ.ਐੱਸ.ਆਈ. ਰਵਿੰਦਰ ਕੁਮਾਰ, ਉਸ ਦੇ ਭਰਾਵਾਂ ਵਿਰੁੱਧ ਦਰਜ ਪੁਲਸ ਕੇਸ ਵਿੱਚ ਉਸ ਦੀ ਮਦਦ ਕਰਨ ਬਦਲੇ ਉਸ ਕੋਲੋਂ 30,000 ਰੁਪਏ ਰਿਸ਼ਵਤ ਮੰਗ ਰਹੇ ਹਨ। ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਗਾਇਆ ਕਿ ਉਕਤ ਏ.ਐੱਸ.ਆਈ. ਦੀ ਤਰਫੋਂ ਮੁਲਜ਼ਮ ਪੀ.ਐੱਚ.ਜੀ. ਵਲੰਟੀਅਰ ਹਰਜਿੰਦਰ ਸਿੰਘ ਉਸ ਤੋਂ ਪਹਿਲਾਂ ਹੀ 10,000 ਰੁਪਏ ਰਿਸ਼ਵਤ ਲੈ ਚੁੱਕਾ ਹੈ ਤੇ ਹੁਣ ਬਾਕੀ ਰਹਿੰਦੇ




20,000 ਰੁਪਏ ਮੰਗ ਰਿਹਾ ਹੈ। ਸ਼ਿਕਾਇਤਕਰਤਾ ਨੇ ਸਬੂਤ ਵਜੋਂ ਉਕਤ ਪੀ.ਐੱਚ.ਜੀ. ਵਲੰਟੀਅਰ ਵੱਲੋਂ ਕੀਤੀ ਗਈ ਮੰਗ ਦੀ ਰਿਕਾਰਡਿੰਗ ਵੀ ਵਿਜੀਲੈਂਸ ਨੂੰ ਸੌਂਪ ਦਿੱਤੀ ਹੈ। ਸ਼ਿਕਾਇਤ ਮਿਲਣ ਉਪਰੰਤ ਵਿਜੀਲੈਂਸ ਰੇਂਜ ਲੁਧਿਆਣਾ ਨੇ ਸ਼ਿਕਾਇਤ ਦੀ ਪੜਤਾਲ ਕੀਤੀ ਅਤੇ ਸ਼ਿਕਾਇਤਕਰਤਾ ਵੱਲੋਂ ਲਾਏ ਗਏ ਦੋਸ਼ਾਂ ਨੂੰ ਸਹੀ ਪਾਇਆ। ਇਸ ਰਿਪੋਰਟ ਦੇ ਆਧਾਰ ’ਤੇ ਮੁਲਜ਼ਮ ਪੀ.ਐੱਚ.ਜੀ. ਵਲੰਟੀਅਰ ਹਰਜਿੰਦਰ ਸਿੰਘ ਦੇ ਖਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਅਧੀਨ ਐੱਫ.ਆਈ.ਆਰ. ਨੰਬਰ 05 ਮਿਤੀ 31.01.2024 ਤਹਿਤ ਕੇਸ ਦਰਜ ਕਰਕੇ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਦੱਸਣਯੋਗ ਹੈ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਦੌਰਾਨ ਉਪਰੋਕਤ ਏ.ਐੱਸ.ਆਈ. ਰਵਿੰਦਰ ਕੁਮਾਰ ਅਤੇ ਹੋਰ ਪੁਲਸ ਕਰਮਚਾਰੀਆਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ।

# ਝਾਰਖੰਡ ਦੇ ਸਭ ਤੋਂ ਨੌਜਵਾਨ ਹੇਮੰਤ ਸੋਰੇਨ, ਉਤਾਰ-ਚੜ੍ਹਾਅ ਭਰਿਆ ਰਿਹਾ ਸਿਆਸੀ ਸਫਰ

ਏਜੰਸੀਆਂ

ਰਾਂਚੀ 5 ਫਰਵਰੀ। ਮਹਿਜ 38 ਸਾਲ ਦੀ ਉਮਰ ‘ਚ ਸਭ ਤੋਂ ਨੌਜਵਾਨ ਮੁੱਖ ਮੰਤਰੀ ਦੇ ਰੂਪ ‘ਚ ਝਾਰਖੰਡ ਦੀ ਕਮਾਨ ਸੰਭਾਲਣ ਤੋਂ ਬਾਅਦ ਤੋਂ ਲੈ ਕੇ ਈਡੀ ਵਲੋਂ ਗ੍ਰਿਫਤਾਰੀ ਤੱਕ ਹੇਮੰਤ ਸੋਰੇਨ ਦਾ ਸਿਆਸੀ ਸਫਰ ਉਤਾਰ-ਚੜ੍ਹਾਅ ਭਰਿਆ ਰਿਹਾ। ਸੋਰੇਨ ਸਿਆਸੀ ਵਿਰਾਸਤ ਲਈ ਆਪਣੇ ਪਿਤਾ ਅਤੇ ਝਾਰਖੰਡ ਮੁਕਤੀ ਮੋਰਚਾ (ਝਾਮੁਮੋ) ਦੇ ਮੁਖੀ ਸ਼?ਿਬੂ ਸੋਰੇਨ ਦੀ ਪਹਿਲੀ ਪਸੰਦ ਨਹੀਂ ਸਨ ਪਰ 2009 ‘ਚ ਆਪਣੇ ਵੱਡੇ ਭਰਾ ਦੁਰਗਾ ਸੋਰੇਨ ਦੀ ਮੌਤ ਤੋਂ ਬਾਅਦ ਹੇਮੰਤ ਨੇ ਸਿਆਸਤ ਆਪਣੇ ਪੈਰ ਜਮਾਉਣੇ ਸ਼ੁਰੂ ਕਰ ਦਿੱਤੇ। ਈਡੀ ਵਲੋਂ ਗ੍ਰਿਫਤਾਰ ਕੀਤੇ ਜਾਣ ਮਗਰੋਂ ਸੋਰੇਨ ਨੇ ‘ਐਕਸ‘ ‘ਤੇ ਕਵੀ ਸ਼?ਿਵਮੰਗਲ ਸਿੰਘ ਸੁਮਨ ਦੀ ਕਵਿਤਾ ਦੀਆਂ ਲਾਈਨਾਂ ਪੋਸਟ ਕੀਤੀਆਂ, “ਇਹ ਇਕ ਵਿਰਾਮ ਹੈ, ਜ਼?ਿੰਦਗੀ ਇਕ ਮਹਾਨ ਸੰਘਰਸ ਹੈ। ਮੈਂ ਹਰ ਪਲ ਲੜਿਆ ਹਾਂ, ਹਰ ਪਲ ਲੜਾਂਗਾ ਪਰ ਸਮਝੌਤੇ ਦੀ ਭੀਖ ਮੈਂ ਨਹੀਂ ਲਵਾਂਗਾ। ਭਾਵੇਂ ਹਾਰ ਵਿਚ, ਭਾਵੇਂ ਜਿੱਤ ਵਿਚ; ਮੈਂ ਬਿਲਕੁਲ ਨਹੀਂ ਡਰਦਾ।“ 10 ਅਗਸਤ 1975 ਨੂੰ ਹਜਾਰੀਬਾਗ ਨੇੜੇ ਨੇਮਰਾ ਪਿੰਡ ‘ਚ ਜਨਮੇ ਹੇਮੰਤ ਨੇ ਪਟਨਾ ਦੇ ਸੈਕੰਡਰੀ ਸਕੂਲ ਤੋਂ 12ਵੀਂ ਤੱਕ ਦੀ ਪੜ੍ਹਾਈ ਕੀਤੀ ਅਤੇ ਬਾਅਦ ‘ਚ ਰਾਂਚੀ ਦੇ ਬਿਰਲਾ ਇੰਸਟੀਚਿਊਟ ਆਫ ਤਕਨਾਲੋਜੀ, ਮੇਸਰਾ ‘ਚ ਦਾਖਲਾ ਲਿਆ ਪਰ ਪੜ੍ਹਾਈ ਅੱਧ ਵਿਚਾਲੇ ਹੀ ਛੱਡ ਦਿੱਤੀ। ਹੇਮੰਤ ਬੈਡਮਿੰਟਨ, ਸਾਈਕਲਿੰਗ ਅਤੇ ਕਿਤਾਬਾਂ ਦਾ ਸੌਕੀਨ ਹਨ। ਹੇਮੰਤ ਦੀ ਪਤਨੀ ਦਾ ਨਾਮ ਕਲਪਨਾ ਹੈ ਅਤੇ ਜੋੜੇ ਦੇ ਦੋ ਬੱਚੇ ਹਨ। ਹੇਮੰਤ ਨੇ 2009 ‘ਚ ਰਾਜ ਸਭਾ ਮੈਂਬਰ ਵਜੋਂ



ਰਾਜਨੀਤੀ ‘ਚ ਪ੍ਰਵੇਸ਼ ਕੀਤਾ। ਅਗਲੇ ਸਾਲ ਉਨ੍ਹਾਂ ਨੇ ਅਰਜੁਨ ਮੁੰਡਾ ਦੀ ਅਗਵਾਈ ਵਾਲੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ‘ਚ ਉਪ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਲਈ ਸੰਸਦ ਦੇ ਉਪਰਲੇ ਸਦਨ ਤੋਂ ਅਸਤੀਫਾ ਦੇ ਦਿੱਤਾ। ਹਾਲਾਂਕਿ ਦੋ ਸਾਲ ਬਾਅਦ ਭਾਜਪਾ-ਝਾਮੁਮੋ ਸਰਕਾਰ ਡਿੱਗ ਗਈ ਅਤੇ ਸੂਬੇ ‘ਚ ਰਾਸਟਰਪਤੀ ਸਾਸਨ ਲਾਗੂ ਕਰ ਦਿੱਤਾ ਗਿਆ। ਸਾਲ 2013 ‘ਚ ਉਨ੍ਹਾਂ ਨੇ ਕਾਂਗਰਸ ਅਤੇ ਰਾਸਟਰੀ ਜਨਤਾ ਦਲ (ਆਰ. ਜੇ. ਡੀ) ਦੇ ਸਮਰਥਨ ਨਾਲ ਸਭ ਤੋਂ ਘੱਟ ਉਮਰ ਦੇ ਮੁੱਖ ਮੰਤਰੀ ਵਜੋਂ ਝਾਰਖੰਡ ਦਾ ਕਾਰਜਭਾਰ ਸੰਭਾਲਿਆ। ਮੁੱਖ ਮੰਤਰੀ ਵਜੋਂ ਉਨ੍ਹਾਂ ਦਾ ਪਹਿਲਾ ਕਾਰਜਕਾਲ ਥੋੜ੍ਹੇ ਸਮੇਂ ਲਈ ਸੀ ਕਿਉਂਕਿ ਭਾਜਪਾ ਨੇ 2014 ‘ਚ ਮੁੜ ਸੱਤਾ ਹਾਸਲ ਕੀਤੀ ਅਤੇ ਰਘੁਬਰ ਦਾਸ ਮੁੱਖ ਮੰਤਰੀ ਬਣੇ। ਫਿਰ ਹੇਮੰਤ ਵਿਰੋਧੀ ਧਿਰ ਦੇ ਨੇਤਾ ਬਣੇ। 2016 ‘ਚ ਜਦੋਂ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਛੋਟੇਨਾਗਪੁਰ ਕਿਰਾਏਦਾਰੀ ਐਕਟ ਅਤੇ ਸੰਥਾਲ ਪਰਗਨਾ ਕਿਰਾਏਦਾਰੀ ਐਕਟ ਵਿਚ ਸੋਧ ਕਰਨ ਦੀ ਕੋਸ਼?ਿਸ ਕੀਤੀ ਤਾਂ ਕਿ ਗੈਰ-ਖੇਤੀ ਮੰਤਵਾਂ ਲਈ ਆਦਿਵਾਸੀਆਂ ਦੀ ਜਮੀਨ ਨੂੰ ਲੀਜ ‘ਤੇ ਦੇਣ ਦੀ ਇਜਾਜਤ ਦਿੱਤੀ ਜਾ ਸਕੇ, ਸੋਰੇਨ ਨੇ ਇੱਕ ਵੱਡੇ ਅੰਦੋਲਨ ਦੀ ਅਗਵਾਈ ਕੀਤੀ ਅਤੇ ਤਿੰਨ ਸਾਲਾਂ ਬਾਅਦ ਉਨ੍ਹਾਂ ਨੂੰ ਸਿਆਸੀ ਲਾਭ ਮਿਲਿਆ। ਹੇਮੰਤ 2019 ‘ਚ ਆਪਣੇ ਸਹਿਯੋਗੀ ਕਾਂਗਰਸ ਅਤੇ ਆਰ. ਜੇ. ਡੀ ਦੇ ਸਮਰਥਨ ਨਾਲ ਸੱਤਾ ‘ਚ ਆਏ ਸਨ ਅਤੇ ਉਨ੍ਹਾਂ ਦੀ ਪਾਰਟੀ ਝਾਮੁਮੋ ਨੇ ਇਕੱਲੇ 81 ਮੈਂਬਰੀ ਵਿਧਾਨ ਸਭਾ ‘ਚ 30 ਸੀਟਾਂ ਜਿੱਤੀਆਂ, ਜੋ ਕਿ ਝਾਮੁਮੋ ਦਾ ਹੁਣ ਤੱਕ ਦਾ ਸਭ ਤੋਂ ਵਧੀਆ ਪ੍ਰਦਰਸਨ ਸੀ। ਸੋਰੇਨ (48) ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਕਥਿਤ ਜਮੀਨ ਧੋਖਾਧੜੀ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਹੈ।

## ਸੋਸ਼ਲ ਮੀਡੀਆ ‘ਤੇ ਦੋਸਤ ਬਣੇ 2 ਲੋਕਾਂ ਨੇ ਕੁੜੀ ਨੂੰ ਨਸ਼ੀਲਾ ਪਦਾਰਥ ਖੁਆ ਕੇ ਕੀਤਾ ਜਬਰ ਜਿਨਾਹ

ਨਵੀਂ ਦਿੱਲੀ 5 ਫਰਵਰੀ। ਸੋਸ਼ਲ ਮੀਡੀਆ ਮੰਚ ‘ਤੇ 18 ਸਾਲਾ ਇਕ ਕੁੜੀ ਦੇ ਦੋਸਤ ਰਹੇ 2 ਲੋਕਾਂ ਨੇ ਉਸ ਨੂੰ ਨਸ਼ੀਲਾ ਪਦਾਰਥ ਖੁਆ ਕੇ ਉਸ ਨਾਲ ਜਬਰ ਜ਼?ਨਾਹ ਕੀਤਾ। ਪੁਲਸ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਅੰਬੇਡਕਰ ਨਗਰ ਪੁਲਸ ਥਾਣੇ ‘ਚ ਬੁੱਧਵਾਰ ਨੂੰ ਦਰਜ ਮਾਮਲੇ ਦੇ ਆਧਾਰ ‘ਤੇ ਦੋਹਾਂ ਦੋਸ਼ੀਆਂ ਨੂੰ ਉੱਤਰ ਪ੍ਰਦੇਸ਼ ਦੇ ਮੇਰਠ ਤੋਂ ਵੀਰਵਾਰ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲਸ ਅਨੁਸਾਰ, ਕੁੜੀ ਨੇ ਆਪਣੀ ਸ਼ਿਕਾਇਤ ‘ਚ ਦੱਸਿਆ ਕਿ ਦੋਸ਼ੀਆਂ ਨੇ ਦੁਪਹਿਰ ਕਰੀਬ 1 ਵਜੇ ਉਸ ਨੂੰ ਮਦਨਗੀਰ ਦੇ ਇਕ ਚੌਰਾਹੇ ‘ਤੇ ਬੁਲਾਇਆ। ਸ਼ਿਕਾਇਤ ਦੇ ਹਵਾਲੇ ਤੋਂ ਪੁਲਸ ਨੇ ਦੱਸਿਆ ਕਿ ਕੁੜੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਉਸ ਨੂੰ ਆਪਣੇ ਸਕੂਟਰ ‘ਤੇ ਬੈਠਣ ਲਈ ਕਿਹਾ। ਉਸ ਨੇ ਇਨਕਾਰ ਕਰਨ ਕੀਤਾ ਤਾਂ ਦੋਸ਼ੀਆਂ ਨੇ ਉਸ ਨੂੰ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ, ਜਿਸ ਤੋਂ ਬਾਅਦ ਉਹ ਉਨ੍ਹਾਂ ਨਾਲ ਜਾਣ ਲਈ ਮਜਬੂਰ ਹੋ ਗਈ। ਪੁਲਸ ਅਨੁਸਾਰ ਪੀੜਤਾ ਨੂੰ ਵਿਅਕਤੀ ਮਾਲਵੀਏ ਨਗਰ ਲੈ ਗਏ, ਜਿੱਥੇ ਉਨ੍ਹਾਂ ਨੇ ਖਾਣਾ ਖਾਧਾ। ਕੁੜੀ ਨੇ ਦਾਅਵਾ ਕੀਤਾ ਕਿ ਖਾਣੇ ‘ਚ ਨਸ਼ੀਲਾ ਪਦਾਰਥ ਮਿਲਿਆ ਹੋਇਆ ਸੀ ਅਤੇ ਖਾਣੇ ਤੋਂ ਬਾਅਦ ਉਸ ਨੂੰ ਚੱਕਰ ਆਉਣ ਲੱਗੇ। ਸ਼ਿਕਾਇਤ ‘ਚ ਦੱਸਿਆ ਗਿਆ ਕਿ ਕੁੜੀ ਨੂੰ ਜਦੋਂ ਹੋਸ਼ ਆਇਆ, ਉਦੋਂ ਉਸ ਨੂੰ ਪਤਾ ਲੱਗਾ ਕਿ ਉਸ ਦਾ ਯੌਨ ਸ਼ੋਸ਼ਣ ਹੋਇਆ ਹੈ। ਪੁਲਸ ਨੇ ਦੱਸਿਆ ਕਿ 19 ਅਤੇ 21 ਸਾਲ ਦੇ ਦੋਸ਼ੀਆਂ ਨੂੰ ਭਾਰਤੀ ਦੰਡਾਵਲੀ ਦੀ ਧਾਰਾ 376-ਡੀ (ਸਮੂਹਿਕ ਜਬਰ ਜ਼?ਨਾਹ), 506 (ਅਪਰਾਧਕ ਧਮਕੀ) ਅਤੇ 34 ਦੇ ਅਧੀਨ ਮਾਮਲੇ ਦਰਜ ਕਰਨ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਹੈ।

## ਪੁਲਸ ਸਟੇਸ਼ਨ ਪੁਰਾਣਾਸਾਲਾ ਅਧੀਨ ਆਉਂਦੇ ਇਲਾਕੇ ‘ਚ ਚੋਰਾਂ ਨੇ ਇਕ ਦਰਜਨ ਤੋਂ ਵੱਧ ਘਟਨਾਵਾਂ ਨੂੰ ਦਿੱਤਾ ਅੰਜਾਮ

ਏਜੰਸੀਆਂ

ਦੀਨਾਨਗਰ 5 ਫਰਵਰੀ। ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਪੁਰਾਣਾਸਾਲਾ ਸਟੇਸਨ ਦੇ ਇਲਾਕੇ ਵਿੱਚ ਬੇਸਕ ਚੋਰੀ ਦੀਆਂ ਵਾਰਦਾਤਾਂ ਨੂੰ ਸਮੇਂ-ਸਮੇਂ ਸਿਰ ਅੰਜਾਮ ਦੇਣ ਦਾ ਸਿਲਸਿਲਾ ਲੰਬੇ ਸਮੇਂ ਤੋਂ ਚੱਲਦਾ ਆ ਰਿਹਾ ਹੈ ਜਿਸ ਕਾਰਨ ਇਲਾਕੇ ਦੇ ਲੋਕਾਂ ‘ਚ ਚੋਰਾਂ ਦੀ ਦਹਿਸਤ ਵਾਲਾ ਮਾਹੌਲ ਪਾਇਆ ਜਾ ਰਿਹਾ ਹੈ ਜਿਸ ਦੀ ਤਾਜਾ ਮਿਸਾਲ ਬੀਤੀ ਇੱਕੋ ਰਾਤ ਦੌਰਾਨ ਚੋਰਾਂ ਵੱਲੋਂ ਸਥਾਨਕ ਖੇਤਰ ਅੰਦਰ ਵੱਖੋ-ਵੱਖ ਪਿੰਡਾਂ ਵਿੱਚ ਇੱਕ ਦਰਜਨ ਤੋਂ ਵੱਧ ਚੋਰੀਆਂ ਦੀਆਂ ਵਾਰਦਾਤਾਂ ਨੂੰ ਦਿੱਤੇ ਅੰਜਾਮ ਤੋਂ ਮਿਲਦੀ ਹੈ ਜਿਸ ਤਰ੍ਹਾਂ ਕਿ ਪਿੰਡ ਨਰੈਣੀਪੁਰ, ਗੁਰੀਆ ਅਤੇ ਮੇਘੀਆਂ ਪਿੰਡਾਂ ਵਿਖੇ ਚੋਰਾਂ ਵੱਲੋਂ ਦੋ ਗੁਰਦੁਆਰਾ ਸਾਹਿਬ, ਇੱਕ ਗੋਸਵਾਮੀ ਨਾਭਾਦਾਸ ਮੰਦਿਰ ਅਤੇ 2 ਗਿਰਜਾ ਘਰਾਂ ਸਮੇਤ ਇੱਕ ਪੀਰ ਦੀ ਦਰਗਾਹ ਨੂੰ ਨਿਸਾਨਾ ਬਣਾਕੇ ਇਨਾਂ ਧਾਰਮਿਕ ਸਥਾਨਾਂ ਦੀਆਂ ਗੋਲਕਾਂ ਤੋੜੀਆਂ ਗਈਆਂ ਹਨ। ਇਸ ਤੋਂ ਇਲਾਵਾ ਪਿੰਡ ਜਗਤਪੁਰ ਖੁਰਦ ਖਾਰੀਆਂ ਵਿਖੇ ਸਥਿਤ ਕਰਿਆਨਾਂ, ਡਾਇਰੀ, ਬੂਟ ਹਾਓਸ,ਸਾਇਕਲ ਅਤੇ ਨਾਈ ਦੀ ਦੁਕਾਨ ਸਮੇਤ ਡਾਕਟਰ ਦੀ



6, ਦੁਕਾਨਾਂ ਦੇ ਸਟਰ ਤੋੜ ਦਿੱਤੇ ਗਏ ਅਤੇ ਇਸੇ ਤਰ੍ਹਾਂ ਹੀ ਪੁਰਾਣਾ ਸਾਲਾ ਬਾਜਾਰ ਅੰਦਰ ਇੱਕ ਮੈਡੀਕਲ ਸਟੋਰ ਅਤੇ ਕਾਰ ਗੈਰਜ ਸਮੇਤ ਇੱਕ ਮਨਿਆਰੀ ਦੀ ਦੁਕਾਨ ਨੂੰ ਨਿਸਾਨਾ ਬਣਾਇਆ ਗਿਆ। ਮਨਿਆਰੀ ਵਾਲੇ ਦੁਕਾਨਦਾਰ ਸੁਰਿੰਦਰ ਸਿੰਘ ਇਹ ਦੱਸਿਆ ਕਿ ਉਹਨਾਂ ਦੇ ਗੱਲੇ ਚੋਂ 10 ਹਜਾਰ ਨਗਦੀ ਸਮੇਤ ਚੋਰ ਮਨਿਆਰੀ ਦਾ ਹੋਰ ਵੀ ਸਮਾਨ ਲੈ ਕੇ ਫਰਾਰ ਹੋ ਗਏ ਹਨ। ਇਸੇ ਤਰ੍ਹਾਂ ਹੀ ਧਾਰਮਿਕ ਸਥਾਨਾਂ ਦੀਆਂ ਗੋਲਕਾਂ ਚੋਂ ਵੀ ਵੱਖ-ਵੱਖ ਨਗਦੀ ਚੋਰੀ ਕੀਤੀ ਗਈ। ਕਿਉਂਕਿ ਇਨ੍ਹਾਂ ਸਥਾਨਾਂ ਦੀਆਂ ਗੋਲਕਾਂ ਪਿੰਡਾਂ ਦੀਆਂ ਫਿਰਨੀਆਂ ਅਤੇ ਕਮਾਦ ਦੇ ਖੇਤਾਂ ਚੋਂ ਮਿਲੀਆਂ । ਜੇਕਰ ਕੁੱਲ ਮਿਲਾ ਕੇ ਨੁਕਸਾਨ ਦੀ ਗੱਲ ਕੀਤੀ ਜਾਵੇ ਤਾਂ ਦੁਕਾਨਾਂ ਤੇ ਧਾਰਮਿਕ ਸਥਾਨਾਂ ਤੋਂ ਨਗਦੀ ਦਾ ਵੱਡਾ ਨੁਕਸਾਨ ਹੋਇਆ ਹੈ ਉੱਥੇ ਹੀ ਇੱਕੋ ਰਾਤ ‘ਚ ਵਾਪਰੀਆਂ ਇਕ ਦਰਜਨ ਤੋਂ ਵੱਧ ਵਾਰਦਾਤਾਂ ਨੂੰ ਲੈ ਕੇ ਪੁਰਾਣਾਸਾਲਾ ਪੁਲਸ ਦੀ ਢਿੱਲੀ ਕਾਰਗੁਜਾਰੀ ਨੂੰ ਲੈ ਕੇ ਇਲਾਕਾ ਵਾਸੀਆਂ ਵੱਲੋਂ ਪੁਲਸ ਪ੍ਰਸਾਸਨ ਤੇ ਕਈ ਤਰ੍ਹਾਂ ਦੇ ਸਵਾਲ ਚੁੱਕੇ ਜਾ ਰਹੇ ਹਨ। ਦੂਜੇ ਪਾਸੇ ਇਨ੍ਹਾਂ ਘਟਨਾ ਸਬੰਧੀ ਪੁਲਸ ਨੂੰ ਸੂਚਿਤ ਕੀਤਾ ਗਿਆ ਹੈ

# ਨਗਰ ਨਿਗਮ ਦੇ ਨਵੇਂ ਕਮਿਸ਼ਨਰ ਗੌਤਮ ਜੈਨ ਕੰਮ ਸਮਝਣ ’ਚ ਲੱਗਣਗੇ ਕੁਝ ਦਿਨ

ਸਰਦੂਲ ਸਿੰਘ

ਜਲੰਧਰ 5 ਫਰਵਰੀ। ਪੰਜਾਬ ਸਰਕਾਰ ਨੇ ਨੌਜਵਾਨ ਆਈ. ਏ. ਐੱਸ. ਅਧਿਕਾਰੀ ਗੌਤਮ ਜੈਨ ਨੂੰ ਜਲੰਧਰ ਨਗਰ ਨਿਗਮ ਦਾ ਕਮਿਸ਼ਨਰ ਲਗਾਇਆ ਹੈ, ਜਿਨ੍ਹਾਂ ਨੇ ਹਾਲੇ ਆਪਣਾ ਅਹੁਦਾ ਗ੍ਰਹਿਣ ਨਹੀਂ ਕੀਤਾ। ਚਾਰਜ ਲੈਣ ਤੋਂ ਬਾਅਦ ਹੀ ਨਵੇਂ ਕਮਿਸ਼ਨਰ ਨੂੰ ਗੁਲਦਸਤੇ ਆਦਿ ਦੇਣ ਦਾ ਸਿਲਸਿਲਾ ਸ਼ੁਰੂ ਹੋਵੇਗਾ, ਜਿਸ ਵਿਚ ਕੁਝ ਦਿਨ ਲੱਗ ਸਕਦੇ ਹਨ। ਉਸ ਤੋਂ ਬਾਅਦ ਕਮਿਸ਼ਨਰ ਵੱਲੋਂ ਨਿਗਮ ਅਧਿਕਾਰੀਆਂ ਅਤੇ ਸਟਾਫ ਨਾਲ ਜਾਣ-ਪਛਾਣ ਸਬੰਧੀ ਬੈਠਕਾਂ ਦਾ ਦੌਰ ਚੱਲੇਗਾ ਅਤੇ ਉਸ ਤੋਂ ਬਾਅਦ ਸਾਰੇ ਵਿਭਾਗਾਂ ਦੀ ਰੀਵਿਊ ਬੈਠਕ ਹੋਵੇਗੀ। ਕਿਉਂਕਿ ਨੌਜਵਾਨ ਆਈ. ਏ. ਐੱਸ. ਗੌਤਮ ਜੈਨ ਦੀ ਲੋਕਲ ਬਾਡੀਜ ਵਿਭਾਗ ਵਿਚ ਇਹ ਪਹਿਲੀ ਪੋਸਟਿੰਗ ਹੈ, ਇਸ ਲਈ ਉਨ੍ਹਾਂ ਨੂੰ ਜਲੰਧਰ ਨਗਰ ਨਿਗਮ ਦੇ ਕੰਮਕਾਜ ਨੂੰ ਸਮਝਣ ਵਿਚ ਕੁਝ ਦਿਨ ਲੱਗ ਸਕਦੇ ਹਨ। ਜੇਕਰ ਫਰਵਰੀ ਦਾ ਮਹੀਨਾ ਇਸੇ ਕੰਮ ਵਿਚ ਬੀਤ ਗਿਆ ਤਾਂ ਦੇਸ਼ ਵਿਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਦੇ ਮੱਦੇਨਜਰ ਕੋਡ ਆਫ ਕੰਡਕਟ ਫਰਵਰੀ ਮਹੀਨੇ ਦੇ ਅਖੀਰ ਵਿਚ ਜਾਂ ਮਾਰਚ ਦੇ ਸ਼ੁਰੂ ਵਿਚ ਲੱਗ ਸਕਦਾ ਹੈ। ਇਸ ਕਾਰਨ ਹੇਠਲੇ ਅਫਸਰਾਂ ਦੇ ਤਬਾਦਲਿਆਂ ਦਾ ਦੌਰ ਸ਼ੁਰੂ ਹੋ ਚੁੱਕਾ ਹੈ। ਅਜਿਹੇ ਵਿਚ ਜਲੰਧਰ ਨਗਰ ਨਿਗਮ ਦਾ ਸਾਰਾ ਕੰਮਕਾਜ ਪ੍ਰਭਾਵਿਤ ਹੋ ਕੇ ਰਹਿ ਜਾਵੇਗਾ ਅਤੇ ਇਸ ਸਮੇਂ ਕਮਿਸ਼ਨਰ ਆਫਿਸ ਵਿਚ ਜੋ ਫਾਈਲਾਂ ਪੈਂਡਿੰਗ ਪਈਆਂ ਹੋਈਆਂ ਹਨ, ਅਜਿਹੀ ਸਥਿਤੀ ਵਿਚ ਉਨ੍ਹਾਂ ਦੇ ਨਿਪਟਾਰੇ ਦੇ ਚਾਂਸ ਘੱਟ ਹੀ ਨਜਰ ਆ ਰਹੇ ਹਨ। ਨਗਰ ਨਿਗਮ ਵਿਚ ਅੱਜ ਹਾਲਾਤ ਇਹ ਹਨ ਕਿ ਸ਼ਹਿਰ ਵਿਚ ਲੱਗੀਆਂ ਉਨ੍ਹਾਂ 10-12 ਹਜਾਰ ਸਟਰੀਟ ਲਾਈਟਾਂ ਦਾ ਕੋਈ ਵਾਲੀ-ਵਾਰਸ ਹੀ ਨਹੀਂ ਹੈ, ਜਿਨ੍ਹਾਂ ਨੂੰ ਪਿਛਲੀ ਕੰਪਨੀ ਨੇ ਲਗਾਇਆ ਜਾਂ ਉਹ ਲਾਈਟਾਂ ਕਿਸੇ ਗ੍ਰਾਂਟ ਜਾਂ ਕੰਮ ਤਹਿਤ ਲੱਗੀਆਂ। ਨਾ ਉਨ੍ਹਾਂ ਨੂੰ ਨਵੀਂ ਕੰਪਨੀ ਨੂੰ ਹੈਂਡਓਵਰ ਕੀਤਾ ਗਿਆ ਅਤੇ ਨਾ ਕੋਈ ਹੋਰ ਪ੍ਰਬੰਧ ਕੀਤਾ ਗਿਆ। ਅੱਜ ਇਨ੍ਹਾਂ ਵਿਚੋਂ ਲਗਭਗ 10 ਹਜਾਰ ਲਾਈਟਾਂ ਖਰਾਬ ਪਈਆਂ ਹਨ, ਜਿਸ ਕਾਰਨ ਸ਼ਹਿਰ ਦੇ ਕਈ ਹਿੱਸਿਆਂ ਵਿਚ ਹਨੇਰਾ ਛਾਇਆ ਹੋਇਆ ਹੈ। ਸਮਾਰਟ ਸਿਟੀ ਦੇ ਕਰੋੜਾਂ ਰੁਪਿਆਂ ਨਾਲ ਕਾਂਗਰਸ ਸਰਕਾਰ ਨੇ ਜੋ ਨਵੀਆਂ ਐੱਲ. ਈ. ਡੀ. ਲਾਈਟਾਂ ਲਗਵਾਈਆਂ ਸਨ, ਉਹ ਪ੍ਰਾਜੈਕਟ ਵੀ ਗੜਬੜੀ ਦਾ ਸ਼ਿਕਾਰ ਹੋ ਕੇ ਰਹਿ ਗਿਆ ਹੈ। ਅੱਜ ਸਮਾਰਟ ਸਿਟੀ ਵੱਲੋਂ ਉਨ੍ਹਾਂ ਲਾਈਟਾਂ ਦੇ ਸੰਚਾਲਨ ਦੀ ਪੇਮੈਂਟ ਕੰਪਨੀ ਨੂੰ ਨਹੀਂ ਕੀਤੀ ਜਾ ਰਹੀ, ਜਿਸ ਕਾਰਨ ਕੰਪਨੀ ਕਰਮਚਾਰੀ ਲਾਈਟਾਂ ਨੂੰ ਮੇਨਟੇਨ ਕਰਨ ਦਾ ਕੰਮ ਨਹੀਂ ਕਰ ਰਹੇ। ਪਿਛਲੇ ਲੰਮੇ ਸਮੇਂ ਤੋਂ ਇਹ ਸ਼ਹਿਰ ਟੁੱਟੀਆਂ ਸੜਕਾਂ ਅਤੇ ਕੂੜੇ ਦੀ ਗੰਭੀਰ ਸਮੱਸਿਆ ਦੇ ਨਾਲ-




ਨਾਲ ਬੰਦ ਸੀਵਰੇਜ ਦੇ ਦ੍ਰਿਸ਼ਾਂ ਨੂੰ ਵੀ ਝੱਲ ਰਿਹਾ ਹੈ। ਹੁਣ ਤਾਂ ਜਲੰਧਰ ਸ਼ਹਿਰ ਦਾ ਸੀਵਰੇਜ ਸਿਸਟਮ ਲਗਾਤਾਰ ਵਿਗੜਦਾ ਚਲਿਆ ਜਾ ਰਿਹਾ ਹੈ ਅਤੇ ਇਸ ਸਮੇਂ ਸਰਕਾਰੀ ਅਫਸਰਾਂ ਦੇ ਹੱਥੋਂ ਆਊਟ ਆਫ ਕੰਟਰੋਲ ਹੋ ਚੁੱਕਾ ਹੈ। ਇਸ ਸਮੇਂ ਸ਼ਹਿਰ ਦੀਆਂ ਦਰਜਨਾਂ ਪਾਸ਼ ਕਾਲੋਨੀਆਂ ਵਿਚ ਜਿਸ ਤਰ੍ਹਾਂ ਸੀਵਰੇਜ ਦੀ ਸਮੱਸਿਆ ਆ ਰਹੀ ਹੈ, ਉਸ ਨਾਲ ‘ਆਪ’ ਨੇਤਾ ਵੀ ਬੇਹੱਦ ਪ੍ਰੇਸ਼ਾਨ ਹਨ। ਨਿਗਮਾਂ ਵਚ ਸ਼ਿਕਾਇਤਾਂ ਦੇ ਜੋ ਅੰਬਾਰ ਲੱਗੇ ਹੋਏ ਹਨ, ਉਨ੍ਹਾਂ ਵਿਚੋਂ ਸੀਵਰੇਜ ਨਾਲ ਸਬੰਧਤ ਸ਼ਿਕਾਇਤਾਂ ਸਭ ਤੋਂ ਜ਼?ਿਆਦਾ ਹਨ। ਸਮਾਰਟ ਸਿਟੀ ਫੰਡ ਨਾਲ ਜਲੰਧਰ ਨਿਗਮ ਨੇ ਵਰਿਆਣਾ ਡੰਪ ਵਿਚ ਪਏ ਪੁਰਾਣੇ ਕੂੜੇ ਨੂੰ ਖਤਮ ਕਰਨ ਲਈ ਬਾਇਓ-ਮਾਈਨਿੰਗ ਪਲਾਂਟ ਦੇ ਟੈਂਡਰ ਲਗਾਏ, ਚੇਨਈ ਦੀ ਕੰਪਨੀ ਨੂੰ ਵਰਕ ਆਰਡਰ ਵੀ ਅਲਾਟ ਹੋਇਆ ਪਰ ਕੰਪਨੀ ਕੰਮ ਛੱਡ ਕੇ ਚਲੀ ਗਈ। ਇਸ ਪਲਾਂਟ ਨੂੰ ਲੈ ਕੇ ਵੀ ਕਈ ਤਰ੍ਹਾਂ ਦੇ ਖਦਸ਼ੇ ਪਨਪ ਰਹੇ ਹਨ ਅਤੇ ਕਿਹਾ ਜਾ ਰਿਹਾ ਹੈ ਕਿ ਪਤਾ ਨਹੀਂ ਕਿਸ ਸਰਕਾਰ ਦੇ ਕਾਰਜਕਾਲ ਵਿਚ ਇਹ ਪ੍ਰਾਜੈਕਟ ਸ਼ੁਰੂ ਹੋਵੇਗਾ। ਬਰਲਟਨ ਪਾਰਕ ਸਪੋਰਟਸ ਹੱਬ ਪ੍ਰਾਜੈਕਟ ਦਾ ਉਦਘਾਟਨ ਪਿਛਲੀ ਕਾਂਗਰਸ ਸਰਕਾਰ ਦੌਰਾਨ ਹੋ ਗਿਆ ਸੀ ਅਤੇ ਉਦੋਂ ਇਸ ਪ੍ਰਾਜੈਕਟ ’ਤੇ ਥੋੜ੍ਹਾ ਬਹੁਤ ਕੰਮ ਵੀ ਸ਼ੁਰੂ ਹੋ ਗਿਆ ਸੀ। ਇਹ ਪ੍ਰਾਜੈਕਟ ਲੰਮੇ ਸਮੇਂ ਤਕ ਠੱਪ ਪਿਆ ਰਿਹਾ। ‘ਆਪ’ ਸਰਕਾਰ ਦੇ ਕਾਰਜਕਾਲ ਵਿਚ ਵੀ ਅਫਸਰਾਂ ਨੇ ਪ੍ਰਾਜੈਕਟ ਦੀ ਡਰਾਇੰਗ ਤਕ ਨੂੰ ਫਾਈਨਲ ਨਹੀਂ ਕੀਤਾ। ਇਹੀ ਕਾਰਨ ਰਿਹਾ ਕਿ ਸਬੰਧਤ ਕੰਪਨੀ ਨੇ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਪ੍ਰਾਜੈਕਟ ਦੇ ਠੱਪ ਹੋ ਜਾਣ ਕਾਰਨ ਆਮ ਲੋਕ ਖਾਸ ਕਰ ਖੇਡ ਪ੍ਰੇਮੀ ਬਹੁਤ ਨਿਰਾਸ਼ ਹੋਏ। ਜਲੰਧਰ ਨਿਗਮ ਵਿਚ ਪਿਛਲੇ ਲੰਮੇ ਸਮੇਂ ਤੋਂ ਇਸ਼ਤਿਹਾਰ ਮਾਫੀਆ ਕਾਫੀ ਹਾਵੀ ਸੀ, ਜਿਸਨੇ ਨਾਜਾਇਜ ਇਸ਼ਤਿਹਾਰ ਲਗਾਉਣ ਦੀ ਆੜ ਵਿਚ ਨਿਗਮ ਦੇ ਸਿਸਟਮ ਨੂੰ ਵਿਗਾੜ ਕੇ ਰੱਖਿਆ ਹੋਇਆ ਸੀ। ਇਸ਼ਤਿਹਾਰ ਮਾਫੀਆ ਨਾਲ ਜੁੜੇ ਲੋਕ ਨਾ ਸਿਰਫ ਆਪਸ ਵਿਚ ਪੂਲ ਕਰ ਲੈਂਦੇ ਸਨ, ਸਗੋਂ ਉਨ੍ਹਾਂ ਦੀ ਹਰ ਸੰਭਵ ਕੋਸ਼ਿਸ਼ ਹੁੰਦੀ ਸੀ ਕਿ ਨਿਗਮ ਵੱਲੋਂ ਸਾਰੇ ਸ਼ਹਿਰ ਦੇ ਲਗਾਏ ਗਏ ਇਸ਼ਤਿਹਾਰਾਂ ਦੇ ਟੈਂਡਰ ਸਿਰੇ ਨਾ ਚੜ੍ਹਨ। ਇਹੀ ਕਾਰਨ ਰਿਹਾ ਕਿ ਨਿਗਮ ਨੇ ਲਗਭਗ 15 ਵਾਰ ਇਸ਼ਤਿਹਾਰਾਂ ਨੂੰ ਅਲਾਟ ਕਰਨ ਲਈ ਟੈਂਡਰ ਲਗਾਏ ਪਰ ਕਈ ਸਾਲ ਉਹ ਟੈਂਡਰ ਸਿਰੇ ਹੀ ਨਹੀਂ ਚੜ੍ਹੇ। ਹੁਣ ਵੀ ਇਸ ਸਬੰਧੀ ਫਾਈਲ ਪੈਂਡਿੰਗ ਪਈ ਹੋਈ ਹੈ।